

ਧੰਨਵਾਦ

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)


ਲਾਹੌਰ ਬੁੱਕ ਸ਼ਾਪ

ਲੁਧਿਆਣਾ

ISBN-978-81-7647-246-3

ਖਾਲਸੇ ਦੇ ਪੰਜ ਤਖਤ

ਖਾਲਸੇ ਦੇ ਪੰਜ ਤਖਤ



ਤਤਕਰਾ

ਸ਼੍ਰੋਮਣੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਰਹੀ ਪਿਆਰੀ ਸਾਧ ਸੰਗਤ ਜੀਉ!

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਸਾਧ ਸੰਗਤ ਜੀ! ਅਸਾਂ ਅੱਜ ਪੰਜਾਂ ਤਖ਼ਤ ਸਾਹਿਬਾਨ ਬਾਰੇ ਵਿਚਾਰ ਕਰਨੀ ਹੈ। ਸਭ ਤੋਂ ਪਹਿਲਾਂ ਅਸੀਂ ਸ਼੍ਰੋਮਣੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗੱਲ ਕਰਾਂਗੇ।

ਤਖ਼ਤ ਦੇ ਅੱਖਰੀ ਅਰਥ ਹਨ ਸਿੰਘਾਸਣ, ਜਿਸ ਉਪਰ ਬਾਦਸ਼ਾਹ, ਰਾਜੇ ਮਹਾਰਾਜੇ ਬੈਠਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਜਿਸ ਤਖ਼ਤ ਦੀ ਸਾਜਨਾ ਕੀਤੀ, ਉਸ ਦਾ ਨਾਮ ਨਾ ਤਾਂ ਆਪਣੇ ਨਾਮ 'ਤੇ ਰੱਖਿਆ, ਨਾ ਗੁਰੂ ਨਾਨਕ ਸਾਹਿਬ ਜੀ ਦੇ ਨਾਮ 'ਤੇ, ਨਾ ਉਹਨਾਂ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦੇ ਨਾਮ 'ਤੇ ਰੱਖਿਆ।

ਅਕਾਲ ਦੇ ਦੋ ਅਰਥ ਕੀਤੇ ਜਾਂਦੇ ਹਨ। ਇਕ ਅਕਾਲ ਦਾ ਅਰਥ ਹੈ ਅਕਾਲ ਪੁਰਖ ਵਾਹਿਗੁਰੂ। ਵਾਹਿਗੁਰੂ ਦਾ ਆਪਣਾ ਤਖ਼ਤ। ਦੂਜਾ ਅਕਾਲ ਸ਼ਬਦ ਜਦੋਂ ਅਸੀਂ ਵਰਤਦੇ ਹਾਂ ਤਾਂ ਇਸ ਦੇ ਅਗੇਤਰ 'ਅ' ਹੈ ਅਕਾਲ। ਇਸ ਦਾ ਅਰਥ ਹੈ ਜਿਸ ਉਪਰ ਕਾਲ ਦਾ, ਸਮੇਂ ਦਾ ਕਦੀ ਕੋਈ ਪ੍ਰਭਾਵ ਨਹੀਂ।

ਅਸਲ ਵਿੱਚ ਅਕਾਲ ਤਖ਼ਤ ਸਾਹਿਬ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦੀ ਉਪਜ ਹੈ। ਗੁਰੂ ਅਰਜਨ ਦੇਵ ਜੀ ਜਦੋਂ ਸ਼ਹੀਦ ਹੋਏ ਹਨ ਤਾਂ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ ਗਈ ਸੀ। ਇਸ ਦਾ ਮਤਲਬ ਹੈ ਕਿ ਇਸ ਉਪਰ ਕਾਲ ਦਾ ਕੋਈ ਪ੍ਰਭਾਵ ਨਹੀਂ, ਇਹ ਤਖ਼ਤ ਪ੍ਰਮੇਸ਼ਰ ਅਕਾਲ ਪੁਰਖ ਦਾ ਤਖ਼ਤ ਹੈ। ਬਾਕੀ ਜਿਤਨੇ ਵੀ ਤਖ਼ਤ ਸਾਹਿਬ ਹਨ, ਉਹ ਸਮੇਂ ਦੀ ਲਪੇਟ ਵਿੱਚ ਆਏ। ਤਖ਼ਤ 'ਤੇ ਬੈਠਣ ਵਾਲਾ ਕੋਈ ਰਾਜਾ ਸੀ, ਕੋਈ ਬਾਦਸ਼ਾਹ ਸੀ, ਕੋਈ ਚੌਧਰੀ ਸੀ, ਸਮੇਂ ਦੇ ਨਾਲ ਉਸ ਤਖ਼ਤ 'ਤੇ ਬੈਠਣ ਵਾਲੇ ਨੂੰ ਕਾਲ ਨੇ ਆਪਣਾ ਗ੍ਰਾਸ ਕਰ ਲਿਆ। ਤਖ਼ਤ ਵੀ ਖ਼ਤਮ ਹੋ ਗਏ। ਸਾਹਿਬ ਨੇ ਅਕਾਲ ਸ਼ਬਦ ਤਾਂ ਚੁਣਿਆ ਕਿ ਭਾਵੇਂ ਆਪਣੇ ਸਰੀਰਕ ਜਾਮੇ ਨੂੰ ਸੰਕੋਚ ਲੈਣਾ ਹੈ ਪਰ ਜੇਕਰ ਉਸ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਸਦੀਵੀ ਰਹਿਣਾ ਹੈ ਤਾਂ ਸੱਚ

ਜਾਣੇ, ਤਾਂ ਉਸ ਦੇ ਤਖ਼ਤ ਨੇ ਵੀ ਸਦੀਵੀ ਕਾਇਮ ਰਹਿਣਾ ਹੈ।

ਬਾਬਾ ਫ਼ਰੀਦ ਵਰਗੇ ਮਹਾਂਪੁਰਸ਼ ਨੂੰ ਪੜ੍ਹੋ। ਉਹਨਾਂ ਨੇ ਅੰਮ੍ਰਿਤ ਬਾਣੀ ਵਿੱਚ ਇਕ ਬਾਦਸ਼ਾਹ ਦਾ ਜ਼ਿਕਰ ਕੀਤਾ ਹੈ। ਕਹਿੰਦੇ ਹਨ ਕਿ ਇਕ ਬਾਦਸ਼ਾਹ ਦੀ ਏਨੀ ਚਮਕ ਦਮਕ ਹੈ ਕਿ ਜਦੋਂ ਉਹ ਆਪਣੇ ਮਹਿਲਾਂ 'ਚੋਂ ਬਾਹਰ ਨਿਕਲਦਾ ਹੈ ਤਾਂ ਸਭ ਤੋਂ ਪਹਿਲਾਂ ਨਗਾਰੇ ਵੱਜਦੇ ਹਨ। ਨਗਾਰਿਆਂ ਦੀ ਚੋਟ ਨਾਲ ਬਾਦਸ਼ਾਹ ਦੀ ਸਵਾਰੀ ਬਾਹਰ ਨਿਕਲਦੀ ਹੈ। ਫਿਰ ਕਈ ਤਰ੍ਹਾਂ ਦੇ ਵਾਜੇ ਵੱਜਦੇ ਹਨ। ਜਦੋਂ ਉਹ ਆਪਣੇ ਤਖ਼ਤ 'ਤੇ ਬੈਠਦਾ ਹੈ ਤਾਂ ਉਸ ਦੇ ਸਿਰ 'ਤੇ ਸੋਨੇ ਦਾ ਛੱਤਰ ਝੁਲਦਾ ਹੈ। ਕਈ ਕਵੀ ਖੜੇ ਹੋ ਕੇ ਬਾਦਸ਼ਾਹ ਦੀ ਸਿਫ਼ਤ ਵਿੱਚ ਕਵਿਤਾਵਾਂ ਪੜ੍ਹਦੇ ਹਨ। ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਸੱਚ ਜਾਣਨਾ, ਇਸ ਲਈ ਨਗਾਰੇ, ਕਵਿਤਾਵਾਂ, ਇਸ ਦੀ ਆਵਾਜ਼ ਓਨੀ ਦੇਰ ਤੱਕ ਹੈ ਜਿੰਨੀ ਦੇਰ ਤੱਕ ਇਸ ਰਾਜੇ ਦੇ ਸਰੀਰ ਵਿੱਚ ਜਾਨ ਹੈ। ਜਿਸ ਦਿਨ ਇਸ ਦੇ ਸੁਆਸ ਪੂਰੇ ਹੋ ਗਏ ਤਾਂ ਬਾਦਸ਼ਾਹ ਵੀ ਉਹੀ ਸੀ, ਨਗਾਰੇ ਵੀ ਪਏ ਸਨ, ਪਰ ਨਗਾਰੇ ਵਜਾਉਂਦਾ ਕੋਈ ਵੀ ਨਹੀਂ। ਦੇਖੋ ਵਾਜੇ ਵਜਾਉਣ ਵਾਲੇ ਹਨ, ਪਰ ਵਾਜੇ ਹੁਣ ਵਜ ਨਹੀਂ ਰਹੇ।

ਬਾਬਾ ਫ਼ਰੀਦ ਸਾਹਿਬ ਕਹਿੰਦੇ ਹਨ ਕਿ ਛੱਤਰ ਹੈ, ਪਰ ਜਿਸ ਦਿਨ ਉਸ ਦੀ ਅਰਥੀ, ਉਸ ਦਾ ਜਨਾਜ਼ਾ ਲੈ ਕੇ ਤੁਰੇ ਹਨ ਤੇ ਜਦੋਂ ਉਸ ਨੂੰ ਸ਼ਮਸ਼ਾਨ ਭੂਮੀ ਵਿੱਚ ਲੈ ਕੇ ਗਏ ਤਾਂ ਤਖ਼ਤਾਂ 'ਤੇ ਬੈਠਣ ਵਾਲਾ, ਛੱਤਰਾਂ ਦੇ ਥੱਲੇ ਰਹਿਣ ਵਾਲਾ, ਜਿਸ ਦੇ ਅੱਗੇ ਪਿੱਛੇ ਵਾਜੇ ਵੱਜਦੇ ਸਨ, ਅੱਜ ਸ਼ਮਸ਼ਾਨ ਭੂਮੀ ਵਿੱਚ ਇਸ ਤਰ੍ਹਾਂ ਇਕੱਲਿਆਂ ਨੂੰ ਛੱਡ ਆਏ ਹਨ ਜਿਵੇਂ ਕਿਸੇ ਯਤੀਮ ਨੂੰ ਕੋਈ ਆਪਣੇ ਘਰੋਂ ਬਾਹਰ ਕੱਢ ਦਿੰਦਾ ਹੈ। ਸਾਹਿਬ ਨੇ ਸ਼ਬਦ ਵਰਤੇ :

> ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
> ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥ (ਅੰਗ ੧੩੮੦)

ਤਖ਼ਤਾਂ 'ਤੇ ਬੈਠਣ ਵਾਲੇ ਤਖ਼ਤਾਂ ਸਮੇਤ ਯਤੀਮ ਬਣ ਗਏ। ਉਨ੍ਹਾਂ ਨੇ ਇਕ ਹੋਰ ਬਚਨ ਕਿਹਾ। ਕਹਿੰਦੇ ਹਨ ਕਿ ਜਦੋਂ ਕੋਈ ਸਿੰਘਾਸਣ 'ਤੇ ਬੈਠਦਾ ਹੈ ਤੇ ਉਸ ਦੇ ਲਈ ਹਰ ਸਮੇਂ ਕੀਮਤੀ ਬਸਤਰ ਤਿਆਰ ਹਨ ਪਰ ਜਦੋਂ ਕਬਰ ਵਿੱਚ ਜਾ ਕੇ ਜ਼ਮੀਨ 'ਤੇ ਲਿਟਾ ਦਿੱਤਾ ਤਾਂ ਉਸ ਦੇ ਸਿਰਹਾਣੇ ਕੋਈ ਗੱਦਾ ਨਹੀਂ, ਕੇਵਲ ਇਕ ਪੱਕੀ ਇੱਟ ਰੱਖ ਦਿੱਤੀ ਤੇ ਉਸ ਦੇ ਉਪਰ ਮਿੱਟੀ ਪਾ ਦਿੱਤੀ। ਜ਼ਮੀਨ ਵਿੱਚੋਂ ਕੀੜੇ ਨਿਕਲੇ ਤੇ ਇਸ ਦਾ ਮਾਸ ਨੋਚ ਨੋਚ ਕੇ ਖਾਣ ਲੱਗੇ। ਬਾਬਾ ਜੀ ਕਹਿੰਦੇ ਹਨ ਕਿ ਦੁਨੀਆਂ ਦੇ ਤਖ਼ਤਾਂ ਦੀ ਵਾਹਵਾ ਕਰਨ ਵਾਲਿਆਂ ਨੇ

ਤਖ਼ਤ 'ਤੇ ਬੈਠ ਕੇ ਹਕੂਮਤ ਕੀਤੀ ਪਰ ਤਖ਼ਤਾਂ ਨੂੰ ਮਾਣਨ ਵਾਲਿਆ! ਅੱਜ ਤੇਰੇ ਮਾਸ ਨੂੰ ਕੀੜੇ ਨੋਚ ਨੋਚ ਕੇ ਖਾ ਰਹੇ ਹਨ। ਜਿਸ ਤਰ੍ਹਾਂ ਤੈਨੂੰ ਘਰ ਦੇ ਪਾ ਗਏ ਹਨ, ਤੂੰ ਉਧਰ ਹੀ ਪਿਆ ਹੈਂ। ਤੇਰੇ ਵਿੱਚ ਏਨਾ ਵੀ ਦਮ ਨਹੀਂ ਕਿ ਤੂੰ ਇਸ ਕਬਰ ਵਿੱਚ ਪਾਸਾ ਪਲਟ ਸਕੇਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਦੋਂ ਅਸੀਂ ਪਹਿਲਾ ਸ਼ਬਦ ਪੜ੍ਹਦੇ ਹਾਂ ਤਾਂ ਉਸ ਦੀਆਂ ਅਖ਼ੀਰਲੀਆਂ ਤੁੱਕਾਂ ਕਦੀ ਪੜ੍ਹਿਉ। ਹਜ਼ੂਰ ਕਹਿੰਦੇ ਹਨ, ਹੇ ਮੇਰੇ ਪਾਤਿਸ਼ਾਹ! ਤੂੰ ਰਾਜ ਗੱਦੀ ਦੇਈਂ, ਤੂੰ ਕ੍ਰਿਪਾ ਕਰੀਂ ਕਿ ਮੇਰੇ ਕੋਲ ਫ਼ੌਜਾਂ ਹੋਣ, ਤਖ਼ਤ ਉਪਰ ਮੈਂ ਆਪਣੇ ਪੈਰ ਰੱਖ ਕੇ ਬੈਠਾਂ, ਪਰ ਮੇਰੇ ਦਾਤਿਆ! ਜੇਕਰ ਏਨਾ ਕੁੱਝ ਹੁੰਦਿਆਂ ਮੈਨੂੰ ਤੇਰੀ ਯਾਦ ਭੁੱਲ ਜਾਂਦੀ ਹੈ ਤਾਂ ਮੈਂ ਇਸ ਰਾਜ ਨੂੰ ਪ੍ਰਵਾਨ ਨਹੀਂ ਕਰਦਾ। ਅਸੀਂ ਸ਼ਬਦ ਪੜ੍ਹਦੇ ਹਾਂ :

> ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
> ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
> ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ (ਅੰਗ ੧੪)

ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਕਿਵੇਂ ਹੋਂਦ ਵਿੱਚ ਆਇਆ ? ਇਤਿਹਾਸ ਨੂੰ ਅਸੀਂ ਪੜ੍ਹਦੇ ਹਾਂ ਤਾਂ ਜਦੋਂ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਅਤੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਕਾਰ ਸੇਵਾ ਕਰਵਾਈ ਤਾਂ ਇਥੋਂ ਮਿੱਟੀ ਪੁੱਟ ਕੇ ਜਿਥੇ ਕੋਠਾ ਸਾਹਿਬ ਹੈ, ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਹੈ, ਇਥੇ ਮਿੱਟੀ ਇਕੱਠੀ ਕਰਕੇ ਹਜ਼ੂਰ ਨੇ ਇਕ ਚਬੂਤਰਾ ਬਣਵਾਇਆ। ਧੰਨ ਗੁਰੂ ਰਾਮਦਾਸ ਜੀ ਵੀ ਉਥੇ ਬੈਠਦੇ ਸਨ। ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਨੇ ਆਪਣੇ ਸਮੇਂ ਇਕ ਕ੍ਰਿਪਾਲਤਾ ਕੀਤੀ ਕਿ ਉਸ ਉੱਚੀ ਥਾਂ 'ਤੇ ਇਕ ਕੱਚੀ ਕੋਠੜੀ ਬਣਵਾ ਦਿੱਤੀ। ਸਿੱਖਾਂ ਨੇ ਭਾਵਨਾ ਨਾਲ ਉਸ ਕੋਠੜੀ ਲਈ ਸ਼ਬਦ ਵਰਤੇ–ਕੋਠਾ ਸਾਹਿਬ।

ਧੰਨ ਗੁਰੂ ਅਰਜਨ ਦੇਵ ਜੀ ਨੇ ਸੇਵਾ ਕਰਾਂਦਿਆਂ ਹਮੇਸ਼ਾਂ ਉਸ ਕੋਠੜੀ ਵਿੱਚ ਦੁਪਹਿਰੇ ਵਿਸ਼ਰਾਮ ਕਰਨਾ। ਕਈ ਵਾਰੀ ਰਾਤ ਨੂੰ ਵੀ ਉਸ ਕੋਠੜੀ ਵਿੱਚ ਆਪਣਾ ਆਸਣ ਲਾਉਣਾ। ਧੰਨ ਗੁਰੂ ਅਰਜਨ ਦੇਵ ਜੀ ਦੀ ਜਦੋਂ ਸ਼ਹਾਦਤ ਹੋਈ ਹੈ ਤਾਂ ਉਸ ਅਕਾਲ ਤਖ਼ਤ ਵਾਲੀ ਥਾਂ 'ਤੇ ਚਾਰ ਸਮਾਗਮ ਹੋਏ। ਪਹਿਲਾ, ਜਦੋਂ ਗੁਰੂ ਅਰਜਨ ਦੇਵ ਜੀ ਸ਼ਹਾਦਤ ਦੇਣ ਲਈ ਚਲੇ ਹਨ ਤਾਂ ਗੁਰਤਾ ਗੱਦੀ ਦੀ ਰਸਮ ਵੀ ਇਥੇ ਕੀਤੀ ਗਈ। ਬਾਬਾ ਬੁੱਢਾ ਜੀ ਨੇ ਤੇ ਧੰਨ ਗੁਰੂ ਅਰਜਨ

ਦੇਵ ਜੀ ਨੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ 'ਤੇ ਨਮਸਕਾਰ ਕੀਤੀ ਤੇ ਗੁਰਿਆਈ ਦਾ ਤਿਲਕ ਲਾਇਆ ਗਿਆ ਬਾਬਾ ਬੁੱਢਾ ਜੀ ਵਲੋਂ। ਦੂਸਰਾ, ਧੰਨ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਦੀ ਧਰਤੀ 'ਤੇ ਸ਼ਹਾਦਤ ਦਾ ਜਾਮ ਪੀਤਾ ਤਾਂ ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਇਸੇ ਕੋਠਾ ਸਾਹਿਬ ਦੇ ਅਸਥਾਨ ਉਪਰ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਦੇ ਨਿਮਤ ਪਾਠ ਦਾ ਭੋਗ ਪਾਇਆ ਤੇ ਬਾਬਾ ਬੁੱਢਾ ਜੀ ਨੇ ਦਸਤਾਰਬੰਦੀ ਦੀ ਰਸਮ ਵੀ ਉੱਥੇ ਹੀ ਕੀਤੀ।

ਧੰਨ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਬਦ ਵਰਤਿਆ। ਕਹਿਣ ਲੱਗੇ :

ਇਕ ਤੋ ਲੇਂ ਮੀਰੰਗ ਕੀ ਮੀਰੀ।
ਦੂਸਰ ਲੇਂ ਪੀਰੰਗ ਕੀ ਪੀਰੀ।
ਮੀਰੀ ਪੀਰੀ ਦੋਨੋਂ ਧਰੈ ਬਚੇ ਸ਼ਰਨ।

ਕਹਿਣ ਲੱਗੇ ਕਿ ਜਿਹੜਾ ਮੀਰੀ ਪੀਰੀ ਦੀ ਸ਼ਰਨ ਵਿੱਚ ਆਵੇਗਾ, ਉਸ ਦਾ ਹੀ ਬਚਾਅ ਹੈ, ਹੋਰ ਕਿਸੇ ਦਾ ਨਹੀਂ। ਪਹਿਲਾਂ ਉਥੇ ਗੁਰਗੱਦੀ ਦੀ ਰਸਮ ਕੀਤੀ ਗਈ ਤੇ ਤੀਸਰਾ ਹਜ਼ੂਰ ਨੇ ਆਪਣੇ ਪਿਤਾ ਜੀ ਦੀ ਸ਼ਹਾਦਤ ਤੋਂ ਬਾਅਦ ਪ੍ਰਣ ਕੀਤਾ ਕਿ ਹੁਣ ਤੇਗ਼ 'ਤੇ ਹੱਥ ਪਾਉਣਾ ਅਤੀ ਜ਼ਰੂਰੀ ਹੈ। ਅਸੀਂ ਇਹ ਕਦੀ ਨਾ ਕਹੀਏ ਕਿ ਗੁਰੂ ਮੀਰੀ ਤੇ ਪੀਰੀ ਦੇ ਅਧੀਨ ਹਨ। ਗੁਰੂ ਮੀਰੀ ਤੇ ਪੀਰੀ ਦੇ ਅਧੀਨ ਨਹੀਂ, ਗੁਰੂ ਤਾਂ ਮੀਰੀ ਪੀਰੀ ਦੇ ਮਾਲਕ ਹਨ। ਜਿਸ ਦਿਨ ਉਸ ਚਬੂਤਰੇ ਨੂੰ ਉਚਿਆਂ ਕੀਤਾ ਹੈ ਤਾਂ ਮੇਰੇ ਸਤਿਗੁਰੂ ਨੇ ਮਿਹਰ ਕਰਕੇ ਉਸੇ ਥਾਂ ਤਖ਼ਤ ਬਣਾਇਆ। ਉਸ ਤਖ਼ਤ ਨੂੰ ਦਿੱਲੀ ਦੇ ਤਖ਼ਤ ਤੋਂ ਉੱਚਾ ਬਣਾਇਆ।

ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ। ਅਕਾਲ ਤਖ਼ਤ ਸਾਹਿਬ ਦੀ ਨੀਂਹ ਕਿਸੇ ਕਾਰੀਗਰ ਨੇ ਨਹੀਂ, ਕਿਸੇ ਮਿਸਤਰੀ ਨੇ ਨਹੀਂ, ਸਗੋਂ ਸਤਿਕਾਰਯੋਗ ਬਾਬਾ ਬੁੱਢਾ ਸਾਹਿਬ, ਭਾਈ ਸਾਹਿਬ ਭਾਈ ਗੁਰਦਾਸ ਜੀ ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਤੇ ਇਸ ਤਖ਼ਤ ਨੂੰ ਬਣਾਇਆ।

ਜਦੋਂ ਇਹ ਤਖ਼ਤ ਬਣਿਆ ਤੇ ਫਿਰ ਜਿਹੜਾ ਚੌਥਾ ਸਮਾਗਮ ਹੋਇਆ, ਉਹ ਹੈ ਮੀਰੀ ਤੇ ਪੀਰੀ ਦਾ। ਪੀਰੀ ਦਾ ਅਰਥ ਹੈ ਰੂਹਾਨੀਅਤ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਹੁੰਦਾ ਸੀ ਤੇ ਵਿਸ਼ਰਾਮ ਕੋਠਾ ਸਾਹਿਬ ਕੀਤਾ ਜਾਂਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਲੀ ਦੇ ਤਖ਼ਤ ਤੋਂ ਉੱਚਾ ਤਖ਼ਤ ਬਣਵਾਇਆ। ਉਸ ਵੇਲੇ ਖ਼ਾਸ ਹੁਕਮਨਾਮੇ ਭੇਜ ਕੇ ਦੂਰੋਂ ਦੂਰੋਂ ਸਿੱਖਾਂ ਨੂੰ

ਬੁਲਾਇਆ। ਉਹਨਾਂ ਨੂੰ ਕਿਹਾ ਕਿ ਅੱਜ ਤੋਂ ਬਾਅਦ ਮੇਰੇ ਘਰ ਵਿੱਚ ਜਵਾਨ ਤੇ ਸੋਹਣੇ ਬਾਂਕੇ ਨੌਜਵਾਨ ਆਉਣ ਤੇ ਸੋਹਣੇ ਸ਼ਸਤਰ ਆਉਣ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਸਭ ਤੋਂ ਪਹਿਲਾਂ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਤਖ਼ਤ ਉਪਰ ਬਿਰਾਜਮਾਨ ਹੋਏ। ਉਸ ਵੇਲੇ ਨੱਥੇ ਤੇ ਅਬਦੁੱਲੇ ਨੇ ਵਾਰ ਗਾਈ। ਉਹ ਸੀ -

ਸੱਚਾ ਤਖ਼ਤ ਸੁਹਾਇਉ ਸ੍ਰੀ ਗੁਰੂ ਪਾਏ ਕੈ।
ਸਭ ਵਰਨੀ ਨਾ ਜਾਏ ਕਹੂੰ ਕਿਆ ਗਾਏ ਕੈ।
ਰਵਿ ਸਸਿ ਲੀਨ ਭਏ ਮਲੀਨ ਸੋ ਦਰਸ ਦਿਖਾਏ ਕੈ।
ਸ੍ਰੀ ਗੁਰੂ ਤਖ਼ਤ ਬਿਰਾਜ ਰਹੇ ਪ੍ਰਭੂ ਧਿਆਏ ਕੈ।
ਮੀਰ ਅਬਦੁਲ ਨਥਾ ਜਸ ਕਹਿਉ ਸੁਣਾਏ ਕੈ।

ਪਹਿਲੀ ਗੱਲ ਉਹਨਾਂ ਨੇ ਤਖ਼ਤ ਦੀ ਕੀਤੀ। ਜਦੋਂ ਤਖ਼ਤ 'ਤੇ ਬੈਠੇ ਤਾਂ ਅਗਲੀ ਕਾਰਵਾਈ ਬਾਬਾ ਬੁੱਢਾ ਸਾਹਿਬ ਨੇ ਕੀਤੀ ਕਿ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨਾਈਆਂ। ਨਾਲ ਹੀ ਉਹਨਾਂ ਨੇ ਇਕ ਹੋਰ ਬੰਦ ਕਹਿ ਦਿੱਤਾ -

ਦੋ ਤਲਵਾਰਾਂ ਬੱਧੀਆਂ ਇਕ ਮੀਰੀ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟਗੜ੍ਹ ਦਰਵਾਜ਼ਾ ਬਲਖ਼ ਬਖ਼ੀਰ ਦੀ।
ਪਗ ਤੇਰੀ ਕੀ ਜਹਾਂਗੀਰ ਦੀ।

ਅਸਲ ਤਖ਼ਤ ਸਾਹਿਬ ਦੀ ਸਿਰਜਣਾ ਬਾਬਾ ਬੁੱਢਾ ਜੀ, ਧੰਨ ਗੁਰੂ ਹਰਿਗੋਬਿੰਦ ਸਾਹਿਬ ਤੇ ਭਾਈ ਗੁਰਦਾਸ ਜੀ ਨੇ ਹੀ ਕੀਤੀ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਫ਼ੌਜ ਦੇ ਪੰਜ ਜਰਨੈਲ ਬਣਾਏ ਹਨ। ਇਨ੍ਹਾਂ ਨੂੰ ਵੰਡ ਕੇ ਵੱਖ-ਵੱਖ ਫ਼ੌਜੀ ਦਿੱਤੇ। ਉਸ ਦਿਨ ਤੋਂ ਬਾਅਦ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਹੁੰਦਾ ਹੈ ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਸ਼ਾਮ ਦੇ ਸਮੇਂ ਅਕਾਲ ਤਖ਼ਤ 'ਤੇ ਬਿਰਾਜਦੇ ਹਨ। ਨਵਾਬ ਨੇ ਕੀਮਤੀ ਹਾਥੀ ਭੇਟ ਕੀਤਾ। ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਉਹ ਹਾਥੀ ਨੱਥੇ ਅਬਦੁੱਲੇ ਨੂੰ ਦਿੱਤਾ ਤੇ ਕਿਹਾ ਕਿ ਤੁਸੀਂ ਗੁਰੂ ਦੇ ਢਾਡੀ ਹੋ, ਹਾਥੀ ਦੀ ਅਸਵਾਰੀ ਕਰਿਆ ਕਰੋ।

ਸਮਾਂ ਲੰਘਿਆ। ਸਭ ਤੋਂ ਪਹਿਲਾਂ ਉਸ ਤਖ਼ਤ ਦੀ ਸੇਵਾ ਲਈ ਜੋ ਮੁਕੱਰਰ ਕੀਤੇ ਗਏ, ਉਹ ਹਨ ਭਾਈ ਸਾਹਿਬ ਭਾਈ ਗੁਰਦਾਸ ਜੀ। ਤਿੰਨ ਤਰ੍ਹਾਂ ਦੇ ਬੰਦੇ ਬਾਰ ਬਾਰ ਅਕਾਲ ਤਖ਼ਤ ਉਪਰ ਹਮਲੇ ਕਰਦੇ ਰਹੇ। ਇਕ ਤਾਂ ਜਿਹੜੇ ਅਸਮਰਥ

ਹਨ। ਦੂਜੇ, ਸਾਡੇ ਖ਼ੁਦਗ਼ਰਜ਼ ਲੀਡਰ ਤੇ ਤੀਜੇ ਉਥੇ ਬੈਠੇ ਹੋਏ ਪੁਜਾਰੀ ਜਿਹੜੇ ਕਿਸੇ ਦੇ ਹੱਥਾਂ ਵਿੱਚ ਖੇਡਦੇ ਹੋਏ ਉਹਨਾਂ ਦੀ ਬੋਲੀ ਬੋਲਦੇ ਹਨ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਅਕਾਲ ਤਖ਼ਤ 'ਤੇ ਮੀਣਿਆਂ ਨੇ ਕਬਜ਼ਾ ਕੀਤਾ। ਉਸ ਤੋਂ ਬਾਅਦ ਜਿਹੜਾ ਕੋਈ ਅਕਾਲ ਤਖ਼ਤ ਦਾ ਸੇਵਾਦਾਰ ਆਉਂਦਾ ਹੈ ਤਾਂ ਉਹ ਹਨ ਭਾਈ ਸਾਹਿਬ ਭਾਈ ਮਨੀ ਸਿੰਘ ਜੀ। ਭਾਈ ਮਨੀ ਸਿੰਘ ਜੀ ਤੋਂ ਬਾਅਦ ਭਾਈ ਦਰਬਾਰਾ ਸਿੰਘ ਜੀ ਦਾ ਜ਼ਿਕਰ ਆਉਂਦਾ ਹੈ। ਇਹਨਾਂ ਤੋਂ ਬਾਅਦ ਨਵਾਬ ਕਪੂਰ ਸਿੰਘ ਜੀ ਦਾ ਜ਼ਿਕਰ ਆਉਂਦਾ ਹੈ। ਨਵਾਬ ਕਪੂਰ ਸਿੰਘ ਜੀ ਤੋਂ ਬਾਅਦ ਸ੍ਰ: ਜੱਸਾ ਸਿੰਘ ਆਹਲੂਵਾਲੀਏ ਦਾ ਜ਼ਿਕਰ ਆਉਂਦਾ ਹੈ। ਇਹਨਾਂ ਤੋਂ ਬਾਅਦ ਲੜੀ ਸ਼ੁਰੂ ਹੁੰਦੀ ਹੈ ਅਕਾਲ ਤਖ਼ਤ ਦੀ ਸੇਵਾ ਸੰਭਾਲ ਕਰਨ ਵਾਲਿਆਂ ਦੀ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਇਹ ਤਖ਼ਤ ਸਾਹਿਬ ਕੇਵਲ ਥੜ੍ਹਾ ਹੀ ਸੀ। ਪਹਿਲੀ ਮੰਜ਼ਿਲ ਸ੍ਰ: ਜੱਸਾ ਸਿੰਘ ਆਹਲੂਵਾਲੀਏ ਦੀ ਨਿਗਰਾਨੀ ਵਿੱਚ ਸਿੱਖ ਮਿਸਲਾਂ ਦੇ ਸਮੇਂ ਬਣੀ। ਉਪਰ ਦੀਆਂ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਨਿਗਰਾਨੀ ਵਿੱਚ ਬਣਵਾਈਆਂ। 2 ਲੱਖ 95 ਹਜ਼ਾਰ ਨਾਲ ਉਪਰ ਵਾਲੀਆਂ ਮੰਜ਼ਿਲਾਂ ਬਣੀਆਂ। ਉਸ ਤੋਂ ਬਾਅਦ ਜਿਹੜਾ ਗੁੰਬਦ ਸੀ, ਉਸ ਦੀ ਸੇਵਾ ਸ੍ਰ: ਹਰੀ ਸਿੰਘ ਨਲੂਏ ਨੇ ਕਰਵਾਈ।

ਜਿਸ ਵੇਲੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਕਾਇਮ ਹੋਈ ਤਾਂ ਇਸ ਦੀ ਇਕ ਮਰਿਆਦਾ ਸੀ। ਜਦੋਂ ਗੁਰੂ ਅਰਜਨ ਦੇਵ ਜੀ ਨੇ ਕੋਠਾ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਰਾਮ ਕਰਵਾਇਆ ਤੇ ਅੱਜ ਵੀ ਜਦੋਂ ਸਵੇਰੇ ਪ੍ਰਕਾਸ਼ ਹੁੰਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹਰਿਮੰਦਰ ਸਾਹਿਬ ਅੰਦਰ ਨਹੀਂ ਰੱਖਿਆ ਜਾਂਦਾ। ਸਵੇਰ ਦੀ ਮਰਿਆਦਾ ਹੈ ਕਿ ਦਰਬਾਰ ਸਾਹਿਬ ਦੇ ਕਿਵਾੜ ਖੁੱਲ੍ਹਣ ਤੋਂ ਇਕ ਘੰਟਾ ਬਾਅਦ ਅਕਾਲ ਤਖ਼ਤ ਸਾਹਿਬ ਦੇ ਕਿਵਾੜ ਖੁੱਲ੍ਹਦੇ ਹਨ। ਪਹਿਲਾਂ ਸੰਗਤਾਂ ਬਾਹਰ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਦਾ ਫ਼ਰਜ਼ ਹੈ ਕਿ ਹਰਿਮੰਦਰ ਸਾਹਿਬ ਦੇ ਸੇਵਾਦਾਰ ਦੇ ਆਉਣ ਤੋਂ ਪਹਿਲਾਂ ਜਿਹੜਾ ਪ੍ਰਕਾਸ਼ ਹੋਣਾ ਹੈ, ਉਸ ਨੂੰ ਚੌਰ ਕਰਨੀ ਹੈ। ਹਰਿਮੰਦਰ ਸਾਹਿਬ ਦੇ ਗ੍ਰੰਥੀ ਫਿਰ ਕੋਠਾ ਸਾਹਿਬ ਜਾਂਦੇ ਹਨ। ਪਹਿਲਾਂ ਅਰਦਾਸ ਕੀਤੀ ਜਾਂਦੀ ਹੈ, ਫਿਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੀਸ 'ਤੇ ਉਠਾਂਦੇ ਹਨ। ਫਿਰ ਚੌਰ ਕਰਦੇ ਹੋਏ ਪਾਲਕੀ ਸਾਹਿਬ ਵਿੱਚ ਰੱਖ ਕੇ ਉਹੀ ਚੌਰ ਗ੍ਰੰਥੀ ਸਾਹਿਬ ਆਪਣੇ ਹੱਥ ਵਿੱਚ ਫੜਦੇ ਹਨ।

ਇਕ ਘੰਟੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਿਵਾੜ ਖੁੱਲ੍ਹਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਤਖ਼ਤ ਦੇ ਉੱਪਰ। ਕੀਰਤਨ ਸ਼ੁਰੂ ਹੁੰਦਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ। ਹਰਿਮੰਦਰ ਸਾਹਿਬ ਸੂਰਜ ਦੀ ਟਿੱਕੀ ਨਿਕਲਦਿਆਂ ਸਾਰ ਆਸਾ ਦੀ ਵਾਰ ਦਾ ਭੋਗ ਪੈ ਜਾਂਦਾ ਹੈ ਤੇ ਅਕਾਲ ਤਖ਼ਤ ਸਾਹਿਬ ਆਸਾ ਦੀ ਵਾਰ ਸ਼ੁਰੂ ਹੋ ਜਾਂਦੀ ਹੈ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਇਸ ਤਖ਼ਤ ਸਾਹਿਬ ਉਪਰ ਬੜੇ ਫ਼ੈਸਲੇ ਕੀਤੇ ਗਏ। ਭਾਈ ਚੌਬਾ ਸਿੰਘ ਜੀ ਦਾ ਇਕ ਰਹਿਤਨਾਮਾ ਪੜ੍ਹਿਉ। ਕਹਿੰਦੇ ਹਨ ਕਿ ਗੁਰੂ ਦਾ ਸਿੱਖ ਹੋਵੇ ਤੇ ਧਰਮ ਦੇ ਨਾਂ 'ਤੇ ਝਗੜਾ ਕਰੇ ਸੋ ਵੱਡਾ ਤਨਖ਼ਾਹੀਆ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖਾਂ ਦੇ ਆਪਸੀ ਝਗੜੇ ਨਿਬੇੜੇ ਜਾਂਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥਕ ਵਿਰੋਧੀ ਅਨਸਰਾਂ ਤੋਂ ਸੁਚੇਤ ਰਹਿਣ ਦੀ ਗੱਲ ਕੀਤੀ ਜਾਂਦੀ ਸੀ।

ਸਮਾਂ ਆਇਆ ਅਕਾਲੀ ਫੂਲਾ ਸਿੰਘ ਜੀ ਦਾ। ਜਦੋਂ ਲਾਹੌਰ ਉਪਰ ਸ਼ੇਰੇ ਪੰਜਾਬ ਨੇ ਕਬਜ਼ਾ ਕਰ ਲਿਆ ਤਾਂ ਉਹ ਅੰਮ੍ਰਿਤਸਰ ਆਇਆ। ਮਹਾਰਾਜਾ ਰਣਜੀਤ ਸਿੰਘ ਤੇ ਭੰਗੀ ਸਰਦਾਰਾਂ ਵਿੱਚ ਜੰਗ ਹੋਣ ਲੱਗੀ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਸੀ ਕਿ ਅੰਮ੍ਰਿਤਸਰ ਵੱਲ ਤੋਪ ਨਹੀਂ ਚਲਾਉਣੀ। ਜਦੋਂ ਆਪਸੀ ਜੰਗ ਸ਼ੁਰੂ ਹੋਈ ਤਾਂ ਅਕਾਲੀ ਫੂਲਾ ਸਿੰਘ ਜੀ ਵਿੱਚ ਆ ਖਲੋਤੇ ਤੇ ਕਹਿਣ ਲੱਗੇ, ਇਹ ਗੁਰੂ ਦੀ ਨਗਰੀ ਹੈ, ਸਿੱਖਾਂ ਵਾਲੇ ਕੰਮ ਕਰੋ। ਮੈਂ ਇਥੇ ਸਿੱਖਾਂ ਦਾ ਖ਼ੂਨ ਇਕ ਦੂਜੇ ਨਾਲ ਲੜ ਕੇ ਵੱਗਣਾ ਦੇਖਣਾ ਮਨਜ਼ੂਰ ਨਹੀਂ ਕਰ ਸਕਦਾ। ਬਾਬਾ ਫੂਲਾ ਸਿੰਘ ਦੀ ਦਿੱਤੀ ਸਲਾਹ ਦੋਹਾਂ ਨੇ ਮੰਨੀ। ਭੰਗੀ ਸਰਦਾਰਾਂ ਨੂੰ ਜਗੀਰ ਦਿੱਤੀ ਗਈ ਤੇ ਸ਼ੇਰੇ ਪੰਜਾਬ ਨੇ ਅੰਮ੍ਰਿਤਸਰ ਦਾ ਪ੍ਰਬੰਧ ਲੈ ਲਿਆ। ਅਕਾਲ ਤਖ਼ਤ ਮਹਾਰਾਜ ਨੇ ਸਿਰਜਿਆ। ਇਮਾਰਤ ਜਦੋਂ ਵੀ ਢੱਠੀ ਤਾਂ ਸਿੱਖਾਂ ਨੇ ਫਿਰ ਬਣਾ ਲਈ।

ਅਸਲ ਵਿੱਚ ਅਸੀਂ ਸੱਟ ਮਾਰਦੇ ਹਾਂ ਸਿਧਾਂਤ ਉਪਰ ਜਦੋਂ ਅਸੀਂ ਆਕੜ ਕੇ ਕਹਿੰਦੇ ਹਾਂ ਕਿ ਅਸੀਂ ਅਕਾਲ ਤਖ਼ਤ ਨੂੰ ਸਮਝਦੇ ਕੁੱਝ ਨਹੀਂ। ਗੁਰੂ ਦੇ ਸਿੱਖੋ! ਕਦੀ ਆਪਣੀ ਭਾਵਨਾ ਬਣਾ ਕੇ ਦੇਖਿਉ। ਜੱਥੇਦਾਰ ਹਮੇਸ਼ਾਂ ਨਿਰਲੋਭੀ ਹੋਵੇ। ਤਿੰਨ ਚਾਰ ਜੱਥੇਦਾਰ ਕਦੀ ਸਿੱਖ ਕੌਮ ਨੂੰ ਨਹੀਂ ਭੁੱਲਣਗੇ। ਬਾਬਾ ਫੂਲਾ ਸਿੰਘ ਜੀ ਨੂੰ ਸਿੱਖ ਕੌਮ ਕਦੀ ਨਹੀਂ ਭੁੱਲ ਸਕਦੀ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਕਦੀ ਨਹੀਂ ਭੁੱਲੇਗੀ। ਭਾਈ ਗੁਰਦੇਵ ਸਿੰਘ ਜੀ ਨੂੰ ਕਦੀ ਨਹੀਂ ਭੁੱਲੇਗੀ।

ਤਖ਼ਤ ਉਪਰ ਉਹ ਬੈਠਣਾ ਚਾਹੀਦਾ ਹੈ ਜਿਹੜਾ ਤਖ਼ਤ ਦੇ ਲਾਇਕ ਹੋਵੇ। ਬਾਬਾ ਵਸਾਖਾ ਸਿੰਘ ਨੇ ਲਗਪਗ 1934 ਦੇ ਕਰੀਬ ਸਿਰਫ਼ ਦੇ ਮਹੀਨੇ ਸੇਵਾ ਨਿਭਾਹੀ। ਉਹਨਾਂ ਨੂੰ ਬੜੀ ਜੱਦੋਜਹਿਦ ਨਾਲ ਮਨਾਇਆ ਗਿਆ। ਉਹਨਾਂ ਨੇ ਕਿਹਾ ਕਿ ਤਖ਼ਤ ਦੀ ਮਰਿਆਦਾ ਵਿੱਚ ਮੈਂ ਕੋਈ ਕਮੀ ਨਹੀਂ ਆਉਣ ਦਿਆਂਗਾ। ਬਾਬਾ ਵਸਾਖਾ ਸਿੰਘ ਬਾਹਰ ਹਨ ਤੇ ਨਵਾਬ ਮੁਜ਼ੱਫਰ ਖ਼ਾਂ ਨੂੰ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਆਗੂਆਂ ਨੇ ਸਿਰੋਪਾ ਦਿੱਤਾ ਜਿਹੜਾ ਮਰਿਆਦਾ ਦੀ ਉਲੰਘਣਾ ਸੀ। ਬਾਬਾ ਵਿਸਾਖਾ ਸਿੰਘ ਨੇ ਆਉਂਦਿਆਂ ਸਾਰ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਿਆ ਤੇ ਕਿਹਾ, ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ! ਤਖ਼ਤ ਤੇਰਾ ਆਜ਼ਾਦੀ ਦਿੰਦਾ ਹੈ। ਮੈਂ ਜ਼ਮੀਰ ਫ਼ਰੋਸ਼ ਬਣ ਕੇ ਸੇਵਾ ਨਹੀਂ ਕਰ ਸਕਦਾ। ਬਾਬਾ ਵਸਾਖਾ ਸਿੰਘ ਜੀ ਤੇ ਬਾਬਾ ਅਕਾਲੀ ਫੂਲਾ ਸਿੰਘ ਜੀ ਨੂੰ ਕੌਮ ਕਦੀ ਵੀ ਭੁੱਲ ਨਹੀਂ ਸਕਦੀ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦੀ ਇਕ ਸਰਵ-ਉੱਚ ਹਸਤੀ ਹੈ। ਇਸ ਦੀ ਹਸਤੀ ਨੂੰ ਕੋਈ ਵੀ ਚੈਲਿੰਜ ਨਹੀਂ ਕਰ ਸਕਦਾ। ਇਹ ਗੱਲ ਵੱਖਰੀ ਹੈ ਕਿ ਅੱਜ ਵੀ ਕੋਈ ਦਾਅਵਾ ਕਰਕੇ ਅੱਗੋ ਬੋਲੀ ਜਾਵੇ। ਕਿਤੇ ਕਰਨੀ ਵਾਲਾ ਕੋਈ ਉਥੇ ਬੈਠਾ ਹੋਵੇ ਤਾਂ ਕਿਸੇ ਦੀ ਜੁਰਅੱਤ ਨਹੀਂ ਕਿ ਉਸ ਦੀਆਂ ਅੱਖਾਂ ਨਾਲ ਅੱਖਾਂ ਮਿਲਾ ਕੇ ਗੱਲ ਕਰ ਸਕੇ।

ਸ੍ਰੀ ਅਕਾਲ ਤਖ਼ਤ ਸਾਹਿਬ ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਕਾਇਮ ਕੀਤਾ। ਵੱਖ-ਵੱਖ ਸਮੇਂ 'ਤੇ ਇਸ ਤਖ਼ਤ ਨੇ ਸਾਡੀ ਯੋਗ ਅਗਵਾਈ ਕੀਤੀ ਹੈ। ਧਰਮ ਆਤਮਾ ਹੈ ਅਤੇ ਰਾਜਨੀਤੀ ਸਰੀਰ ਹੈ। ਇਕ ਵਿਦਵਾਨ ਕਹਿੰਦਾ ਹੈ ਕਿ ਭਾਵੇਂ ਹੋਵੇ ਡੈਮੋਕਰੇਸੀ ਤੇ ਭਾਵੇਂ ਹੋਵੇ ਇਕ ਕੁਰਸੀ ਰਾਜ, ਉਹ ਕਹਿੰਦਾ ਹੈ ਜੇ ਹਕੂਮਤ ਕਰਨ ਵਾਲੇ ਦੇ ਅੰਦਰੋਂ ਧਰਮ ਚਲਾ ਜਾਏ ਤਾਂ ਕੇਵਲ ਚੰਗੇਜ਼ਪੁਣਾ ਰਹਿ ਜਾਂਦਾ ਹੈ। ਗੁਰੂ ਕ੍ਰਿਪਾ ਕਰੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ, ਇਸ ਦੇ ਅਸੂਲ ਅਸੀਂ ਆਪਣੀ ਜ਼ਿੰਦਗੀ ਵਿੱਚ ਕਮਾ ਸਕੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਬੇਅੰਤ ਭੁੱਲਾਂ ਹੋਈਆਂ ਹੋਣਗੀਆਂ, ਬਖ਼ਸ਼ ਲੈਣਾ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਤਖ਼ਤ ਸ੍ਰੀ ਪਟਨਾ ਸਾਹਿਬ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਰਹੀ ਪਿਆਰੀ ਸਾਧ ਸੰਗਤ ਜੀਉ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਗੁਰਮੁਖੋ! ਆਓ ਅੱਜ ਆਪਾਂ ਜੋ ਸਾਡਾ ਦੂਜਾ ਤਖ਼ਤ ਹੈ, ਉਸ ਦੀ ਵਿਚਾਰ ਕਰਨੀ ਹੈ। ਅਸੀਂ ਦੂਜੇ ਤਖ਼ਤ ਲਈ ਸ਼ਬਦ ਵਰਤਦੇ ਹਾਂ–ਸ੍ਰੀ ਪਟਨਾ ਸਾਹਿਬ। ਪਟਨਾ ਸ਼ਹਿਰ ਹੈ। ਸ਼ਹਿਰ ਸ਼ਬਦ ਅਸੀਂ ਤਾਂ ਵਰਤਦੇ ਹਾਂ, ਕਿਉਂਕਿ ਉਸ ਸ਼ਹਿਰ ਨੂੰ ਮੇਰੇ ਸਾਹਿਬ ਦੇ ਚਰਨਾਂ ਦੀ ਛੁਹ ਪ੍ਰਾਪਤ ਹੋਈ।

ਪਟਨੇ ਸ਼ਹਿਰ ਦੇ 22 ਵੱਖ-ਵੱਖ ਨਾਮ ਹਨ। ਇਸ ਸ਼ਹਿਰ ਲਈ ਹੁਣ ਦੋ ਸ਼ਬਦ ਵਰਤੇ ਜਾਂਦੇ ਹਨ। ਇਕ ਹੈ–ਪਟਨਾ ਸ਼ਹਿਰ ਤੇ ਦੂਜਾ ਹੈ–ਪਟਨਾ ਜੰਕਸ਼ਨ। ਇਸ ਸ਼ਹਿਰ ਨੂੰ ਪਾਟਲੀ ਪੁੱਤਰ ਵੀ ਕਿਹਾ ਜਾਂਦਾ ਸੀ। ਇਸ ਦਾ ਨਾਮ ਪਾਟਲੀ ਪੁੱਤਰ ਕਿਉਂ ਪੈ ਗਿਆ? ਕਹਿੰਦੇ ਹਨ, ਇਸ ਸ਼ਹਿਰ ਨੂੰ ਸਭ ਤੋਂ ਪਹਿਲਾਂ ਆਬਾਦ ਕਰਨ ਵਾਲੇ ਰਾਜੇ ਦਾ ਨਾਮ ਹੈ ਆਜਾਦ ਸ਼ਤਰੂ। ਸਮੇਂ ਨੇ ਕਰਵਟ ਲਈ। ਸ਼ਹਿਰ ਦਾ ਰਾਜਾ ਬਦਲਿਆ। ਉਸ ਦੀ ਪਿਆਰੀ ਰਾਣੀ ਦਾ ਨਾਮ ਸੀ ਪਾਟਲਾ। ਉਸ ਨੇ ਆਪਣੀ ਰਾਣੀ ਦੇ ਨਾਮ 'ਤੇ ਇਸ ਸ਼ਹਿਰ ਦਾ ਨਾਮ ਰੱਖ ਦਿੱਤਾ–ਪਾਟਲੀ ਪੁੱਤਰ। ਚੰਦਰ ਗੁਪਤ ਮੌਰੀਏ ਦੇ ਵੇਲੇ ਜਦੋਂ ਸਿਆਣੇ ਵਿਦਵਾਨਾਂ ਨੂੰ ਪੜ੍ਹਿਆ ਤਾਂ ਉਹ ਕਹਿੰਦੇ ਹਨ, ਇਹ ਸ਼ਹਿਰ 9 ਮੀਲ ਲੰਮਾ ਸੀ ਤੇ ਡੇਢ ਮੀਲ ਚੌੜਾ ਸੀ। ਇਸ ਸ਼ਹਿਰ ਦੇ ਚਾਰ ਚੁਫੇਰੇ ਇਕ ਪੱਕੀ ਦੀਵਾਰ ਸੀ। ਉਸ ਦੀਵਾਰ ਦੇ ਨਾਲ ਪੰਜ ਸੌ ਸੱਤਰ ਬੁਰਜ ਸਨ। ਇਸ ਸ਼ਹਿਰ ਦੇ 64 ਮੇਨ ਦਰਵਾਜ਼ੇ ਸਨ, ਜਿਨ੍ਹਾਂ ਰਾਹੀਂ ਇਸ ਦੇ ਅੰਦਰ ਪ੍ਰਵੇਸ਼ ਕੀਤਾ ਜਾਂਦਾ ਸੀ। ਇਸ ਸ਼ਹਿਰ ਦੇ ਚਾਰ ਚੁਫੇਰੇ ਇਕ ਡੂੰਘੀ ਖਾਈ ਹੁੰਦੀ ਸੀ। ਉਹ ਖਾਈ 60 ਫੁੱਟ ਡੂੰਘੀ ਤੇ 45 ਫੁੱਟ ਚੌੜੀ ਸੀ। ਇਹ ਉਹ ਸ਼ਹਿਰ ਹੈ, ਜਿਸ ਦੇ ਵਿੱਚ ਮਹਾਤਮਾ ਬੁੱਧ ਦੇ ਚਰਨ ਪਏ ਸਨ।

ਉਥੋਂ ਦੇ ਲੋਕਾਂ ਦੀ ਇਹ ਰਿਵਾਇਤ ਹੈ ਕਿ ਜਦੋਂ ਮਹਾਤਮਾ ਬੁੱਧ ਦੇ ਚਰਨ ਪਏ ਤਾਂ ਉਹਨਾਂ ਨੇ ਇਸ ਸ਼ਹਿਰ ਵਿੱਚ ਰੁਕ ਕੇ ਤਿੰਨ ਗੱਲਾਂ ਕਹੀਆਂ ਸਨ। ਕਹਿਣ ਲੱਗੇ, ਇਸ ਸ਼ਹਿਰ ਵਿੱਚ ਪਾਣੀ ਵੀ ਰਹੇਗਾ। ਇਸ ਸ਼ਹਿਰ ਵਿੱਚ ਅੱਗ

ਵੀ ਰਹੇਗੀ ਤੇ ਤੀਜੀ ਗੱਲ ਕਹੀ ਸੀ ਕਿ ਇਹ ਸ਼ਹਿਰ ਫੁੱਟ ਦਾ ਵੀ ਸ਼ਿਕਾਰ ਰਹੇਗਾ, ਪਰ ਖ਼ੁਸ਼ਹਾਲ ਰਹੇਗਾ। ਦੂਜੀ ਇਹ ਵੀ ਰਿਵਾਇਤ ਹੈ ਕਿ ਇਸੇ ਸ਼ਹਿਰ ਦੇ ਅੰਦਰ ਜੈਨੀਆਂ ਦਾ ਤੀਸਰਾ ਮਹਾਨ ਸਮਾਗਮ ਹੋਇਆ ਸੀ। ਇਸ ਵਿੱਚ ਤਕਰੀਬਨ 20 ਹਜ਼ਾਰ ਜੈਨੀਆਂ ਨੇ ਹਿੱਸਾ ਲਿਆ ਸੀ। ਤੀਜੀ ਇਹ ਵੀ ਰਿਵਾਇਤ ਹੈ ਕਿ ਬੋਧੀਆਂ ਦਾ ਵੀ ਇਥੇ ਦੂਜਾ ਮਹਾਨ ਸਮਾਗਮ ਹੋਇਆ ਸੀ, ਜਿਸ ਦੀ ਪ੍ਰਧਾਨਗੀ ਮਹਾਰਾਜਾ ਅਸ਼ੋਕ ਨੇ ਕੀਤੀ ਸੀ। ਉਸ ਸਮਾਗਮ ਤੋਂ ਬਾਅਦ ਜਿੰਨੇ ਵੀ ਬਾਹਰ ਦੇ ਮੁਲਕਾਂ ਵਿੱਚ ਬੋਧ ਮੱਤ ਫੈਲਿਆ ਹੈ, ਉਸ ਪਾਟਲੀ ਪੁੱਤਰ ਦੇ ਹੋਏ ਸਮਾਗਮ ਤੋਂ ਬਾਅਦ ਰਾਜਾ ਅਸ਼ੋਕ ਨੇ ਬੋਧੀ ਭਿਖਸ਼ੂਆਂ ਨੂੰ ਬਾਹਰ ਭੇਜਿਆ। ਜੈਨ ਮੱਤ ਨੂੰ ਰਾਜਿਆਂ ਮਹਾਰਾਜਿਆਂ ਨੇ ਗ੍ਰਹਿਣ ਕੀਤਾ, ਉਹ ਪ੍ਰਫੁੱਲਿਤ ਹੋਇਆ। ਸਨਾਤਨ ਧਰਮ ਨੂੰ ਹਿੰਦੂ ਰਾਜਿਆਂ ਨੇ ਪ੍ਰਫੁੱਲਿਤ ਕੀਤਾ ਹੈ। ਜਿੰਨੇ ਮੁਸਲਿਮ ਬਾਦਸ਼ਾਹ ਆਏ, ਉਹਨਾਂ ਨੇ ਇਸਲਾਮ ਦੀ ਗੱਲ ਕੀਤੀ।

ਦੋ ਮਹਾਨ ਵਿਦਵਾਨਾਂ ਦੇ ਨਾਮ ਆਮ ਤੌਰ 'ਤੇ ਹਿੰਦੁਸਤਾਨ ਦੀ ਧਰਤੀ 'ਤੇ ਲਿਆ ਜਾਂਦਾ ਹੈ। ਇਕ ਅਰਥ ਸ਼ਾਸਤਰੀ ਹੋਇਆ ਹੈ ਬੜਾ ਮਹਾਨ, ਉਸ ਨੂੰ ਕਿਹਾ ਜਾਂਦਾ ਹੈ ਕੁਤਕ। ਇਹੀ ਪਾਟਲੀ ਪੁੱਤਰ ਪਟਨੇ ਦੀ ਧਰਤੀ ਸੀ ਜਿਥੇ ਇੰਨੇ ਵੱਡੇ ਮਹਾਨ ਅਰਥ ਸ਼ਾਸਤਰੀ ਨੇ ਅਰਥ ਸ਼ਾਸਤਰ ਦਾ ਗ੍ਰੰਥ ਲਿਖਿਆ।

ਜਦੋਂ ਔਰੰਗਜ਼ੇਬ ਦਾ ਸਮਾਂ ਆਇਆ ਤਾਂ ਇਸ ਸ਼ਹਿਰ ਦਾ ਨਾਮ ਕੁੱਝ ਸਮੇਂ ਲਈ ਉਸ ਨੇ ਬਦਲਿਆ ਸੀ। ਇਸ ਦਾ ਨਾਮ ਰੱਖਿਆ ਸੀ—ਅਜ਼ੀਮਾਬਾਦ। ਔਰੰਗਜ਼ੇਬ ਨੇ ਆਪਣੇ ਪੋਤੇ ਨੂੰ ਇਥੋਂ ਦਾ ਗਵਰਨਰ ਬਣਾ ਕੇ ਜਦੋਂ ਭੇਜਿਆ ਤਾਂ ਉਸ ਦਾ ਨਾਮ ਸੀ ਅਜ਼ੀਮ ਤੇ ਔਰੰਗਜ਼ੇਬ ਨੇ ਪੋਤੇ ਦੇ ਨਾਮ 'ਤੇ ਅਜ਼ੀਮਾਬਾਦ ਰੱਖਿਆ। ਜੋ ਅੱਜ ਅਸੀਂ ਪੜ੍ਹਦੇ ਹਾਂ, ਆਮ ਤੌਰ 'ਤੇ ਲੋਕ ਸ਼ਬਦ ਪਟਨਾ ਸ਼ਹਿਰ ਤੇ ਪਟਨਾ ਜੰਕਸ਼ਨ ਕਹਿੰਦੇ ਹਨ, ਪਰ ਜਦੋਂ ਕਿਸੇ ਸਿੱਖ ਦੇ ਸਾਹਮਣੇ ਇਸ ਸ਼ਹਿਰ ਦਾ ਨਾਮ ਆਉਂਦਾ ਹੈ ਤਾਂ ਕੁਦਰਤੀ ਤੌਰ 'ਤੇ ਇਸ ਦੇ ਹਿਰਦੇ ਦੀ ਭਾਵਨਾ ਨਾ ਇਸ ਨੂੰ ਸ਼ਹਿਰ ਕਹਿੰਦੀ ਹੈ, ਨਾ ਜੰਕਸ਼ਨ ਕਹਿੰਦੀ ਹੈ, ਉਸ ਦੇ ਹਿਰਦੇ ਵਿੱਚੋਂ ਇਕੋ ਆਵਾਜ਼ ਨਿਕਲਦੀ ਹੈ—ਪਟਨਾ ਸਾਹਿਬ, ਕਿਉਂਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਦੁਆਰਾ ਗੁਰਸਿੱਖਾਂ ਦਾ, ਸਿੱਖ ਪੰਥ ਦਾ ਇਹ ਦੂਜਾ ਤਖ਼ਤ ਹੈ।

ਸੰਨ 1504 ਨੂੰ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਇਸ ਸ਼ਹਿਰ ਦੇ ਅੰਦਰ ਪਏ। ਕਹਿੰਦੇ ਹਨ, ਪੱਛਮੀ ਦਰਵਾਜ਼ੇ ਰਾਹੀਂ ਮੇਰੇ ਧੰਨ ਗੁਰੂ ਨਾਨਕ ਸਾਹਿਬ ਨੇ ਇਸ ਸ਼ਹਿਰ ਦੇ ਅੰਦਰ ਪ੍ਰਵੇਸ਼ ਕੀਤਾ ਸੀ। ਸ਼ਹਿਰ ਤੋਂ ਬਾਹਰ ਹਜ਼ੂਰ

ਨੇ ਆਪਣਾ ਆਸਣ ਲਾਇਆ ਸੀ। ਇਥੇ ਭਾਈ ਮਰਦਾਨਾ ਜੀ ਨੇ ਬੈਠਿਆਂ ਦੇਖਿਆ ਕਿ ਕੁੱਝ ਲੋਕ ਐਸ਼ੋ-ਆਰਾਮ ਵਿੱਚ ਖੱਚਤ ਹਨ, ਕੁੱਝ ਲੋਕ ਲਿਖ ਰਹੇ ਹਨ, ਕੁੱਝ ਪੜ੍ਹ ਰਹੇ ਹਨ, ਕੋਈ ਕਾਰੋਬਾਰ ਕਰ ਰਹੇ ਹਨ। ਉਸ ਨੇ ਬਚਨ ਕੀਤਾ, ਹੇ ਦਾਤਾ! ਇਹ ਸਰੀਰ ਅਮੋਲਕ ਹੈ, ਇਸ ਦੀ ਕੀਮਤ ਕੋਈ ਨਹੀਂ, ਪਰ ਕੀ ਕਾਰਨ ਹੈ ਕਿ ਸਾਰੇ ਲੋਕ ਇਸ ਦੀ ਕਦਰ ਕਿਉਂ ਨਹੀਂ ਜਾਣਦੇ ? ਸਾਹਿਬ ਨੇ ਕਿਹਾ ਸੀ, ਮਰਦਾਨਿਆਂ! ਚੇਤੇ ਰੱਖੀਂ, ਇਹ ਅਮੋਲਕ ਹੀਰਾ ਮਿਲਿਆ ਸਭ ਨੂੰ ਹੈ, ਪਰ ਜ਼ਰੂਰੀ ਨਹੀਂ ਕਿ ਜਿਨ੍ਹਾਂ ਨੂੰ ਹੀਰਾ ਮਿਲ ਜਾਏ, ਉਹਨਾਂ ਨੂੰ ਹੀਰੇ ਦੀ ਕਦਰ ਵੀ ਹੋਵੇ। ਕਦਰ ਕੇਵਲ ਉਹ ਹੀ ਜਾਣਨਗੇ, ਜਿਹੜੇ ਪਾਰਖੂ ਹੋਣਗੇ।

ਕਦੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੋ। ਕਬੀਰ ਸਾਹਿਬ ਕਹਿੰਦੇ ਹਨ ਕਿ ਅੱਖਾਂ ਤੋਂ ਅੰਨ੍ਹਾ ਬੰਦਾ ਤੁਰਿਆ ਜਾਂਦਾ ਹੈ ਤੇ ਉਸ ਦੇ ਰਸਤੇ ਵਿੱਚ ਕੀਮਤੀ ਮੋਤੀ ਬਿਖਰੇ ਪਏ ਹਨ। ਉਸ ਅੰਨ੍ਹੇ ਨੂੰ ਨਜ਼ਰ ਨਹੀਂ ਆਉਂਦਾ। ਪੈਰਾਂ ਦੀਆਂ ਤਲੀਆਂ ਵਿੱਚ ਹੀਰੇ ਮੋਤੀ ਚੁਭਦੇ ਪਏ ਹਨ। ਉਸ ਦੇ ਲਈ ਮੋਤੀ ਹੀਰਿਆਂ ਦੀ ਕੋਈ ਕਦਰ ਨਹੀਂ। ਉਸ ਦੇ ਲਈ ਧਰਤੀ 'ਤੇ ਬਿਖਰੇ ਹੋਏ ਇਹ ਛੋਟੇ-ਛੋਟੇ ਪੱਥਰ ਹਨ । ਸਾਹਿਬ ਕਹਿਣ ਲੱਗੇ, ਹੀਰੇ ਦੀ ਪਰਖ ਵੀ ਅੱਖਾਂ ਵਾਲਿਆਂ ਨੂੰ ਹੈ, ਪਰ ਅੱਖਾਂ ਵਾਲੇ ਦਾ ਅਰਥ ਇਹ ਨਹੀਂ ਕਿ ਜਿਹੜਾ ਕੇਵਲ ਦੇਖਦਾ ਹੈ। ਇਥੇ ਅੱਖਾਂ ਵਾਲੇ ਦਾ ਅਰਥ ਹੈ, ਜਿਹੜਾ ਹੀਰੇ ਦਾ ਪਾਰਖੂ ਹੈ। ਸਤਿਗੁਰੂ ਕਹਿਣ ਲੱਗੇ :

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥ (ਅੰਕ ੧੩੭੦)

ਰੱਬਾ! ਤੂੰ ਸੋਝੀ ਨਹੀਂ ਦਿੱਤੀ ਤੇ ਲੋਕਾਂ ਨੂੰ ਪਤਾ ਹੀ ਨਹੀਂ ਕਿ ਇਹ ਮਨੁੱਖਾ ਦੇਹੀ ਕੀਮਤੀ ਹੀਰਾ ਹੈ। ਹਜ਼ੂਰ ਗਏ ਹਨ, ਇਸ ਪਟਨਾ ਸਾਹਿਬ ਵਿੱਚ ਕੀਰਤਨ ਹੋਇਆ। ਭਾਈ ਮਰਦਾਨੇ ਨੇ ਇਥੇ ਇਕ ਬੇਨਤੀ ਕੀਤੀ—ਹੇ ਦਾਤਾਰ ਸਤਿਗੁਰੂ! ਸਰੀਰ ਨੂੰ ਭੁੱਖ ਲੱਗੀ ਹੈ ਤੇ ਕ੍ਰਿਪਾ ਕਰੋ ਕੁਝ ਛੱਕਣ ਦਾ ਪ੍ਰਬੰਧ ਕੀਤਾ ਜਾਏ। ਜਨਮ ਸਾਖੀ ਵਾਲੇ ਨੇ ਬਚਨ ਕਿਹਾ ਹੈ ਕਿ ਸਤਿਗੁਰੂ ਨੇ ਇਕ ਕੀਮਤੀ ਲਾਲ ਭਾਈ ਮਰਦਾਨੇ ਨੂੰ ਦਿੱਤਾ ਤੇ ਕਿਹਾ, ਮਰਦਾਨਿਆ! ਜਾ ਸ਼ਹਿਰ ਵਿੱਚ। ਬੜਾ ਪੁਰਾਣਾ ਇਹ ਸ਼ਹਿਰ ਹੈ। ਬੜੇ ਸਿਆਣੇ ਸਿਆਣੇ ਲੋਕ ਰਹਿੰਦੇ ਹਨ। ਇਸ ਕੀਮਤੀ ਲਾਲ ਨੂੰ ਵੇਚੀਂ ਤੇ ਇਸ ਦੇ ਬਦਲੇ ਕੁਝ ਖਾਣ ਲਈ ਲੈ ਆਈਂ। ਸੰਨ 1504 ਨੂੰ ਗੁਰੂ ਦੇ ਰਬਾਬੀ ਦੇ ਪਹਿਲੀ ਵਾਰੀ ਚਰਨ ਪਟਨੇ ਦੀਆਂ ਗਲੀਆਂ ਵਿੱਚ ਪਏ। ਜਦੋਂ ਗਿਆ ਤਾਂ ਕੀਮਤੀ ਲਾਲ ਉਸ ਦੇ ਹੱਥ ਵਿੱਚ ਸੀ। ਉਹ

ਦੁਕਾਨਦਾਰਾਂ ਕੋਲ ਗਿਆ। ਜੇ ਕਿਸੇ ਕੱਪੜੇ ਵਾਲੇ ਕੋਲ ਗਿਆ ਤਾਂ ਉਸ ਨੇ ਕਿਹਾ, ਮੈਂ ਇਸ ਦਾ ਕੀ ਕਰਨਾ ਹੈ, ਇਸ ਦੇ ਬਦਲੇ ਇਕ ਗਜ਼ ਕੱਪੜਾ ਮਿਲ ਸਕਦਾ ਹੈ। ਜੇ ਕਿਸੇ ਸਬਜ਼ੀ ਵਾਲੇ ਕੋਲ ਗਿਆ ਤਾਂ ਉਸਨੇ ਇਸ ਦੀ ਮੂਲੀ, ਗਾਜਰ ਕੀਮਤ ਪਾਈ, ਕਿਸੇ ਹਲਵਾਈ ਨੇ ਥੋੜ੍ਹੀ ਜਿਹੀ ਮਠਿਆਈ ਕੀਮਤ ਪਾਈ। ਇਹ ਵਿਚਾਰਾ ਸੋਚਦਾ ਹੈ ਕਿ ਗੁਰੂ ਦੇ ਹੱਥ ਵਿੱਚੋਂ ਆਇਆ ਇਹ ਕੀਮਤੀ ਪੱਥਰ ਇਹ ਨਹੀਂ ਹੋ ਸਕਦਾ ਕਿ ਏਨਾ ਬੇਕਦਰਾ ਹੋਵੇ। ਅਖ਼ੀਰ ਵਿੱਚ ਉਹ ਸਾਲਸਰਾਏ ਦੀ ਦੁਕਾਨ 'ਤੇ ਗਿਆ। ਭਾਗ ਜਾਗੇ। ਮਨ ਵਿੱਚ ਸੋਚਦਾ ਸੀ ਕਿ ਸਮੇਂ ਤੋਂ ਪਹਿਲਾਂ ਕਦੀ ਵੀ ਕਿਸੇ ਕਿਸਮ ਦਾ ਭਾਗ ਨਹੀਂ ਜਾਗਦਾ। ਨਾ ਦੁਨਿਆਵੀ ਤੌਰ 'ਤੇ, ਨਾ ਪ੍ਰਮਾਰਥਕ ਤੌਰ 'ਤੇ।

ਮਾਤਾ ਦੇ ਉਦਰ ਵਿੱਚ ਬੱਚਾ ਨਿਵਾਸ ਕਰਦਾ ਹੈ। ਇਕ ਬਿੰਦ ਦਾ ਕਣ ਉਸ ਦੇ ਵਿੱਚ ਨਿਵਾਸ ਕਰਦਾ ਹੈ। ਕੀ ਉਸੇ ਵੇਲੇ ਆਦਮੀ ਦੀ ਮੂਰਤ ਬਣ ਜਾਂਦੀ ਹੈ ? ਉਸ ਨੂੰ ਬਣਨ ਲਈ ਵੀ ਕੁੱਝ ਸਮਾਂ ਲੱਗਦਾ ਹੈ। ਧਰਤੀ ਵਿੱਚ ਬੀਜ ਪਾਉਂਦਿਆਂ ਕੀ ਉਸੇ ਵੇਲੇ ਉਹ ਫਲ ਦੇ ਦਿੰਦਾ ਹੈ? ਉਸ ਦਾ ਫਲ ਵੀ ਜਦੋਂ ਲੱਗਦਾ ਹੈ ਤਾਂ ਕੁਝ ਸਾਲ ਲੱਗ ਜਾਂਦੇ ਹਨ। ਗੁਰਮੁਖੋ! ਰੁੱਖ ਤਾਂ ਕਈ ਸਾਲ ਪੁਰਾਣਾ ਹੈ, ਪਰ ਫਲ ਸਮੇਂ ਤੋਂ ਪਹਿਲਾਂ ਨਹੀਂ ਲੱਗਦਾ। ਐ ਬੰਦਿਆ! ਸੱਚ ਜਾਣੀ, ਜਦੋਂ ਸਮਾਂ ਬਣਦਾ ਹੈ ਤਾਂ ਉਦੋਂ ਹੀ ਰੱਬ ਅੰਦਰ ਪ੍ਰਮਾਰਥ ਦਾ ਭਾਗ ਲਾਉਂਦਾ ਹੈ, ਉਸ ਤੋਂ ਪਹਿਲਾਂ ਨਹੀਂ। ਕੀ ਗੁਰੂ ਅਮਰਦਾਸ ਜੀ ਨੂੰ ਪਤਾ ਨਹੀਂ ਸੀ ਕਿ ਜਿਸ ਦਿਨ ਗੁਰੂ ਅੰਗਦ ਸਾਹਿਬ ਦੇ ਘਰ ਢੁੱਕੇ ਹੋਣਗੇ, ਬੀਬੀ ਅਮਰੋ ਗੁਰੂ ਅੰਗਦ ਸਾਹਿਬ ਸੱਚੇ ਪਾਤਿਸ਼ਾਹ ਦੀ ਸਪੁੱਤਰੀ ਨੇ ਗੁਰੂ ਅਮਰਦਾਸ ਜੀ ਨੂੰ ਉਸ ਦਿਨ ਬਰਾਤ ਵਿੱਚ ਨਹੀਂ ਵੇਖਿਆ ਹੋਵੇਗਾ ? ਕੀ ਬੀਬੀ ਅਮਰੋ ਨੇ ਉਸ ਤੋਂ ਪਹਿਲਾਂ ਕਦੀ ਆਪਣੇ ਪਿਤਾ ਦੀ ਘਰ ਦੀ ਗੱਲ ਨਹੀਂ ਕੀਤੀ ਹੋਣੀ ? ਬੀਬੀ ਅਮਰੋ ਨੂੰ ਵਿਆਹੁਣ ਵੀ ਗਏ ਹਨ। ਬੀਬੀ ਅਮਰੋ ਦੇ ਪਿਛੋਕੜ ਪੇਕੇ ਪਰਿਵਾਰ ਨੂੰ ਵੀ ਜਾਣਦੇ ਹਨ, ਪਰ ਠੋਕਰ ਉਸ ਦਿਨ ਵੱਜੀ, ਜਿਸ ਦਿਨ ਸਮਾਂ ਆ ਬਣਿਆ। ਸਮੇਂ ਤੋਂ ਪਹਿਲਾਂ ਕੋਈ ਚੀਜ਼ ਫਲੀਭੂਤ ਨਹੀਂ ਹੁੰਦੀ।

ਸਾਲਸਰਾਏ ਦੀ ਦੁਕਾਨ 'ਤੇ ਅੱਜ ਭਾਈ ਮਰਦਾਨਾ ਗਿਆ। ਸਾਲਸਰਾਏ ਤੇਰੇ ਭਾਗ ਜਾਗੇ ਹਨ। ਭਾਈ ਮਰਦਾਨਾ ਸਾਲਸ ਰਾਏ ਕੋਲ ਗਿਆ ਤੇ ਕਹਿਣ ਲੱਗਾ ਕਿ ਮੇਰੇ ਪਾਸ ਇਹ ਕੀਮਤੀ ਲਾਲ ਹੈ, ਇਸ ਦੇ ਬਦਲੇ ਕੁਝ ਰੁਪਈਏ ਦੇ ਦੇ। ਸਾਲਸ ਰਾਏ ਕਹਿਣ ਲੱਗਾ, ਸੱਜਣਾ! ਇਹ ਲਾਲ ਕਿਥੋਂ ਲਿਆਂਦਾ ਹੈ ? ਕਹਿਣ ਲੱਗਾ, ਮੇਰਾ ਮੁਰਸ਼ਦ ਹੈ, ਉਸ ਨੇ ਲਾਲ ਦਿੱਤਾ ਹੈ ਤੇ ਮੈਂ ਲਾਲ ਲੈ ਕੇ

ਆਇਆ ਹਾਂ। ਕਹਿਣ ਲੱਗਾ ਕਿ ਇਸ ਲਾਲ ਦੀ ਕੀਮਤ ਨਹੀਂ ਪੈਣੀ। ਮਰਦਾਨਾ ਕਹਿੰਦਾ ਹੈ ਕਿ ਤੁਸੀਂ ਵੀ ਮਜ਼ਾਕ ਕੀਤਾ ਹੈ, ਜਿਹੜੇ ਦੂਜੇ ਕਰਦੇ ਰਹੇ ਹਨ। ਉਹ ਕਹਿਣ ਲੱਗਾ, ਜੇ ਮੈਂ ਆਪਣੀ ਸਾਰੀ ਦੁਕਾਨ ਵੀ ਦੇ ਦਿਆਂ ਤਾਂ ਵੀ ਲਾਲ ਦੀ ਕੀਮਤ ਨਹੀਂ ਪਵੇਗੀ। ਇੱਕ ਸੌ ਰੁਪਿਆ ਦਰਸ਼ਨ-ਭੇਟ ਦਿੱਤਾ।

ਭਾਈ ਮਰਦਾਨਾ ਆ ਕੇ ਕਹਿੰਦਾ ਹੈ, ਮਹਾਰਾਜ! ਸਾਲਸ ਰਾਏ ਕਹਿੰਦਾ ਹੈ ਕਿ ਇਸ ਲਾਲ ਦੀ ਕੋਈ ਕੀਮਤ ਨਹੀਂ। ਇਹ ਸੌ ਰੁਪਈਆ ਦਰਸ਼ਨ ਭੇਟਾ ਦਿੱਤੀ ਹੈ। ਹਜ਼ੂਰ ਕਹਿਣ ਲੱਗੇ, ਮਰਦਾਨਿਆ! ਜਾ ਵਾਪਿਸ ਕਰਕੇ ਆ। ਅਸਾਂ ਇਸ ਰੁਪਈਏ ਨੂੰ ਕੀ ਕਰਨਾ ਹੈ। ਤੈਨੂੰ ਭੁੱਖ ਲੱਗੀ ਸੀ ਤਾਂ ਇਸ ਲਾਲ ਨੂੰ ਵੇਚ ਕੇ ਕੁੱਝ ਖ਼ਰੀਦ ਕੇ ਲਿਆਉਣਾ ਸੀ। ਕਰਤਾਰ ਆਪੇ ਤੇਰੀ ਭੁੱਖ ਦੀ ਸੰਭਾਲ ਕਰੇਗਾ। ਜਦੋਂ ਭਾਈ ਮਰਦਾਨਾ ਵਾਪਿਸ ਗਏ ਅਤੇ ਸਾਲਸ ਰਾਏ ਨੂੰ ਸੌ ਰੁਪਈਆ ਦੇ ਕੇ ਕਹਿੰਦੇ ਹਨ, ਮਹਾਰਾਜ! ਆਪਣਾ ਰੁਪਈਆ ਚੁੱਕੋ, ਮੇਰਾ ਮੁਰਸ਼ਦ ਇਸ ਰੁਪਈਏ 'ਤੇ ਖ਼ੁਸ਼ ਨਹੀਂ। ਉਸੇ ਵੇਲੇ ਸਾਲਸ ਰਾਏ ਦਾ ਮੱਥਾ ਠਣਕਿਆ। ਪਹਿਲੀ ਗੱਲ, ਇੰਨਾ ਕੀਮਤੀ ਲਾਲ ਤੇ ਦੂਜੀ ਗੱਲ, 100 ਰੁਪਈਆ ਫਿਰ ਵਾਪਿਸ ਕਰਦਾ ਹੋਵੇ। ਕਹਿਣ ਲੱਗਾ, ਤੂੰ ਕਾਹਦੇ ਲਈ ਵੇਚਣ ਆਇਆ ਹੈਂ ? ਕਹਿਣ ਲੱਗਾ, ਭੁੱਖ ਲੱਗੀ ਹੈ, ਇਸ ਲਈ ਵੇਚਣ ਆਇਆ ਹਾਂ। ਪ੍ਰਸ਼ਾਦਾ ਤਿਆਰ ਕਰਾਂਗਾ, ਨਾਲ ਆਪ ਛਕਾਂਗਾ ਤੇ ਨਾਲੇ ਮੁਰਸ਼ਦ ਨੂੰ ਛਕਾਵਾਂਗਾ। ਮਰਦਾਨਾ ਛੱਡ ਕੇ ਰੁਪਈਏ ਪਿਛਾਂਹ ਨੂੰ ਮੁੜਿਆ ਤੇ ਇੰਨੀ ਦੇਰ ਨੂੰ ਸਾਲਸ ਰਾਏ ਨੇ ਆਵਾਜ਼ ਦਿੱਤੀ ਅੱਧਰਕੇ ਨੂੰ। ਚੇਤੇ ਰੱਖੋ, ਅੱਧਰਕੇ ਦੀ ਔਲਾਦ ਤਕਰੀਬਨ ਅੰਗ੍ਰੇਜ਼ਾਂ ਦੇ ਵੇਲੇ ਤੋਂ ਪਹਿਲਾਂ ਮੁਗ਼ਲਾਂ ਦੇ ਰਾਜ ਵੇਲੇ ਤੱਕ ਰਹੀ ਹੈ। ਅੱਧਰਕੇ ਨੂੰ ਬੁਲਾਇਆ ਤੇ ਆਵਾਜ਼ ਦੇ ਕੇ ਕਿਹਾ ਕਿ ਚੱਲ ਟੋਕਰਾ ਭਰ ਫਲਾਂ ਦਾ ਤੇ ਜਿਥੇ ਇਹ ਜਾਂਦਾ ਪਿਆ ਹੈ, ਇਸ ਦੇ ਪਿੱਛੇ ਜਾਈਂ। ਇਸ ਦੇ ਮੁਰਸ਼ਦ ਦੇ ਚਰਨਾਂ ਵਿੱਚ ਰੱਖ ਕੇ ਮੱਥਾ ਟੇਕੀਂ। ਸਾਡੇ ਸ਼ਹਿਰ ਵਿੱਚ ਆਏ ਹਨ, ਭੁੱਖੇ ਨਾ ਜਾਣ।

ਅੱਗੇ-ਅੱਗੇ ਭਾਈ ਮਰਦਾਨਾ ਤੇ ਪਿੱਛੇ-ਪਿੱਛੇ ਅੱਧਰਕਾ ਹੈ। ਗੁਰੂ ਸਾਹਿਬ ਦੇ ਚਰਨਾਂ ਵਿੱਚ ਜਾ ਪਹੁੰਚੇ। ਉਸਨੇ ਟੋਕਰੀ ਫਲਾਂ ਵਾਲੀ ਰੱਖੀ ਹੈ। ਆਖ਼ਿਰ ਉਹ ਨੌਕਰ ਸੀ। ਨੌਕਰ ਦਾ ਇਕ ਗੁਣ ਹੁੰਦਾ ਹੈ ਕਿ ਜਦੋਂ ਝੁਕਣਾ ਸ਼ੁਰੂ ਕਰਦਾ ਹੈ ਤਾਂ ਕੋਈ ਵੀ ਆਵੇ, ਉਸ ਦੇ ਹੱਥ ਇੱਕੋ ਦਮ ਆਪਣੇ ਆਪ ਜੁੜ ਜਾਂਦੇ ਹਨ। ਅਧਰਕੇ ਦੇ ਭਾਗ ਜਾਗੇ। ਰੱਖ ਕੇ ਫਲਾਂ ਦਾ ਟੋਕਰਾ ਬਾਬੇ ਨਾਨਕ ਦੇ ਚਰਨਾਂ ਵਿੱਚ ਮੱਥਾ ਟੇਕਿਆ। ਗੁਰਮੁਖੋ! ਜਦੋਂ ਅੰਦਰੋਂ ਜੁੜਿਆ ਹੋਵੇ ਤਾਂ ਉਦੋਂ ਸਰੀਰ ਨੂੰ ਸਪਰਸ਼ ਕਰਨ ਨਾਲ ਵੀ ਦੂਜੇ ਉੱਪਰ ਅਸਰ ਹੋ ਜਾਂਦਾ ਹੈ। ਵਾਕਿਆ ਹੀ ਤੁਸੀਂ

ਕਦੀ ਦੇਖਿਉ, ਜਿਹੜੇ ਸੁਰਤੀ ਰਾਹੀਂ ਅਭਿਆਸ ਕਰਦੇ ਹਨ, ਕਈ ਵਾਰੀ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਰੋਮ ਰੋਮ ਵਿੱਚ ਇਕ ਬਿਜਲੀ ਦੀ ਤਾਰ ਪਈ ਚਲਦੀ ਹੋਵੇ। ਹਜ਼ੂਰ ਦੇ ਚਰਨਾਂ ਨਾਲ ਜਦੋਂ ਉਸ ਦਾ ਮਸਤਕ ਸਪਰਸ਼ ਕੀਤਾ ਤੇ ਇਕੋ ਦਮ ਭਾਗ ਜਾਗੇ। ਸਤਿਗੁਰੂ ਨੇ ਸੁਭਾਵਿਕ ਉਸ ਦੇ ਸਿਰ 'ਤੇ ਹੱਥ ਰੱਖਿਆ ਤੇ ਮੇਰੇ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਦੇ ਬਚਨਾਂ ਮੁਤਾਬਿਕ -

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥

(ਅੰਕ ੬੯੬)

ਜਦੋਂ ਮੱਥੇ 'ਤੇ ਹੱਥ ਰੱਖਿਆ -

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥

(ਅੰਕ ੬੯੬)

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥

(ਅੰਕ ੪੭੩)

ਉਹੀ ਨਾਮ ਦੀ ਰੌ, ਉਹੀ ਗੁਰੂ ਦੀ ਕ੍ਰਿਪਾ ਅਧਰਕੇ ਦੇ ਅੰਦਰ ਟਿਕ ਗਈ। ਅਧਰਕਾ ਵੀ ਚੁੱਪ ਕਰਕੇ ਬੈਠ ਗਿਆ। ਭਾਈ ਮਰਦਾਨਾ ਸੋਚਦਾ ਹੈ ਕਿ ਮੇਰੇ ਸਾਈਂ ਨੇ ਅਮਿਉ ਰਸ ਦੀ ਬੂੰਦ ਮੁੱਖ ਵਿੱਚ ਪਾ ਦਿੱਤੀ ਹੈ। ਭਾਈ ਮਰਦਾਨਾ ਰੋਜ਼ ਦਾ ਜਾਣੂੰ ਸੀ। ਮਨ ਨੇ ਕਿਹਾ ਮਨਾ! ਸਿੱਪੀ ਬਣ ਕੇ ਆਇਆ ਹੈਂ, ਇਸ ਸਿੱਪੀ ਵਿੱਚ ਸਵਾਂਤੀ ਬੂੰਦ ਪੈ ਗਈ ਹੈ ਤਾਂ ਕੀਮਤੀ ਮੋਤੀ ਬਣੇਗੀ। ਅਧਰਕਾ ਕੁੱਝ ਸਮਾਂ ਬੈਠਾ ਰਿਹਾ। ਸਾਹਿਬ ਨੂੰ ਕਹਿੰਦਾ ਹੈ, ਬਾਬਾ! ਜਾਇਉ ਨਾ। ਹੱਸ ਕੇ ਕਹਿਣ ਲੱਗੇ, ਕਦੀ ਨਹੀਂ ਜਾਂਦੇ।

ਅਧਰਕਾ ਵਾਪਿਸ ਗਿਆ ਤੇ ਇਸ ਦੇ ਚਿਹਰੇ 'ਤੇ ਲਾਲੀ ਹੈ। ਇਸ ਦੀਆਂ ਅੱਖਾਂ ਵਿੱਚ ਚਮਕ ਸੀ। ਸਾਲਸ ਰਾਏ ਪੁੱਛਦਾ ਹੈ ਕਿ ਕਿਹੋ ਜਿਹਾ ਫ਼ਕੀਰ ਸੀ ? ਅਧਰਕਾ ਬੋਲਿਆ ਨਹੀਂ। ਉਹ ਫਿਰ ਪੁੱਛਦਾ ਹੈ ਕਿ ਬੋਲ, ਤੈਨੂੰ ਕੁਝ ਕਿਹਾ ਹੈ ਉਸਨੇ ? ਬਸ ਉਸ ਦੀਆਂ ਅੱਖਾਂ ਵਿੱਚੋਂ ਦੋ ਕੁ ਬੂੰਦਾਂ ਪਾਣੀ ਦੀਆਂ ਟਪਕੀਆਂ ਤੇ ਕਹਿੰਦਾ ਹੈ, ਜੈਸਾ ਵੋਹ ਹੈ, ਵੈਸਾ ਕੋਈ ਨਹੀਂ। ਸਾਹਿਬ ਨੇ ਬਾਣੀ ਵਿੱਚ ਵੀ ਕਿਹਾ ਹੈ ਕਿ ਜੈਸਾ ਤੂੰ ਹੈਂ, ਤੇਰੇ ਵਰਗਾ ਕੋਈ ਨਹੀਂ। ਸਾਲਸ ਰਾਏ ਨੇ ਦੇਖਿਆ ਕਿ ਰੂਹਾਨੀਅਤ ਵਿੱਚ ਡੁੱਬਿਆ ਹੋਇਆ ਫ਼ਕੀਰ ਆਇਆ ਹੈ, ਲੈ ਕੇ ਅਧਰਕੇ ਨੂੰ ਨਾਲ ਤੁਰਿਆ। ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿੱਚ ਜਾ ਪਹੁੰਚਿਆ ਤੇ ਜਾ ਕੇ ਹਜ਼ੂਰ ਦੇ ਚਰਨਾਂ ਵਿੱਚ ਝੁਕਿਆ, ਪਰ ਉਹ ਕ੍ਰਿਪਾ ਨਹੀਂ ਮਿਲੀ, ਜਿਹੜੀ ਅਧਰਕੇ ਨੂੰ ਮਿਲੀ ਹੈ। ਇਕੋ ਦਮ ਹੱਥ ਜੋੜ ਕੇ ਕਹਿੰਦਾ ਹੈ, ਮਹਾਰਾਜ!

ਮੈਂ ਜੌਹਰੀ ਹਾਂ, ਸਾਲਸ ਰਾਏ ਮੇਰਾ ਨਾਮ ਹੈ। ਬਾਬਾ ਕਹਿੰਦਾ ਹੈ ਕਿ ਅੱਜ ਤੱਕ ਪੱਥਰ ਹੀ ਜੋਖਦਾ ਰਿਹਾ ਹੈਂ, ਕਦੀ ਇਹ ਵੀ ਪਰਖਿਆ ਹੈ ਕਿ ਤੇਰੀ ਜ਼ਿੰਦਗੀ ਕੀਮਤੀ ਹੀਰਾ ਹੈ ? ਇਹ ਵੀ ਪਰਖਿਆ ਹੈ ਕਿ ਤੇਰਾ ਜੀਵਨ ਕੀਮਤੀ ਹੀਰਾ ਹੈ ਤੇ ਇਸ ਨੂੰ ਕੌਡੀਆਂ ਦੇ ਭਾਅ ਤੂੰ ਵੇਚਦਾ ਪਿਆ ਹੈਂ। ਸਾਲਸ ਰਾਏ ਕਹਿੰਦਾ ਹੈ ਕਿ ਮੈਂ ਪੱਥਰ ਪਰਖੇ ਹਨ, ਜੀਵਨ ਨਹੀਂ। ਅਧਰਕਾ ਮੇਰਾ ਨੌਕਰ ਹੈ, ਮੈਂ ਹੀ ਇਸ ਨੂੰ ਪਾਰਖੂ ਦੀ ਜਾਚ ਦੱਸੀ ਹੈ। ਹਜ਼ੂਰ ਹੱਸ ਕੇ ਕਹਿੰਦੇ ਹਨ, ਸਾਲਸ ਰਾਏ ! ਅੱਜ ਤੱਕ ਇਹ ਕੇਵਲ ਪੱਥਰ ਦਾ ਪਾਰਖੂ ਸੀ, ਅੱਜ ਕਦੀ ਦੇਖੀਂ, ਇਹ ਨਾਮ ਦਾ ਪਾਰਖੂ ਬਣ ਗਿਆ ਹੈ। ਬਾਬੇ ਨੇ ਕਿਹਾ, ਸਾਲਸ ਰਾਏ! ਤੂੰ ਪੱਥਰ ਪਰਖਣ ਦੀ ਜਾਚ ਸਿਖਾਈ, ਇਹ ਕਈ ਸਾਲ ਤੇਰੇ ਸਾਹਮਣੇ ਝੁਕਿਆ ਹੈ। ਹੁਣ ਜੇ ਤੂੰ ਜ਼ਿੰਦਗੀ ਤੇ ਨਾਮ ਪਰਖਣ ਦੀ ਜਾਚ ਸਿੱਖਣੀ ਹੈ ਤਾਂ ਅਧਰਕੇ ਦੇ ਪੈਰਾਂ ਵਿੱਚ ਮੱਥਾ ਟੇਕ ਦੇ, ਤੈਨੂੰ ਵੀ ਜਾਚ ਆ ਜਾਏਗੀ। ਇਥੇ ਕਹਾਂਗੇ ਕਿਉਂ ਜੀ ? ਅੱਜ ਤੱਕ ਸਾਲਸ ਰਾਏ ਕਿਸੇ ਅੱਗੇ ਝੁਕਿਆ ਨਹੀਂ ਸੀ, ਨੌਕਰ ਹੀ ਝੁਕਦੇ ਸਨ। ਹਜ਼ੂਰ ਕਹਿੰਦੇ ਹਨ ਕਿ ਪਰਖਣ ਦੀ ਜਾਚ ਸਿੱਖਣੀ ਹੈ ਤਾਂ ਝੁਕਣਾ ਪੈਣਾ ਹੈ, ਝੁਕਣ ਤੋਂ ਬਿਨਾਂ ਕੁਝ ਨਹੀਂ ਮਿਲਦਾ। ਕਹਿਣ ਲੱਗਾ, ਮਹਾਰਾਜ! ਠੀਕ ਹੈ। ਹਜ਼ੂਰ ਕਹਿਣ ਲੱਗੇ, ਦੇਖ ਗੰਗਾ ਭਰ ਕੇ ਵੱਗਦੀ ਹੈ। ਪਿਆਸ ਲੱਗੀ ਹੋਵੇ ਤੇ ਗੰਗਾ ਦਾ ਜਲ ਨਿਰਮਲ ਵਹਿੰਦਾ ਹੈ। ਸੱਜਣਾ! ਆਪਣੇ ਆਪ ਉੱਠ ਕੇ ਗੰਗਾ ਦੀ ਧਾਰ ਮੂੰਹ ਵਿੱਚ ਨਹੀਂ ਪੈਣੀ। ਜੇ ਪਾਣੀ ਪੀਣਾ ਹੋਵੇ ਤਾਂ ਬੁੱਕ ਬਣਾ ਕੇ ਇਸ ਦੇ ਕਿਨਾਰੇ 'ਤੇ ਵੀ ਝੁੱਕਣਾ ਪੈਂਦਾ ਹੈ। ਝੁਕਣ ਤੋਂ ਬਿਨਾਂ ਕੁੱਝ ਨਹੀਂ ਮਿਲਦਾ। ਪਿਆਸ ਸਰੀਰ ਦੀ ਬੁਝਾਉਣੀ ਹੈ ਤੇ ਝੁਕਣਾ ਹੈ ਤਾਂ ਪਾਤਰ ਬਣਾਉਣਾ ਪੈਣਾ ਹੈ। ਜੇ ਅੰਦਰ ਦੀ ਪਿਆਸ ਬੁਝਾਉਣੀ ਹੈ ਤਾਂ ਝੁਕ।

ਸਾਲਸ ਰਾਏ ਆਪਣੇ ਨੌਕਰ ਦੇ ਚਰਨਾਂ 'ਤੇ ਝੁਕਿਆ। ਝੁਕਣ ਦੀ ਦੇਰ ਸੀ ਕਿ ਦੀਪਕ-ਗੁਰੂ ਨੇ ਦੀਵਾ ਬਾਲਿਆ ਅਧਰਕੇ ਦੇ ਅੰਦਰ। ਅਧਰਕੇ ਨੇ ਬੁਝਿਆ ਹੋਇਆ ਦੀਵਾ ਬਾਲ ਦਿੱਤਾ ਸਾਲਸ ਰਾਏ ਦੇ ਅੰਦਰ। ਸਾਲਸ ਰਾਏ ਦਾ ਬਲਿਆ ਹੋਇਆ ਦੀਵਾ ਰਹਿੰਦੀ ਦੁਨੀਆਂ ਤੱਕ ਸਾਰੇ ਪਰਿਵਾਰ ਵਿੱਚ ਬਲ ਗਿਆ। ਗੁਰੂ ਦੀਪਕ-ਗੁਰੂ ਹੈ। ਗੁਰੂ ਦੀਵੇ ਬਾਲਦਾ ਹੈ ਆਪਣੇ ਵਰਗੇ ਅੱਗੇ। ਇਸ ਲਈ ਮੇਰੇ ਗੁਰੂ ਅਰਜਨ ਸਾਹਿਬ ਨੇ ਕਿਹਾ -

ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥

(ਅੰਕ ੧੩੮੭)

ਧੰਨ ਗੁਰੂ ਨਾਨਕ ਸਾਹਿਬ ਦੀ ਸੇਵਾ ਕੀਤੀ। ਸਿੱਖ ਤਵਾਰੀਖ ਕਹਿੰਦੀ ਹੈ ਕਿ ਮੇਰੇ ਬਾਬੇ ਨਾਨਕ ਨੇ ਪਾਟਲੀ ਪੁੱਤਰ ਦੀ ਧਰਤੀ 'ਤੇ ਚਾਰ ਮਹੀਨੇ ਬਤੀਤ ਕੀਤੇ। ਜਦੋਂ ਚੱਲੇ ਤਾਂ ਸਾਲਸ ਰਾਏ ਨੇ ਹੱਥ ਜੋੜ ਲਏ। ਹੇ ਦਾਤਾਰ! ਕ੍ਰਿਪਾ ਕਰੋ, ਕੁਝ ਸਮਾਂ ਹੋਰ ਅਟਕੋ। ਹਜ਼ੂਰ ਨੇ ਕਿਹਾ, ਅਟਕਾਂਗੇ ਜ਼ਰੂਰ, ਕੁੱਝ ਮਹੀਨੇ ਨਹੀਂ, ਕਈ ਸਾਲ ਰਹਾਂਗੇ ਤੇ ਤੇਰੇ ਘਰ ਰਹਾਂਗੇ। ਮਹਾਰਾਜ ਕਦੋਂ ? ਕਹਿੰਦੇ ਹਨ, ਜਦੋਂ ਦਸਵਾਂ ਜਾਮਾ ਸਾਡਾ ਧਰਤੀ 'ਤੇ ਆਏਗਾ।

ਧੰਨ ਗੁਰੂ ਨਾਨਕ ਸਾਹਿਬ ਦੀ ਰਹਿਮਤ ਉਸ ਘਰ ਨੂੰ ਨਸੀਬ ਹੋਈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਜੀ ਤੱਕ, ਦੂਜੇ ਗੁਰੂ ਅੰਗਦ ਸਾਹਿਬ ਜੀ ਤੋਂ ਲੈ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਤੱਕ ਕਿਸੇ ਵੀ ਗੁਰੂ ਸਾਹਿਬ ਦੇ ਚਰਨ ਪਟਨੇ ਦੀ ਧਰਤੀ 'ਤੇ ਨਹੀਂ ਪਏ। ਜਦੋਂ ਹੁਕਮਨਾਮੇ ਪੜ੍ਹਦੇ ਹਾਂ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਪਟਨੇ ਦੀ ਸੰਗਤ ਕਦੀ ਗੁਰੂ ਨਾਨਕ ਦੇ ਘਰ ਤੋਂ ਟੁੱਟੀ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਦੇ ਦੋ ਹੁਕਮਨਾਮੇ ਪੜ੍ਹੋ। ਅੱਜ ਇਕ ਗੱਲ ਹੋਰ ਸਪੱਸ਼ਟ ਹੋਈ। ਕੋਈ ਸੱਜਣ ਕਹਿੰਦੇ ਹਨ—ਭਾਈ ਮਤੀ ਦਾਸ ਦੇ ਪਰਿਵਾਰ ਦੀ ਗੱਲ ਕਰਦਿਆਂ ਕਿ ਉਹਨਾਂ ਦੇ ਭਰਾ ਦੇ ਹੁਕਮਨਾਮੇ ਦੀ ਜਦੋਂ ਹੋਰ ਖੋਜ ਕੀਤੀ ਤਾਂ ਇਹ ਪਤਾ ਲੱਗਾ ਕਿ ਇਹ ਸਿੱਖ ਕੋਈ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦਾ ਇਕ ਭਾਈ ਜਾਕੂ ਤੇ ਇਕ ਭਾਈ ਦਇਆਲ ਇਹ ਪਟਨੇ ਦੀ ਸੰਗਤ ਦੇ ਆਗੂ ਰਹੇ ਹਨ। ਜਦੋਂ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਸਨ ਤਾਂ ਉਸ ਤੋਂ ਬਾਅਦ ਅਧਰਕੇ ਨੂੰ ਮੰਜੀ ਦੇ ਗਏ ਸਨ। ਅਧਰਕੇ ਨੂੰ ਕਿਹਾ ਸੀ ਕਿ ਤੂੰ ਮੰਜੀ 'ਤੇ ਬੈਠ ਕੇ ਸੰਗਤ ਨੂੰ ਉਪਦੇਸ਼ ਦੇਣਾ ਹੈ। ਹਜ਼ੂਰ ਦੀ ਹਜ਼ੂਰੀ ਵਿੱਚ ਅਧਰਕੇ ਨੂੰ ਕ੍ਰਿਪਾ ਮਿਲੀ। ਅਧਰਕੇ ਤੋਂ ਬਾਅਦ ਸਾਲਸ ਰਾਏ। ਇਹਨਾਂ ਦੇ ਪਰਿਵਾਰ ਤੋਂ ਜੰਮ ਚਲਦੇ ਆਏ ਭਾਈ ਜਾਕੂ ਤੇ ਭਾਈ ਦਇਆਲਾ। ਗੁਰੂ ਹਰਿਗੋਬਿੰਦ ਸਾਹਿਬ ਹੁਕਮਨਾਮਾ ਲਿਖਦੇ ਹਨ ਤੇ ਕਿੰਨੇ ਸੋਹਣੇ ਸ਼ਬਦ ਵਰਤਦੇ ਹਨ -

ਸਰਬੱਤ ਪਟਨੇ ਕੀ ਸੰਗਤ ਕੋ ਗੁਰੂ ਰੱਖੇਗਾ ਭਾਈ ਦਇਆਲਾ ਭਾਈ ਜਾਕੂ ਇਕ ਦਾਸੀ ਹੋਏ ਰਹਿਣਾ।

ਜਦੋਂ ਮੈਂ ਸ਼ਬਦ ਪੜ੍ਹਿਆ ਇਕ ਦਾਸੀ ਹੋਏ ਰਹਿਣਾ ਤਾਂ ਇਸ ਦਾ ਮਤਲਬ ਕੀ ਹੈ ? ਉਸ ਹੁਕਮਨਾਮੇ ਦੀ ਵਿਆਖਿਆ ਕਰਦਿਆਂ ਸਮਝ ਪਈ ਕਿ ਇਕ ਦਾਸੀ ਦਾ ਮਤਲਬ ਹੈ—ਇਕ ਰੱਬ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਨਾ ਕਰਨਾ। ਫਿਰ ਦੇਖੋ ਮੰਗਦੇ ਕੀ ਹਨ -

ਇਕ ਦਾਸੀ ਹੋਏ ਰਹਿਣਾ ਗੁਰਬਾਣੀ ਕਾ ਅਭਿਆਸ ਕਰਨਾ ਦੋਏ

ਜੋੜੀਆਂ ਭੇਜਣੀਆਂ ਇਕ ਕੋਇਲ ਕੀ ਇਕ ਕਬੂਤਰਾਂ ਕੀ।

ਇਸ ਦਾ ਮਤਲਬ ਹੈ ਕਿ ਧੰਨ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਪੰਛੀ ਰੱਖਣ ਦੇ ਬੜੇ ਸ਼ੌਕੀਨ ਹਨ। ਹੁਕਮਨਾਮਾ ਤਖ਼ਤ ਸਾਹਿਬ ਉੱਪਰ ਪਿਆ ਹੈ। ਦੂਜਾ ਹੁਕਮਨਾਮਾ ਫਿਰ ਹਰਿਗੋਬਿੰਦ ਸਾਹਿਬ ਉੱਪਰ ਹੈ। ਕਹਿਣ ਲੱਗੇ-

ਸਰਬੱਤ ਪਟਨੇ ਕੀ ਸੰਗਤ ਗੁਰੂ ਕਾ ਖਾਲਸਾ ਹੈ।

ਇਥੇ ਸਵਾਲ ਉੱਠਦਾ ਹੈ ਕਿ ਗੁਰੂ ਕਾ ਖਾਲਸਾ ਕਿਉਂ ਕਿਹਾ ? ਹਜ਼ੂਰ ਨੇ ਤਿੰਨ ਤਰ੍ਹਾਂ ਦੀ ਸੰਗਤ ਕਹੀ। ਇਕ ਸਨ ਮਸੰਦ ਵੱਡੇ। ਉਹ ਪ੍ਰਚਾਰ ਕਰਦੇ ਸਨ ਤੇ ਸੰਗਤ ਨੂੰ ਗੁਰੂ ਕੋਲ ਲੈ ਕੇ ਆਉਂਦੇ ਸਨ। ਇਹਨਾਂ ਮਸੰਦਾਂ ਨੇ ਅੱਗੇ ਆਪਣੇ ਮਸੰਦ ਥਾਪੇ ਹੋਏ ਸਨ। ਉਹ ਉਪ-ਮਸੰਦ ਸਨ। ਉਹ ਮਸੰਦ ਸੰਗਤ ਨੂੰ ਵੱਡੇ ਮਸੰਦ ਕੋਲ ਲੈ ਕੇ ਆਉਂਦੇ ਸਨ। ਜਿਹੜੀ ਤੀਜੀ ਤਰ੍ਹਾਂ ਦੀ ਸੰਗਤ ਸੀ, ਜਿਸ ਦਾ ਮਸੰਦ ਨਾਲ ਕੋਈ ਵਾਸਤਾ ਨਹੀਂ ਸੀ, ਉਹ ਸਿੱਧੀ ਗੁਰੂ ਨਾਲ ਜੁੜੀ ਹੁੰਦੀ ਸੀ। ਉਸ ਸੰਗਤ ਨੂੰ ਉਸ ਵੇਲੇ ਗੁਰੂ ਦਾ ਖਾਲਸਾ ਕਿਹਾ ਜਾਂਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਬਦ ਵਰਤੇ ਕਿ ਪਟਨੇ ਕੀ ਸੰਗਤ ਗੁਰੂ ਕਾ ਖਾਲਸਾ ਹੈ।

ਸਮਾਂ ਲੰਘਿਆ। ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨ ਨਹੀਂ ਪਏ। ਗੁਰੂ ਤੇਗ਼ ਬਹਾਦਰ ਸੱਚੀ ਸਰਕਾਰ ਪਾਟਲੀ ਪੁੱਤਰ ਪਟਨਾ ਸਾਹਿਬ ਦੀ ਧਰਤੀ 'ਤੇ ਪਹੁੰਚੇ। ਪਰਿਵਾਰ ਵਿੱਚ ਮਾਮਾ ਕ੍ਰਿਪਾਲ ਜੀ, ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ, ਗੁਰੂ ਤੇਗ਼ ਬਹਾਦਰ ਜੀ, ਭਾਈ ਦਇਆਲਾ ਜੀ ਆਦਿਕ ਇਹ ਗੁਰੂ ਦੇ ਸਿੱਖੇ! ਪਟਨਾ ਸਾਹਿਬ ਜਿਸ ਦੇ ਤੁਸੀਂ ਦਰਸ਼ਨ ਕਰਦੇ ਹੋ ਅਤੇ ਜਿਸਨੂੰ ਗਊ ਘਾਟ ਵੀ ਕਿਹਾ ਜਾਂਦਾ ਹੈ, ਭਾਈ ਜੈਤ ਮੱਲ ਸ਼ੇਖ਼ ਦੇ ਘਰ ਗਏ। ਉਹ ਸੱਜਣ ਬੜੀ ਭਾਵਨਾ ਵਾਲਾ ਸੀ। ਮੇਰੇ ਧੰਨ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕਰਨ ਲਈ ਸੰਗਤਾਂ ਉਮੜ ਕੇ ਆਈਆਂ। ਸਾਰਾ ਪਟਨਾ ਸਾਹਿਬ ਅੱਜ ਗੁਰੂ ਦੇ ਦਰਸ਼ਨ ਕਰਨ ਲਈ ਉਮੜ ਆਇਆ। ਇਹ ਗੱਲ ਤਕਰੀਬਨ 1666 ਦੇ ਕਰੀਬ ਦੀ ਹੈ।

ਹਰ ਗੁਰੂ ਸਾਹਿਬ ਨੇ ਵੱਖ-ਵੱਖ ਰੰਗ ਭਰੇ ਹਨ ਇਸ ਖਾਲਸੇ ਦੀ ਮੰਜ਼ਿਲ ਵਿਚ। ਕਿਸੇ ਨੇ ਸੇਵਾ ਦਾ ਰੰਗ ਭਰਿਆ, ਕਿਸੇ ਨੇ ਵੀਰਤਾ ਦਾ ਰੰਗ ਭਰਿਆ, ਕਿਸੇ ਨੇ ਤਿਆਗ ਦਾ ਰੰਗ ਭਰਿਆ, ਕਿਸੇ ਨੇ ਹੁਕਮ ਮੰਨਣ ਦੇ ਰੰਗ ਭਰੇ। ਸਾਹਿਬ ਨੇ ਉਥੇ ਸ਼ਬਦ ਵਰਤੇ, ਮੈਂ ਪੰਥ ਦਾ ਪ੍ਰਚਾਰ ਕਰਨ ਆਇਆ ਹਾਂ। ਮਹਾਰਾਜ ਕਿਹੜਾ ਪ੍ਰਚਾਰ ਕਰਨ ਆਏ ਹੋ ? ਪੰਥ ਤਾਂ ਪਹਿਲਾਂ ਵੀ ਬੜੇ ਸਨ। ਭਾਈ ਗੁਰਦਾਸ ਕਹਿਣ ਲੱਗੇ ਕਿ ਉਸ ਪੰਥ ਦਾ ਪ੍ਰਚਾਰ ਕਰਨ ਆਏ ਹਾਂ, ਜਿਸ ਸਬੰਧੀ ਗੁਰੂ ਅਰਜਨ ਸਾਹਿਬ ਨੇ ਕਿਹਾ ਹੈ -

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥

(ਅੰਕ ੭੬੩)

ਧੰਨ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਪਟਨਾ ਸਾਹਿਬ ਦੀ ਧਰਤੀ 'ਤੇ ਪਹੁੰਚ ਗਏ। ਉਸ ਵੇਲੇ ਭਾਈ ਜੈਤ ਮੱਲ ਦੇ ਘਰ ਟਿਕੇ। ਪਰਤ ਕੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਆਉਂਦਾ ਹੈ ਕਿ ਇਕ ਹਵੇਲੀ ਦਿੱਤੀ ਗਈ। ਹਜ਼ੂਰ ਉਥੇ ਵੀ ਟਿਕੇ। ਮੇਰੇ ਹਜ਼ੂਰ ਸੱਚੇ ਪਾਤਿਸ਼ਾਹ ਨੇ ਉਸ ਘਰ ਵਿੱਚ ਵਸੇਬਾ ਕੀਤਾ, ਜਿਸ ਨੂੰ ਅੱਜ ਅਸੀਂ ਆਪਣਾ ਦੂਜਾ ਤਖ਼ਤ ਕਹਿੰਦੇ ਹਾਂ। ਸਾਰਾ ਪਰਿਵਾਰ ਇਥੇ ਟਿਕਿਆ। ਗੁਰੂ ਤੇਗ਼ ਬਹਾਦਤ ਜੀ ਆਪ ਆਸਾਮ ਦੀ ਧਰਤੀ ਨੂੰ ਚਲੇ ਗਏ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਾਦੀ ਨੂੰ ਹੋਇਆਂ 32-33 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਅਸੀਂ ਗ੍ਰਿਹਸਤੀ ਬੈਠੇ ਹਾਂ। ਸ਼ਾਦੀ ਤੋਂ 2-4 ਸਾਲ ਬਾਅਦ ਘਰ ਪੁੱਤਰ ਨਾ ਹੋਵੇ ਤਾਂ ਸਾਡੇ ਅੰਦਰ ਖੋਹ ਪੈਂਦੀ ਹੈ। ਜਿਸ ਗ੍ਰਿਹਸਤੀ ਦੇ ਘਰ ਅੰਦਰ 33 ਸਾਲ ਬਾਅਦ ਅੱਜ ਰੱਬ ਨੇ ਕੋਈ ਦਾਤ ਦੇਣੀ ਹੈ ਤਾਂ ਦੁਨੀਆਂ ਦਾ ਦੁੱਖ ਨਿਵਾਰਣ ਵਾਲਾ ਪਾਤਿਸ਼ਾਹ ਆਪਣੇ ਪਰਿਵਾਰ ਕੋਲ ਨਹੀਂ ਟਿਕਿਆ। ਸਿੱਖਾ! ਚੇਤੇ ਰੱਖੀਂ, ਇਸ ਦਾ ਅਹਿਸਾਨ ਹਿੰਦੁਸਤਾਨ ਕਦੀ ਨਹੀਂ ਲਾਹ ਸਕਦਾ, ਜੋ ਗੁਰੂ ਤੇਗ਼ ਬਹਾਦਰ ਜੀ ਨੇ ਮੇਹਰ ਕੀਤੀ।

ਔਰੰਗਜ਼ੇਬ ਨੇ ਜ਼ੁਲਮ ਦੀ ਹਨ੍ਹੇਰੀ ਝੁਲਾਈ ਹੈ। ਹਜ਼ੂਰ ਪਟਨਾ ਸਾਹਿਬ ਛੱਡ ਕੇ ਚਲੇ ਗਏ। ਪਟਨਾ ਸਾਹਿਬ ਦੀ ਸੰਗਤ 'ਤੇ ਕਿੰਨਾ ਭਰੋਸਾ ਹੋਵੇਗਾ, ਜਿਸ ਕਰਕੇ ਉਹ ਆਪਣੇ ਪਰਿਵਾਰ ਨੂੰ ਉਥੇ ਛੱਡ ਕੇ ਚਲੇ ਗਏ। ਜਦੋਂ ਮਾਤਾ ਨੇ ਉਸ ਹਵੇਲੀ ਵਿੱਚ ਨਿਵਾਸ ਕੀਤਾ ਤਾਂ ਫਿਰ ਕਲਗੀਧਰ ਪਿਤਾ ਨੇ ਸ਼ਬਦ ਵਰਤਿਆ ਕਿ ਮੇਰੇ ਮਾਤਾ ਪਿਤਾ -

ਮੁਰ ਪਿਤ ਪੂਰਬ ਕੀਯਸਿ ਪਯਾਨਾ ॥
ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥
ਜਬ ਹੀ ਜਾਤ ਤ੍ਰਿਬੇਣੀ ਭਏ ॥
ਪੁੰਨ ਦਾਨ ਦਿਨ ਕਰਤ ਬਿਤਾਏ ॥੧॥
ਤਹੀਂ ਪ੍ਰਕਾਸ਼ ਹਮਾਰਾ ਭਯੋ ॥
ਪਟਨਾ ਸ਼ਹਿਰ ਬਿਖੈ ਭਵ ਲਯੋ ॥

ਧੰਨ ਗੁਰੂ ਕਲਗੀਧਰ ਜੀ ਦੀ ਆਮਦ 22 ਦਸੰਬਰ, 1666 ਨੂੰ ਹੋਈ। ਗੁਰੂ ਤੇਗ਼ ਬਹਾਦਰ ਜੀ ਉਸ ਵੇਲੇ ਢਾਕੇ ਦੀ ਧਰਤੀ 'ਤੇ ਸਨ। ਪਿਛਾਂਹ ਨੂੰ ਨਹੀਂ ਮੁੜੇ। ਸੀਨੇ ਵਿੱਚ ਮਨੁੱਖਤਾ ਦਾ ਦਰਦ ਸਾਂਭ ਕੇ ਤੁਰਿਆ ਹੈ ਗੁਰੂ। ਸਾਰੀ

ਰਾਤ ਉਸ ਦਿਨ ਵਿਸ਼ਰਾਮ ਨਹੀਂ ਕੀਤਾ। ਭਾਈ ਸਾਹਿਬ ਭਾਈ ਵੀਰ ਸਿੰਘ ਕਹਿੰਦੇ ਹਨ ਕਿ ਢਾਕੇ ਦੀ ਧਰਤੀ 'ਤੇ ਚੌਂਕੜਾ ਮਾਰ ਕੇ ਗੁਰੂ ਤੇਗ਼ ਬਹਾਦਰ ਸੱਚੀ ਸਰਕਾਰ ਬੈਠੇ ਰਹੇ। ਅੰਮ੍ਰਿਤ ਵੇਲੇ ਸਾਹਿਬਜ਼ਾਦੇ ਦੀ ਆਮਦ ਹੋਈ ਤਾਂ ਮੁਸਕਰਾਏ। ਨਾਲ ਦੇ ਸਿੱਖਾਂ ਨੇ ਪੁੱਛਿਆ, ਖ਼ਾਸ ਕਰਕੇ ਉਥੋਂ ਦਾ ਮਸੰਦ ਬੁਲਾਕੀ ਦਾਸ ਸੀ, ਪੁੱਛਦੇ ਹਨ ਕਿ ਸਤਿਗੁਰੂ! ਸਾਰੀ ਰਾਤ ਵਿਸ਼ਰਾਮ ਨਹੀਂ ਕੀਤਾ। ਸਵੇਰੇ ਕਿਉਂ ਅੱਜ ਹੱਸੇ ? ਕਹਿਣ ਲੱਗੇ ਕਿ ਗੁਰੂ ਨਾਨਕ ਸਾਹਿਬ ਨੇ ਜਿਹੜੇ ਦਸਵੇਂ ਜਾਮੇ ਵਿੱਚ ਵਿਚਰਨਾ ਹੈ, ਉਹ ਦੁਸ਼ਮਣਾਂ ਦੀਆਂ ਜੜ੍ਹਾਂ ਹਿਲਾਉਣ ਵਾਲਾ ਪਟਨੇ ਦੀ ਧਰਤੀ 'ਤੇ ਆ ਗਿਆ ਹੈ।

ਗੁਰੂ ਬੜਾ ਸਮਰੱਥ ਹੈ। ਜੇ ਪੰਜਾਬ ਦੀ ਧਰਤੀ 'ਤੇ ਭੀਖਣ ਸ਼ਾਹ ਬੈਠਾ ਹੈ ਤੇ ਇਸ ਨੂੰ ਪਤਾ ਲੱਗਾ ਤਾਂ ਪੱਛਮ ਨੂੰ ਛੱਡ ਕੇ ਪੂਰਬ ਨੂੰ ਸਿਜਦੇ ਪਿਆ ਕਰਦਾ ਹੈ। ਗੁਰੂ ਤੇਗ਼ ਬਹਾਦਰ ਤਾਂ ਦੀਨ ਦੁਨੀਆਂ ਦਾ ਸਾਈਂ ਹੈ। ਹਜ਼ੂਰ ਨੂੰ ਖ਼ਬਰ ਪਹੁੰਚਦੀ ਹੈ ਤੇ ਨਾਮ ਰੱਖਿਆ ਜਾਂਦਾ ਹੈ–ਗੋਬਿੰਦ। ਗੁਰੂ ਤੇਗ਼ ਬਹਾਦਰ ਫਿਰ ਮਿਹਰ ਕਰਦੇ ਹਨ ਤੇ ਇਕ ਹੁਕਮਨਾਮਾ ਪਟਨੇ ਦੀ ਸੰਗਤ ਨੂੰ ਪਿੱਛੇ ਲਿਖਦੇ ਹਨ। ਜਦੋਂ ਹੁਕਮਨਾਮਾ ਲਿਖਦੇ ਹਨ ਤੇ ਸ਼ਬਦ ਲਿਖਦੇ ਹਨ-

ਗੋਬਿੰਦ ਜੀ ਦੀ ਬਧਾਈ ਹੋਵੇ। ਸੰਗਤ ਨੇ ਜੋ ਵੀ ਰੁਪਈਆ ਧੇਲਾ ਕੌਡੀ ਖ਼ਰਚ ਕੀਤਾ ਹੈ, ਗੁਰੂ ਦੀ ਦਰਗਾਹ ਵਿੱਚ ਪਾਏਗਾ। ਸਰਬੱਤ ਪਟਨੇ ਕੀ ਸੰਗਤ ਕੋ ਗੁਰੂ ਰੱਖੇਗਾ।

ਹਜ਼ੂਰ ਅੱਗੇ ਚਲੇ ਗਏ ਹਨ। ਮੇਰੇ ਕਲਗੀਧਰ ਸੱਚੇ ਪਿਤਾ ਇਹਨਾਂ ਦੀ ਪਾਲਣਾ ਸ਼ੁਰੂ ਹੋਈ ਹੈ। ਪਟਨੇ ਦੀ ਸੰਗਤ ਨੇ ਬੜੇ ਚਾਅ ਨਾਲ ਪਾਲਿਆ। ਮਾਮਾ ਕਿਰਪਾਲ ਚੰਦ ਜੀ ਗੋਬਿੰਦ ਰਾਏ ਜੀ ਦੀ ਪਰਵਰਿਸ਼ ਵਿੱਚ ਹਨ। ਭਾਈ ਦਇਆਲ ਦਾਸ ਜੀ ਨੂੰ ਫਿਰ ਹੁਕਮਨਾਮਾ ਆਉਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਲਿਖਦੇ ਹਨ-

ਸਰਬੱਤ ਪਟਨੇ ਕੀ ਸੰਗਤ

ਕੋਈ ਸ਼ਬਦ ਮੈਂ ਸਿਰਫ਼ ਵਿੱਚੋਂ ਵਿੱਚੋਂ ਕਹਿ ਰਿਹਾ ਹਾਂ, ਵੈਸੇ ਹੈਨ ਕਾਫ਼ੀ ਵੱਡੇ। ਕਹਿਣ ਲੱਗੇ-

ਭਾਈ ਦਇਆਲ ਦਾਸ ਇਹ ਜੋ ਕਹੇਗਾ ਸੋ ਗੁਰੂ ਕਾ ਕਿਹਾ ਹੋਇਆ ਮੰਨਣਾ।

ਮੇਰੇ ਗੋਬਿੰਦ ਰਾਏ ਉਹਨਾਂ ਗਲੀਆਂ ਵਿੱਚ ਸਰੀਰਕ ਤੌਰ 'ਤੇ ਵੱਡੇ ਹੋਣ

ਲੱਗੇ ਹਨ, ਉਹਨਾਂ ਪਟਨੇ ਦੀਆਂ ਗਲੀਆਂ ਨੂੰ ਸੁਭਾਗ ਪ੍ਰਾਪਤ ਹੈ। ਮੇਰੇ ਦਾਤਾ ਦੇ ਨਿੱਕੇ ਨਿੱਕੇ ਚਰਨ ਉਸ ਦੇ ਵਿੱਚ ਦੌੜਦੇ ਰਹੇ ਹਨ। ਥੋੜ੍ਹੇ ਜਿਹੇ ਵੱਡੇ ਹੋਏ ਹਨ। ਅੱਜ ਮੇਰੇ ਬਾਲਾ ਪ੍ਰੀਤਮ ਦੇ ਹੱਥ ਵਿੱਚ ਗੁਲੇਲ ਆ ਗਈ ਹੈ। ਪਤਾ ਹੈ ਜ਼ਾਲਮ ਨਾਲ ਟੱਕਰ ਲੈਣੀ ਹੈ। ਗੁਲੇਲ ਲੈ ਕੇ ਉਥੇ ਘੜੇ ਭੰਨਣੇ ਸ਼ੁਰੂ ਕੀਤੇ ਹਨ। ਰੌਲਾ ਪੈ ਗਿਆ। ਮਾਤਾ ਨੇ ਅਨੇਕਾਂ ਤਰ੍ਹਾਂ ਦੀਆਂ ਗਾਗਰਾਂ ਦਿੱਤੀਆਂ। ਮੇਰੇ ਬਾਲਾ ਪ੍ਰੀਤਮ ਨੇ ਤੀਰ ਫੜੇ। ਅਖ਼ੀਰ ਵਿੱਚ ਜਿਹੜੀ ਖੂਹੀ ਅੱਜ ਵੀ ਤੁਸੀਂ ਤਖ਼ਤ ਪਟਨਾ ਸਾਹਿਬ ਵਿੱਚ ਦਰਸ਼ਨ ਕਰਦੇ ਹੋ, ਇਸ ਖੂਹੀ ਵਿੱਚੋਂ ਲੋਕ ਪਾਣੀ ਭਰਨ ਆਉਂਦੇ ਸਨ। ਉਸ ਸਮੇਂ ਜਦੋਂ ਕਈਆਂ ਨੇ ਰੋਸ ਪ੍ਰਗਟ ਕੀਤਾ ਤਾਂ ਉਸ ਖੂਹੀ ਦਾ ਪਾਣੀ ਖਾਰਾ ਹੋ ਗਿਆ। ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਆਸਾਮ ਦੀ ਧਰਤੀ 'ਤੇ ਗਏ। ਪਿਛੋਂ ਕਲਗੀ ਵਾਲੇ ਨੇ ਰੂਹਾਨੀਅਤ ਦੇ ਬੜੇ ਚੋਜ ਕੀਤੇ ਹਨ। ਅੱਜ ਗੰਗਾ ਦੇ ਕਿਨਾਰੇ ਆਏ ਹਨ। ਮੇਰੇ ਗੁਰੂ ਗੋਬਿੰਦ ਰਾਏ ਨੇ ਆਪਣੇ ਹੱਥ ਵਿੱਚ ਕੰਗਨ ਪਾਏ ਹੋਏ ਹਨ, ਇਕ ਕੰਗਨ ਲਾਹ ਕੇ ਗੰਗਾ ਦੇ ਪਾਣੀ ਵਿੱਚ ਸੁੱਟਿਆ ਤੇ ਘਰ ਆ ਗਏ। ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੇ ਕਿਹਾ, ਲਾਲ ਜੀ। ਸਿੱਖ ਨੇ ਬੜੀ ਭਾਵਨਾ ਨਾਲ ਕੰਗਨ ਦਿੱਤੇ ਸਨ ਤੇ ਤੁਸੀਂ ਪਾਣੀ ਵਿੱਚ ਸੁੱਟ ਦਿੱਤਾ। ਕਿੱਥੇ ਸੁੱਟਿਆ ਹੈ ? ਦੂਜੇ ਦਿਨ ਸਵੇਰੇ ਪੁੱਛਿਆ ਕਿ ਕਿੱਥੇ ਸੁੱਟਿਆ ਹੈ ਤਾਂ ਦੂਜਾ ਵੀ ਲਾਹ ਕੇ ਮਾਰਿਆ ਕਿ ਮਾਂ, ਇਥੇ ਸੁੱਟਿਆ ਹੈ। ਕਹਿਣ ਲੱਗੇ, ਲਾਲ ਜੀ! ਪਹਿਲਾ ਸੁੱਟਿਆ ਤੇ ਅੱਜ ਫਿਰ ਦੂਜਾ ਵੀ ਸੁੱਟ ਦਿੱਤਾ। ਇਹ ਕਿਉਂ? ਦਾਦੀ ਮਾਂ ਨੂੰ ਕਹਿਣ ਲੱਗੇ, ਮਾਂ! ਤੂੰ ਹੀ ਤਾਂ ਰਾਤ ਨੂੰ ਸ਼ਬਦ ਚੇਤੇ ਕਰਾਇਆ ਸੀ -

> ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
> ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ (ਅੰਕ ੬੩੩)

ਸੋਚਦਾ ਸੀ ਕਿ ਮਾਂ ਜੋ ਪੜ੍ਹਾਉਂਦੀ ਹੈ, ਕੀ ਉਹ ਮੇਰੀ ਜ਼ਿੰਦਗੀ 'ਤੇ ਵੀ ਢੱਲਦਾ ਹੈ ਜਾਂ ਨਹੀਂ। ਇਸ ਕੰਚਨ ਨੂੰ ਮੈਂ ਮਿੱਟੀ ਸਮਝ ਕੇ ਗੰਗਾ ਵਿੱਚ ਸੁੱਟ ਦਿੱਤਾ। ਵਾਕਿਆ ਹੀ ਸੋਨੇ ਪਾਉਣ ਵਾਲੇ ਜ਼ਾਲਮਾਂ ਦਾ ਮੂੰਹ ਭੁਆਂ ਦਿੰਦੇ ਹਨ।

ਇਸ ਤੋਂ ਬਾਅਦ ਇਸੇ ਘਾਟ 'ਤੇ ਰੋਜ਼ ਇਕ ਸੱਜਣ ਬੈਠਦਾ ਹੈ—ਪੰਡਿਤ ਸ਼ਿਵ ਦੱਤ। ਰਾਮ ਜੀ ਦਾ ਉਹ ਉਪਾਸ਼ਕ ਹੈ। ਬਾਲਾ ਪ੍ਰੀਤਮ ਜੀ ਆਉਂਦੇ ਹਨ ਤਾਂ ਗੰਗਾ ਦੇ ਪਾਣੀ 'ਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਆਉਣਾ। ਕਈ ਤਰ੍ਹਾਂ ਦੇ ਚੋਜ ਕਰਨੇ। ਅੱਜ ਅਚਨਚੇਤ ਪੰਡਿਤ ਜੀ ਚੌਂਕੜਾ ਮਾਰ ਕੇ ਨੇਤਰ ਬੰਦ ਕਰਕੇ ਬੈਠੇ ਹਨ। ਮੇਰੀ ਸੱਚੀ ਸਰਕਾਰ ਗਈ ਤੇ ਅਸਲ ਵਿੱਚ ਇਤਿਹਾਸ

ਕਹਿੰਦਾ ਹੈ ਕਿ ਬਾਲਾ ਪ੍ਰੀਤਮ ਨਾਮ ਵੀ ਪੰਡਿਤ ਸ਼ਿਵ ਦੱਤ ਨੇ ਹੀ ਦਿੱਤਾ ਸੀ। ਹਜ਼ੂਰ ਗਏ। ਇਕੋ ਦਮ ਜਿਵੇਂ ਮੋਢਿਆਂ ਵਾਲੇ ਪਾਸੇ ਬੱਚੇ ਪੈਂਦੇ ਹਨ, ਦੌੜ ਕੇ ਘੁੱਟ ਕੇ ਗਲੇ ਤੋਂ ਫੜ ਕੇ ਕੰਨ ਕੋਲ ਆਪਣਾ ਮੁਖ ਲਾ ਕੇ ਕਹਿੰਦੇ ਹਨ, ਪੰਡਿਤ ਜੀ! ਝਾਤ। ਪੰਡਿਤ ਨੇ ਇਕੋ ਦਮ ਨੇਤਰ ਖੋਲ੍ਹੇ। ਦੇਖਿਆ ਕਿ ਜਿਹੜੇ ਰੱਬ ਨੂੰ ਪੂਜਦਾ ਪਿਆ ਹੈ, ਇਸ ਧਰਤੀ 'ਤੇ ਤਾਂ ਉਹ ਆ ਗਿਆ ਹੈ, ਜਿਸ ਦੇ ਚਰਨਾਂ ਦੇ ਦੇਵੀ ਦੇਵਤੇ ਪੁਜਾਰੀ ਹਨ। ਮੇਰੇ ਗੁਰੂ ਕਲਗੀਧਰ ਜੀ ਨੇ ਗਲਵਕੜੀ ਪਾਈ ਉਸ ਸ਼ਿਵ ਦੱਤ ਨੂੰ ਤੇ ਕਹਿਣ ਲੱਗੇ, ਰੌਲਾ ਨਹੀਂ ਪਾਉਣਾ, ਇਸ ਥਾਂ 'ਤੇ ਰੋਜ਼ ਆ ਕੇ ਬੈਠਦਾ ਰਹੀਂ, ਅਸੀਂ ਰੋਜ਼ ਮਿਲਦੇ ਰਹਾਂਗੇ। ਹਜ਼ੂਰ ਰੋਜ਼ ਜਾਂਦੇ ਰਹੇ ਤੇ ਗਲਵਕੜੀ ਪਾ ਕੇ ਇਕੋ ਗੱਲ ਕਹਿਣੀ, ਪੰਡਿਤ ਜੀ! ਝਾਤ। ਸ਼ਿਵ ਦੱਤ ਅਮਿਉ ਰਸ ਨਾਲ ਭਿੱਜ ਗਿਆ।

ਅੱਜ ਬੈਠਾ ਹੈ ਚੌਂਕੜਾ ਮਾਰ ਕੇ ਤਾਂ ਹਜ਼ੂਰ ਦੀ ਕ੍ਰਿਪਾ ਹੋਈ ਤੇ ਰਾਜਾ ਤੇ ਰਾਣੀ ਫ਼ਤਹਿ ਚੰਦ ਮੈਣੀ ਦੋਨੋਂ ਆਏ ਹਨ। ਸ਼ਿਵ ਦੱਤ ਮਹਾਨ ਤੇ ਬਜ਼ੁਰਗ ਪੰਡਿਤ ਸਨ। ਮੱਥਾ ਟੇਕ ਕੇ ਕਹਿੰਦੇ ਹਨ, ਪੰਡਿਤ ਜੀ! ਕਈ ਦਿਨਾਂ ਤੋਂ ਤੁਹਾਡੇ ਜੀਵਨ ਵਿੱਚ ਬੜਾ ਵੱਡਾ ਪਲਟਾ ਆ ਗਿਆ ਹੈ। ਤੁਹਾਡੀ ਰਸਨਾ 'ਤੇ ਪ੍ਰਭੂ ਦਾ ਨਿਵਾਸ ਹੋ ਗਿਆ ਹੈ। ਤੁਹਾਡੇ ਕੋਲੋਂ ਇਕ ਮੰਗ ਮੰਗਣ ਆਇਆ ਹਾਂ। ਦੱਸੋ ? ਕਹਿਣ ਲੱਗੇ, ਘਰ ਦਾਤ ਨਹੀਂ। ਪੁੱਤਰ-ਧੀ ਸੰਤਾਨ ਤੋਂ ਸੱਖਣੇ ਹਾਂ। ਤੁਹਾਡੀ ਰਸਨਾ 'ਤੇ ਪ੍ਰਮਾਤਮਾ ਬੈਠਾ ਹੈ ਤੇ ਸਾਨੂੰ ਸੰਤਾਨ ਮਿਲ ਜਾਏ। ਪੰਡਿਤ ਸ਼ਿਵ ਦੱਤ ਕਹਿੰਦੇ ਹਨ ਕਿ ਸਤਿਗੁਰੂ ਤਾਂ ਇਹਨਾਂ ਗਲੀਆਂ ਵਿੱਚ ਤੁਰਿਆ ਫਿਰਦਾ ਹੈ। ਉਹਨਾਂ ਸਮਝਿਆ ਨਹੀਂ ਤਾਂ ਕਹਿਣ ਲੱਗਾ—ਮੈਂ ਨਿਰਜਿੰਦ ਠਾਕੁਰ ਨਹੀਂ ਪੂਜਦਾ, ਮੈਂ ਪੱਥਰਾਂ ਨੂੰ ਨਹੀਂ ਪੂਜਦਾ, ਮੈਂ ਦੇਵੀ ਦੇਵਤਿਆਂ ਨੂੰ ਨਹੀਂ ਪੂਜਦਾ। ਹੁਣ ਠਾਕੁਰ ਮੇਰਾ ਉਹ ਭਾਰਾ ਆ ਗਿਆ ਹੈ ਜਿਹੜਾ ਸਦਿ ਬੁਲੰਦਾ ਹੈ। ਤੁਹਾਨੂੰ ਪਤਾ ਨਹੀਂ ਲੱਗਾ ਮੈਂ ਤਾਂ ਉਸ ਠਾਕੁਰ ਦਾ ਦਾਸ ਹਾਂ। ਕਹਿਣ ਲੱਗੇ, ਉਹ ਠਾਕੁਰ ਕਿਹੜਾ ਹੈ ? ਕਹਿਣ ਲੱਗੇ, ਘਰ ਜਾ ਕੇ ਪ੍ਰੇਮ ਨਾਲ ਚੇਤੇ ਕਰਿਉ ਤੇ ਮੇਰਾ ਠਾਕੁਰ ਤੁਹਾਡੇ ਘਰ ਵੀ ਜ਼ਰੂਰ ਆਏਗਾ।

ਫ਼ਤਹਿ ਚੰਦ ਮੈਣੀ ਤੇ ਰਾਣੀ ਦੋਨੋਂ ਵਾਪਿਸ ਘਰ ਆ ਗਏ। ਮੇਰੇ ਬਾਲਾ ਪ੍ਰੀਤਮ ਉਥੇ ਚੋਜ ਕਰਦੇ ਹਨ। ਰਾਣੀ ਦੇ ਅੰਦਰ ਇਕ ਲਿਵ ਸ਼ੁਰੂ ਹੋਈ ਹੈ। ਰੋਜ਼ ਯਾਦ ਕਰਦੀ ਹੈ ਕਿ ਪੰਡਿਤ ਨੇ ਕਿਹਾ ਹੈ ਕਿ ਮੇਰਾ ਬਾਲਾ ਪ੍ਰੀਤਮ ਠਾਕੁਰ ਹੈ, ਜ਼ਰੂਰ ਆਵੇਗਾ। ਪੰਜ ਸਾਲ ਦੀ ਉਮਰ ਵਿੱਚ ਚੋਜ ਪਏ ਕਰਦੇ ਹਨ। ਹਜ਼ੂਰ ਪਟਨੇ ਦੀਆਂ ਗਲੀਆਂ ਵਿੱਚ ਖੇਡਦੇ ਹਨ। ਰਾਣੀ ਦੇ ਅੰਦਰ ਲਿਵ ਬਣ ਗਈ।

ਦੋਨੋਂ ਜੀਅ ਸਵੇਰੇ ਸ਼ਾਮ ਗੁਰੂ ਦੀ ਯਾਦ ਵਿੱਚ ਜੁੜਨ ਲੱਗੇ। ਬਾਲਾ ਪ੍ਰੀਤਮ ਦੀ ਤਾਂਘ ਅੰਦਰ ਪੈਦਾ ਹੋਈ। ਭਾਈ ਵੀਰ ਸਿੰਘ ਲਿਖਦੇ ਹਨ ਕਿ ਇਕ ਦਿਨ ਰਾਜਾ ਰਾਣੀ ਨੂੰ ਕਹਿੰਦਾ ਹੈ ਕਿ ਅਸੀਂ ਪੁੱਤਰ ਦੀ ਵਾਸ਼ਨਾ ਕਰਕੇ ਗੁਰੂ ਨੂੰ ਚੇਤੇ ਨਾ ਕਰੀਏ। ਬਸ ਉਸ ਦਿਨ ਹੀ ਕਹਿ ਦਿੱਤਾ ਕਿ ਬਾਲਾ ਪ੍ਰੀਤਮ, ਪੁੱਤਰ ਨਹੀਂ ਚਾਹੀਦਾ, ਤੂੰ ਚਾਹੀਦਾ ਹੈਂ। ਕ੍ਰਿਪਾ ਕਰ, ਜ਼ਿੰਦਗੀ ਸਫ਼ਲ ਕਰਨ ਦੀ ਦਾਤ ਬਖ਼ਸ਼ ਦੇ।

ਅੱਜ ਸਵੇਰ ਤੋਂ ਰਾਣੀ ਕਿਸੇ ਬੈਰਾਗ ਵਿੱਚ ਆਈ ਹੈ। ਪੰਡਿਤ ਸ਼ਿਵ ਦੱਤ ਗਲੀ ਵਿੱਚੋਂ ਲੰਘੇ। ਇਕੋ ਦਮ ਬੂਹੇ ਵਿੱਚੋਂ ਝਾਤੀ ਮਾਰੀ ਤੇ ਦੋਨੋਂ ਰਾਜਾ-ਰਾਣੀ ਉੱਠ ਕੇ ਆਏ। ਬੈਠ ਗਏ, ਪੰਡਿਤ ਜੀ ਥੱਕੇ ਸਨ। ਕਹਿਣ ਲੱਗੇ, ਹੁਣ ਬੜੀਆਂ ਰਹਿਮਤਾਂ ਹਨ, ਬਸ ਬਾਲਾ ਪ੍ਰੀਤਮ ਚਾਹੀਦਾ ਹੈ। ਹੱਸ ਕੇ ਕਹਿੰਦੇ ਹਨ, ਜੇ ਭਾਵਨਾ ਬਣੀ ਹੈ, ਜੇ ਮੇਰੇ ਵਰਗੇ ਬੁੱਢੇ ਲੱਕੜ ਵਰਗੇ ਸਰੀਰ ਨੂੰ ਗਲਵਕੜੀ ਪਾ ਕੇ ਪੰਡਿਤ ਜੀ! ਝਾਤ ਕਹਿੰਦਾ ਹੈ ਤਾਂ ਤੁਹਾਡੀ ਤਾਂ ਭਾਵਨਾ ਨੂੰ ਗੋਦ ਵਿੱਚ ਬੈਠ ਕੇ ਭਾਗ ਲਾ ਸਕਦਾ ਹੈ। ਇੰਨਾ ਕਹਿ ਕੇ ਪੰਡਿਤ ਜੀ ਚਲੇ ਗਏ।

ਅੱਜ ਰਾਣੀ ਨੂੰ ਅੰਮ੍ਰਿਤ ਵੇਲੇ ਤੋਂ ਸਾਰੀ ਰਾਤ ਨੀਂਦ ਨਹੀਂ ਪਈ। ਕਿਸੇ ਅਗੰਮੀ ਰੰਗ ਵਿੱਚ ਰੰਗੀ ਹੋਈ ਹੈ। ਚੌਂਕੜਾ ਮਾਰ ਕੇ ਦੋਨੋਂ ਜੀਅ ਬੈਠੇ ਹਨ ਕਿ ਅਚਨਚੇਤ ਖਿੱਦੂ ਕੌਡੀ ਖੇਡਣ ਦੀ ਆਵਾਜ਼ ਆਈ। ਖੜਕਦੀ ਹੋਈ ਲੱਕੜ ਜ਼ਮੀਨ 'ਤੇ ਸੁਣਾਈ ਦਿੱਤੀ। ਛੋਟੇ ਬੱਚੇ ਗਲੀ ਵਿੱਚ ਖੇਡਦੇ ਪਏ ਹਨ। ਰਾਣੀ ਧਿਆਨ ਵਿੱਚ ਮਗਨ ਹੈ। ਉਹ ਖਿੱਦੂ ਅਚਨਚੇਤ ਘਰ ਅੰਦਰ ਡਿੱਗਾ। ਰਾਣੀ ਨੂੰ ਬੈਠਿਆਂ ਦੇਖ ਕੇ ਬਾਲੇ ਪ੍ਰੀਤਮ ਨੇ ਖੁੰਡੀ ਭੁਆਂ ਕੇ ਪਰ੍ਹਾਂ ਮਾਰੀ ਤੇ ਗੋਦ ਵਿੱਚ ਜਾ ਕੇ ਘੁੱਟ ਕੇ ਗਲਵਕੜੀ ਪਾ ਕੇ ਕੰਨ ਕੋਲ ਕਹਿੰਦੇ ਹਨ, ਮਾਂ। ਜਦੋਂ ਸ਼ਬਦ ਕਿਹਾ ਮਾਂ ਤਾਂ ਰੋਮ ਰੋਮ ਖਿੜ ਗਿਆ। ਉਹ ਔਰਤ ਜਿਹੜੀ ਬੱਚੇ ਦੀ ਆਵਾਜ਼ ਲਈ ਤਰਸਦੀ ਹੋਵੇ, ਉਸ ਦੇ ਕੰਨਾਂ ਵਿੱਚ ਮਾਂ ਸ਼ਬਦ ਪੈ ਜਾਵੇ ਤਾਂ ਉਹ ਕਿੰਨੀ ਕੁ ਅਨੰਦ ਵਿੱਚ ਹੋਵੇਗੀ। ਜਦੋਂ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਬਾਲਾ ਪ੍ਰੀਤਮ ਨੇ ਮਾਂ ਨੂੰ ਗਲਵਕੜੀ ਪਾਈ ਹੋਈ ਸੀ। ਰਾਣੀ ਚਰਨਾਂ ਨੂੰ ਹੱਥ ਲਾਉਣ ਲੱਗੀ ਤਾਂ ਬਾਲਾ ਪ੍ਰੀਤਮ ਕਹਿੰਦੇ ਹਨ, ਮਾਂ! ਸੀਸ 'ਤੇ ਪਿਆਰ ਦੇ, ਪੈਰਾਂ ਨੂੰ ਹੱਥ ਨਹੀਂ। ਰਾਜਾ ਫ਼ਤਹਿ ਚੰਦ ਦੌੜ ਕੇ ਆਇਆ। ਹਜ਼ੂਰ ਨੇ ਮੱਥਾ ਰੋਕ ਦਿੱਤਾ। ਕਹਿਣ ਲੱਗੇ, ਤੁਹਾਨੂੰ ਪੁੱਤਰ ਚਾਹੀਦਾ ਹੈ। ਅੱਜ ਤੋਂ ਬਾਅਦ ਤੂੰ ਮੇਰੀ ਮਾਂ ਤੇ ਮੈਂ ਤੇਰਾ ਪੁੱਤਰ। ਇਕੋ ਦਮ ਰਾਣੀ ਦੇ ਅੰਦਰ ਗੁਰੂ ਦੀ ਰਹਿਮਤ ਟਿਕ ਗਈ। ਕਹਿਣ ਲੱਗੇ, ਭੁੱਖ ਲੱਗੀ ਹੈ, ਕੁਝ ਛੱਕਣ ਨੂੰ ਮਿਲੇਗਾ ? ਉਸੇ ਵੇਲੇ ਰਾਣੀ ਨੌਕਰ ਨੂੰ ਬਾਜ਼ਾਰ ਵੱਲ

ਭੇਜਣ ਲੱਗੀ ਤਾਂ ਬਾਲਾ ਪ੍ਰੀਤਮ ਕਹਿੰਦੇ ਹਨ, ਮਾਂ! ਦੇਖ ਮੈਂ ਫਿਰ ਨਹੀਂ ਆਉਣਾ, ਜੋ ਕੁਝ ਘਰ ਵਿੱਚ ਹੈ, ਛਕਾ ਦੇ। ਪੂੜੀਆਂ ਚਨੇ ਤਿਆਰ ਕੀਤੇ। ਇਕੋ ਦਮ ਰਾਣੀ ਕੋਲ ਬੈਠ ਕੇ ਬਾਲਾ ਪ੍ਰੀਤਮ ਨੂੰ ਪੁੱਛਦੀ ਹੈ ਕਿ ਤੁਸੀਂ ਪੁੱਤਰ ਤੇ ਮੈਂ ਮਾਂ। ਪਰ ਮਨ ਵਿੱਚ ਆਉਂਦਾ ਹੈ, ਪੁੱਤਰ ਇਕ ਤੇ ਮਾਵਾਂ ਦੋ, ਇਹ ਕਿਵੇਂ ਹੋਵੇਗਾ ? ਬਾਲਾ ਪ੍ਰੀਤਮ ਹੱਸ ਕੇ ਕਹਿੰਦੇ ਹਨ, ਮਾਂ! ਜੇ ਅੱਖਾਂ ਦੋ ਹਨ ਤੇ ਜੋਤ ਇਕ ਹੋ ਸਕਦੀ ਹੈ ਤੇ ਦੋ ਮਾਵਾਂ ਤੇ ਪੁੱਤਰ ਵੀ ਇਕ ਹੋ ਸਕਦਾ ਹੈ। ਕਹਿਣ ਲੱਗੀ, ਦੋਨਾਂ ਦੀ ਗੋਦ ਵਿੱਚ ਕਿਵੇਂ ਖੇਡੋਗੇ ? ਕਹਿਣ ਲੱਗੇ, ਸਵੇਰੇ ਤੁਹਾਡੀ ਗੋਦ ਵਿੱਚ ਖੇਡਾਂਗਾ ਤੇ ਸ਼ਾਮ ਨੂੰ ਮਾਂ ਗੁਜਰੀ ਦੀ ਗੋਦ ਵਿੱਚ ਖੇਡਾਂਗਾ। ਲਾਲ ਜੀ! ਇਹ ਕਿਵੇਂ ? ਹੱਸ ਕੇ ਕਹਿੰਦੇ ਹਨ, ਜਿਵੇਂ ਇਕ ਚੰਦਰਮਾ ਦੋ ਝੀਲਾਂ ਵਿੱਚ, ਗੰਗਾ ਵਿੱਚ ਵੀ ਖੇਡਦਾ ਹੈ, ਇਕ ਚੰਦਰਮਾ ਦੋ ਦਰਿਆਵਾਂ ਵਿੱਚ ਵੀ ਖੇਡਦਾ ਹੈ, ਇਸੇ ਤਰ੍ਹਾਂ ਮੈਂ ਦੋ ਗੋਦੀਆਂ ਵਿੱਚ ਖੇਡਾਂਗਾ। ਕਹਿੰਦੇ ਹਨ, ਉਸ ਦਿਨ ਸਾਰਾ ਦਿਨ ਸ਼ਾਮ ਤੱਕ ਰਾਣੀ ਪਾਸ ਬੈਠੇ ਰਹੇ।

ਅੱਜ ਰਾਜਾ ਫ਼ਤਹਿ ਚੰਦ ਮੈਣੀ ਕ੍ਰਿਪਾ ਦਾ ਪਾਤਰ ਬਣ ਗਿਆ। ਹਜ਼ੂਰ ਨੇ ਰੋਜ਼ ਆਉਣਾ। ਉਥੇ ਆ ਕੇ ਪ੍ਰਸ਼ਾਦ ਪਾਣੀ ਛੱਕਣਾ। ਹਜ਼ੂਰ ਜਦੋਂ ਰਾਜਾ ਮੈਣੀ ਦੇ ਘਰ ਜਾਂਦੇ ਸਨ ਤਾਂ ਕਈ ਵਾਰੀ ਇਕ ਦੋ ਘੰਟੇ ਲੇਟ ਹੋ ਜਾਣ। ਇਧਰ ਜਿਥੇ ਤਖ਼ਤ ਹੈ, ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ, ਮਾਮਾ ਕ੍ਰਿਪਾਲ ਚੰਦ ਅਤੇ ਸੰਗਤ ਰਹਿਰਾਸ ਦਾ ਪਾਠ ਨਹੀਂ ਸੀ ਕਰਦੀ, ਕਿਉਂਕਿ ਅਜੇ ਸਾਹਿਬਜ਼ਾਦਾ ਜੀ ਨਹੀਂ ਆਏ। ਬਾਲਾ ਪ੍ਰੀਤਮ ਨੇ ਜਾਣਾ ਤੇ ਸੋਦਰੁ ਦਾ ਪਾਠ ਸ਼ੁਰੂ ਹੋਣਾ। ਉਸ ਦਿਨ ਤੋਂ ਲੈ ਕੇ ਅੱਜ ਤੱਕ ਸਾਰੇ ਗੁਰੂ ਘਰਾਂ ਵਿੱਚ ਸੂਰਜ ਛਿਪਦਿਆਂ ਰਹਿਰਾਸ ਸ਼ੁਰੂ ਹੁੰਦੀ ਹੈ, ਪਰ ਤਖ਼ਤ ਸ੍ਰੀ ਪਟਨਾ ਸਾਹਿਬ 'ਤੇ ਇਕ ਘੜੀ ਰਾਤ ਗਈ ਰਹਿਰਾਸ ਸ਼ੁਰੂ ਹੁੰਦੀ ਹੈ, ਕਿਉਂਕਿ ਬਾਲਾ ਪ੍ਰੀਤਮ ਦੇ ਆਉਣ ਦਾ ਸਮਾਂ ਹੀ ਉਹ ਸੀ।

ਅੱਜ ਬਾਲਾ ਪ੍ਰੀਤਮ ਤਕਰੀਬਨ ਪੰਜ ਸਾਲ ਦੇ ਹੋ ਗਏ ਹਨ। ਨਵਾਬ ਕਰੀਮ ਬਖ਼ਸ਼ ਤੇ ਰਹੀਮ ਬਖ਼ਸ਼ ਰੋਜ਼ ਆਉਂਦੇ ਹਨ ਮੇਰੀ ਸੱਚੀ ਸਰਕਾਰ ਦੇ ਚਰਨ ਪਰਸਨ। ਪੰਜ ਸਿੱਖ ਕਦੀ ਨਾ ਭੁਲਿਉ ਪਟਨੇ ਦੇ। ਇਕ ਭਾਈ ਜੈਤ ਮੱਲ, ਦੂਜਾ ਫ਼ਤਹਿ ਚੰਦ ਮੈਣੀ, ਤੀਜਾ ਪੰਡਿਤ ਸ਼ਿਵ ਦੱਤ, ਚੌਥਾ ਨਵਾਬ ਕਰੀਮ ਬਖ਼ਸ਼ ਤੇ ਪੰਜਵਾਂ ਰਹੀਮ ਬਖ਼ਸ਼। ਪੰਜ ਸਾਲ ਦੀ ਉਮਰ ਹੋ ਗਈ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਅੰਦਰ ਸੱਚੇ ਪਿਤਾ ਜੀ ਦਾ ਸਰੀਰ ਪੰਜਾਂ ਤੱਤਾਂ ਦੀ ਗੱਲ ਕਰਾਂਗੇ ਤਾਂ ਕਦੀ ਮੋਹ ਨੇ ਉਬਾਲਾ ਨਾ ਖਾਧਾ ਕਿ ਅੱਜ ਮੇਰਾ ਲਾਲ ਪੰਜ ਸਾਲਾਂ ਦਾ ਹੋ ਗਿਆ ਹੈ, ਮੈਂ ਜਾ ਕੇ ਪੁੱਤਰ ਨੂੰ ਦੇਖ ਲਵਾਂ, ਕਿਉਂਕਿ ਇਸ ਦੇ ਘਰ ਉਹ ਪੁੱਤਰ

ਆਇਆ ਹੈ, ਜਿਸ ਨੇ ਆਪਣੇ ਮਰੇ ਹੋਏ ਪੁੱਤਰਾਂ ਦੀਆਂ ਲਾਸ਼ਾਂ ਨੂੰ ਦੇਖ ਕੇ ਵੀ ਹੰਝੂ ਨਹੀਂ ਕੇਰਨਾ। ਹਜ਼ੂਰ ਰੋਜ਼ ਪੁੱਛਦੇ ਹਨ, ਮਾਂ! ਪਿਤਾ ਜੀ ਦੇ ਦਰਸ਼ਨ ਕਦੋਂ ਹੋਣਗੇ ?

ਸਤਿਗੁਰੂ ਆਸਾਮ ਦੀ ਧਰਤੀ ਤੋਂ ਵਾਪਿਸ ਮੁੜੇ ਹਨ। ਅੱਜ ਕਦੀ ਦੇਖਿਉ ਉਥੇ ਗੁਰਦੁਆਰਾ ਗੁਰੂ ਕਾ ਬਾਗ਼ ਹੈ। ਮੇਰੇ ਗੁਰੂ ਤੇਗ਼ ਬਹਾਦਰ ਜੀ ਉਸ ਬਾਗ਼ ਵਿੱਚ ਗਏ। ਉਹ ਬਾਗ਼ ਕਈ ਸਾਲਾਂ ਦਾ ਸੁੱਕ ਚੁੱਕਾ ਸੀ। ਗੁਰੂ ਤੇਗ਼ ਬਹਾਦਰ ਜੀ ਆ ਕੇ ਬੈਠੇ ਹਨ। ਇਹ ਬਾਗ਼ ਨਵਾਬ ਕਰੀਮ ਬਖ਼ਸ਼ ਤੇ ਰਹੀਮ ਬਖ਼ਸ਼ ਦਾ ਸੀ। ਘਰ ਸੁਨੇਹਾ ਪਹੁੰਚਿਆ। ਅੱਜ ਪਟਨੇ ਦੀ ਸੰਗਤ ਸਾਹਿਬਜ਼ਾਦੇ ਨੂੰ ਨਾਲ ਲੈ ਕੇ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨਾਂ ਲਈ ਜਾਂਦੀ ਪਈ ਹੈ। ਅੱਜ ਅਕਾਲ ਦਾ ਸੁੱਤ ਆਪਣੇ ਪਿਤਾ ਦੇ ਦੀਦਾਰ ਲਈ ਚੱਲਿਆ ਹੈ। ਕਹਿੰਦੇ ਹਨ, ਜਦੋਂ ਉਥੇ ਜਾ ਕੇ ਗੁਰੂ ਗੋਬਿੰਦ ਰਾਏ ਜੀ ਉਤਰੇ, ਤਾਂ ਪੈਦਲ ਤੁਰ ਕੇ ਦੌੜ ਕੇ ਪਿਤਾ ਜੀ ਕੋਲ ਗਏ ਤੇ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ। ਪੰਜ ਸਾਲ ਦੇ ਨੂੰ ਮਾਂ ਨੇ ਕਿਹਾ ਸੀ, ਬੇਟਾ! ਪਿਤਾ ਦੇ ਚਰਨਾਂ 'ਤੇ ਮੱਥਾ ਟੇਕੀਂ। ਪਹਿਲੇ ਦਿਨ ਸਾਹਿਬ ਨੇ ਸੀਨੇ ਨਾਲ ਲਾਇਆ। ਰਵਾਇਤ ਹੈ ਕਿ ਜਿਸ ਦਿਨ ਪਿਤਾ ਤੇ ਪੁੱਤਰ ਸੀਨੇ ਨਾਲ ਲੱਗੇ, ਉਸ ਦਿਨ ਸੁੱਕੇ ਬਾਗ਼ ਵੀ ਹਰੇ ਹੋ ਗਏ। ਜਿਸ ਦਿਨ ਬਾਗ਼ ਹਰਾ ਹੋਇਆ ਤਾਂ ਰਹੀਮ ਬਖ਼ਸ਼ ਨੇ ਸਦਾ ਲਈ ਕਹਿ ਦਿੱਤਾ ਕਿ ਇਹ ਨਵਾਬਾਂ ਦਾ ਬਾਗ਼ ਨਹੀਂ, ਇਹ ਗੁਰੂ ਕਾ ਬਾਗ਼ ਹੈ। ਸਤਿਗੁਰੂ ਉਥੇ ਕੁਝ ਦਿਨ ਠਹਿਰੇ, ਕਹਿਣ ਲੱਗੇ, ਅਸੀਂ ਮਦਰ ਦੇਸ਼ ਚਲੇ ਹਾਂ। ਪੰਜਾਬ ਦੀ ਧਰਤੀ ਨੂੰ ਮਦਰ ਦੇਸ਼ ਕਿਹਾ। ਸਾਹਿਬਜ਼ਾਦਾ ਕਹਿਣ ਲੱਗੇ, ਪਿਤਾ ਜੀ ! ਅਸਾਨੂੰ ਕੀ ਹੁਕਮ ਹੈ ? ਕਹਿਣ ਲੱਗੇ, ਲਾਲ ਜੀ ! ਅਸੀਂ ਸੁਨੇਹਾ ਭੇਜਾਂਗੇ, ਤੁਸੀਂ ਬਾਅਦ ਵਿੱਚ ਆਉਣਾ ਹੈ। ਰੋਜ਼ ਦਾਦੀ ਮਾਂ ਕੋਲੋਂ ਪੰਜਾਬ ਦੀ ਧਰਤੀ ਦੀਆਂ ਗੱਲਾਂ ਪੁੱਛਦੇ ਹਨ। ਸਾਹਿਬ ਨੇ ਗੁਰੂ ਕਾ ਚੱਕ ਨਾਨਕੀ ਚੱਕ ਵਸਾਇਆ। ਨਾਨਕੀ ਚੱਕ ਤੋਂ ਸੁਨੇਹਾ ਆ ਗਿਆ ਕਿ ਸਾਹਿਬਜ਼ਾਦਾ ਜੀ ਨੂੰ ਲੈ ਕੇ ਆ ਜਾਉ।

ਅੱਜ ਪੂਰੇ ਦਾ ਪੂਰਾ ਸ਼ਹਿਰ ਬਿਲਕੁਲ ਖ਼ਾਮੋਸ਼ ਹੋ ਗਿਆ। ਉਸ ਵੇਲੇ ਸਾਰੀ ਸੰਗਤ ਪਟਨੇ ਦੀ ਇਕੱਠੀ ਹੋ ਕੇ ਆਈ ਬਾਲਾ ਪ੍ਰੀਤਮ ਜੀ ਤੇ ਮਾਤਾ ਨਾਨਕੀ ਕੋਲ ਅਤੇ ਤਰਲੇ ਲੈਂਦੀ ਹੈ ਕਿ ਤੁਸੀਂ ਜਾਉ ਨਾ, ਅਸੀਂ ਸਾਰੀ ਜ਼ਿੰਦਗੀ ਤੁਹਾਡੀ ਸੇਵਾ ਕਰਨੀ ਚਾਹੁੰਦੇ ਹਾਂ। ਕਹਿੰਦੇ ਹਨ, ਨਹੀਂ ਗੁਰੂ ਦਾ ਹੁਕਮ ਹੈ, ਜਾਣਾ ਜ਼ਰੂਰ ਹੈ। ਗੋਬਿੰਦ ਰਾਏ ਜੀ ਦੀ ਤਿਆਰੀ ਹੋ ਗਈ। ਪੰਡਿਤ ਸ਼ਿਵ ਦੱਤ ਸੋਟੀ ਦਾ ਸਹਾਰਾ ਲੈ ਕੇ ਆਇਆ ਹੈ। ਗੰਗਾ ਦੇ ਕਿਨਾਰੇ ਬੈਠਾ ਹੈ। ਆਵਾਜ਼ ਅੱਜ ਵੀ

ਕੰਨਾਂ ਵਿੱਚ ਪਈ ਹੈ—ਪੰਡਿਤ ਜੀ! ਭਾਤ। ਪਰ ਰੋ ਕੇ ਕਹਿੰਦਾ ਹੈ, ਅੱਜ ਤੋਂ ਬਾਅਦ ਕਿੰਨੇ ਆਵਾਜ਼ ਮਾਰਨੀ ਹੈ। ਬਾਲਾ ਪ੍ਰੀਤਮ ਜੀ ਦੇ ਚਰਨਾਂ ਵਿੱਚ ਬੇਨਤੀ ਕਰਨ ਲੱਗਾ ਮਹਾਰਾਜ! ਇਸ ਪਿੰਜਰ ਵਿੱਚੋਂ ਜਿੰਦ ਕੱਢ ਕੇ ਆਪਣੇ ਨਾਲ ਲੈ ਜਾ। ਤੇਰੇ ਤੋਂ ਬਿਨਾਂ ਪਟਨਾ ਚੰਗਾ ਨਹੀਂ ਲੱਗਣਾ। ਹੱਸ ਕੇ ਪਿਆਰ ਨਾਲ ਫਿਰ ਗਲਵਕੜੀ ਪਾਈ। ਕੁੱਛੜ ਚੜ੍ਹ ਕੇ ਕਹਿੰਦੇ ਹਨ, ਪੰਡਿਤ ਜੀ! ਤੁਸੀਂ ਫੁਰਨਾ ਬਣਾਇਆ ਹੈ ਕਿ ਕਦੀ ਆਵਾਜ਼ ਨਹੀਂ ਆਉਣੀ। ਪਰ ਜਿੰਨੀ ਦੇਰ ਤੱਕ ਤੁਸੀਂ ਰਹੋਗੇ, ਤੁਸੀਂ ਭਾਵਨਾ ਨਾਲ ਬੈਠਿਉ, ਮੈਂ ਰੋਜ਼ ਤੁਹਾਡੇ ਕੰਨਾਂ ਵਿੱਚ ਆਵਾਜ਼ ਵੀ ਦੇਵਾਂਗਾ ਤੇ ਗਲਵਕੜੀ ਵੀ ਪਾਵਾਂਗਾ। ਪੰਡਿਤ ਸ਼ਿਵ ਦੱਤ ਨੇ ਭਰੋਸਾ ਕਰ ਲਿਆ। ਕਰੀਮ ਬਖ਼ਸ਼ ਤੇ ਰਹੀਮ ਬਖ਼ਸ਼ ਆਏ। ਕਹਿਣ ਲੱਗੇ, ਕੀ ਖ਼ਤਾ ਹੋ ਗਈ ਹੈ ਸਾਈਂ ? ਹੱਸ ਕੇ ਕਹਿਣ ਲੱਗੇ, ਜਪੁਜੀ ਇਕਾਗਰਤਾ ਨਾਲ ਪੜ੍ਹਿਆ ਜੇ, ਸੁਰਤ ਨਾਲ ਪੜ੍ਹਿਉ, ਮੈਂ ਤੁਹਾਡੇ ਕੋਲ ਹੋਵਾਂਗਾ। ਜੈਤ ਮੱਲ ਆਇਆ। ਭਗਤੀ ਵਿੱਚ ਰਤਿਆ ਸੀ। ਚਰਨਾਂ 'ਤੇ ਜੁੜ ਕੇ ਕਹਿੰਦਾ ਹੈ, ਮਹਾਰਾਜ ਮੈਂ ? ਕਹਿਣ ਲੱਗੇ, ਭਾਵਨਾ ਨਾਲ ਦੀਵਾਨ ਵਿੱਚ ਆਵੀਂ । ਗੁਰੂ ਦੀਵਾਨ ਵਿੱਚ ਵਰਤਦਾ ਹੁੰਦਾ ਹੈ। ਸਾਰਿਆਂ ਨੇ ਰਹਿਮਤਾਂ ਲੈ ਲਈਆਂ। ਅੱਜ ਉਹ ਮਾਂ ਕੋਲ ਆਈ ਹੈ, ਜਿਸ ਦੇ ਅੰਦਰੋਂ ਪੁੱਤਰ ਦੀ ਵਾਸ਼ਨਾ ਖ਼ਤਮ ਕਰਕੇ ਮਾਂ ਦੀ ਪਦਵੀ ਦਿੱਤੀ ਸੀ। ਰਾਣੀ ਨੂੰ ਬੇਹੋਸ਼ੀ ਹੋ ਗਈ। ਬਾਲਾ ਪ੍ਰੀਤਮ ਨੇ ਜਦੋਂ ਹੋਸ਼ ਵਿੱਚ ਲਿਆਂਦਾ ਤਾਂ ਕਹਿਣ ਲੱਗੇ, ਮਾਂ! ਮੈਂ ਸਦਾ ਤੇਰੇ ਕੋਲ ਹਾਂ। ਕਹਿਣ ਲੱਗੀ, ਦੇਖੋ ਮਾਂ ਕਹਿ ਕੇ ਚਲੇ ਹੋ, ਤੁਹਾਡੇ ਤੋਂ ਬਿਨਾਂ ਘਰ ਸੁੰਨਾ ਲੱਗਣਾ ਹੈ। ਹਜ਼ੂਰ ਕਹਿਣ ਲੱਗੇ, ਭਾਵਨਾ ਨਾਲ ਰੋਜ਼ ਛੋਲੇ ਪੂੜੀਆਂ ਤਿਆਰ ਕਰੀਂ, ਮੇਰੇ ਸਖਿਆਂ ਨੂੰ ਛਕਾਵੀਂ, ਮੈਂ ਉਸ ਸਮੇਂ ਆਪ ਤੇਰੇ ਘਰ ਵਿੱਚ ਆਵਾਂਗਾ। ਕਹਿਣ ਲੱਗੇ, ਮਾਂ! ਤੂੰ ਫੁਰਨਾ ਬਣਾਇਆ ਸੀ ਕਿ ਸਾਡੇ ਘਰ ਸੰਤਾਨ ਕੋਈ ਨਹੀਂ, ਸਾਡਾ ਕਿਸੇ ਨੇ ਨਾਮ ਨਹੀਂ ਲੈਣਾ। ਕਹਿਣ ਲੱਗੇ ਕਿ ਜੇ ਪੁੱਤਰ ਹੋ ਜਾਂਦਾ ਤਾਂ ਕਿਸੇ ਨੇ ਦੋ ਚਾਰ ਦਿਨ ਨਾਮ ਲੈਣਾ ਸੀ, ਪਰ ਮਾਂ! ਜਿੰਨੀ ਦੇਰ ਤੱਕ ਮੇਰੇ ਸਿੱਖ ਹੋਣਗੇ, ਤੇਰੇ ਘਰ ਵਿੱਚ ਆ ਕੇ ਜ਼ਰੂਰ ਮੱਥਾ ਟੇਕਣਗੇ। ਹਜ਼ੂਰ ਨੇ ਕਰੁੰਡ ਦਾ ਰੁੱਖ ਲਿਆ ਤੇ ਉਸ ਘਰ ਵਿੱਚ ਲਾਇਆ। ਕਹਿਣ ਲੱਗੇ, ਇਸ ਰੁੱਖ ਨੇ ਕਦੀ ਸੁੱਕਣਾ ਨਹੀਂ। ਨਾਲ ਫਿਰ ਦਾਤਾਂ ਦੇ ਚਲੇ। ਕਹਿਣ ਲੱਗੇ, ਇਹ ਸਾਡਾ ਪੰਘੂੜਾ ਹੈ, ਭਾਵਨਾ ਨਾਲ ਦੇਖਿਉ, ਅਸੀਂ ਪੰਘੂੜਾ ਝੂਟਦੇ ਮਿਲਾਂਗੇ। ਪੁਸ਼ਾਕ ਸਾਂਭ ਕੇ ਰੱਖਿਉ। ਕਹਿਣ ਲੱਗੇ, ਮੇਰੇ ਕੋਲ ਕੇਸ ਰੱਖ ਕੇ ਪੰਜ ਕਕਾਰ ਪਾ ਕੇ ਆਈਂ, ਕਿਉਂਕਿ ਮੈਂ ਤੇਰੇ ਨਾਲ ਵਰਤਣਾ ਹੈ।

ਪਹਿਲਾ ਪੜਾਅ ਹਜ਼ੂਰ ਨੇ ਦਾਨਾਪੁਰ ਵਿੱਚ ਕੀਤਾ। ਪਟਨਾ ਸਾਹਿਬ ਦੀ ਧਰਤੀ ਤੋਂ ਹਜ਼ੂਰ ਅਨੰਦਪੁਰ ਸਾਹਿਬ ਆਏ। ਪਟਨਾ ਸਾਹਿਬ ਨੂੰ ਸਿੱਖਾਂ ਨੇ ਕਾਇਮ ਕਰ ਲਿਆ। ਜਿਹੜਾ ਤਖ਼ਤ ਹੈ, ਉਥੇ ਸਵੇਰੇ-ਸ਼ਾਮ ਸੰਗਤ ਇਕੱਠੀ ਹੋਣੀ ਸ਼ੁਰੂ ਹੋ ਗਈ। ਫ਼ਤਹਿ ਚੰਦ ਮੈਣੀ ਰਾਣੀ ਸਮੇਤ ਤੁਰੇ ਅਨੰਦਪੁਰ ਸਾਹਿਬ ਲਈ। ਜਦੋਂ ਚਲੇ ਤਾਂ ਪਿੱਛੋਂ ਪੰਡਿਤ ਸ਼ਿਵ ਦੱਤ ਦੌੜ ਕੇ ਆਪਣੇ ਕੁਝ ਸਾਥੀਆਂ ਨੂੰ ਕਹਿੰਦਾ ਹੈ, ਮੈਨੂੰ ਪਹੁੰਚਾਉ। ਪਹੁੰਚਾਇਆ ਪਹਿਲੇ ਪੜਾਅ 'ਤੇ ਤਾਂ ਜਾ ਕੇ ਕਹਿੰਦਾ ਹੈ, ਫ਼ਤਹਿ ਚੰਦ! ਮੇਰੇ ਦਿਲ ਦੇ ਮਹਿਰਮਾਂ! ਕੀ ਹੋਇਆ ਜੇ ਮੇਰੇ ਤਨ ਦਾ ਜ਼ੋਰ ਮੈਨੂੰ ਜਵਾਬ ਦੇ ਗਿਆ ਹੈ, ਪਰ ਮੇਰੇ ਅੰਦਰ ਦੇ ਦੇਹ ਨੇ ਜਵਾਬ ਨਹੀਂ ਦਿੱਤਾ। ਮੈਨੂੰ ਬਾਲਾ ਪ੍ਰੀਤਮ ਇਕ ਵਾਰੀ ਮਿਲਾ ਦੇ। ਪਟਨੇ ਦੀ ਧਰਤੀ ਨੂੰ ਸੱਜਦਾ ਕਰਕੇ ਕਹਿੰਦਾ ਹੈ ਕਿ ਤੇਰੇ 'ਤੇ ਮੇਰੇ ਬਾਲਾ ਪ੍ਰੀਤਮ ਆਏ ਹਨ। ਹੁਣ ਜਿਥੇ ਮੈਂ ਚੱਲਿਆ ਹਾਂ, ਇਸ ਧਰਤੀ 'ਤੇ ਪਰਤ ਕੇ ਮੈਂ ਨਹੀਂ ਆਉਣਾ। ਪੰਡਿਤ ਸ਼ਿਵ ਦੱਤ ਨੂੰ ਲੈ ਗਏ। ਇਹ ਪਰਿਵਾਰ ਬਾਲਾ ਪ੍ਰੀਤਮ ਕੋਲ ਪਹੁੰਚਿਆ। ਅਨੰਦਪੁਰ ਸਾਹਿਬ ਦੀ ਧਰਤੀ ਵੱਲ ਘੋੜੇ 'ਤੇ ਚੜ੍ਹ ਕੇ ਆਏ ਹਨ। ਪਰਦਾ ਚੁੱਕ ਕੇ ਕਹਿੰਦੇ ਹਨ, ਪੰਡਿਤ ਜੀ! ਝਾਤ। ਬਸ ਇਕੋ ਦਮ ਪੰਡਿਤ ਜੀ ਦਾ ਰੋਮ-ਰੋਮ ਖਿੜ ਗਿਆ। ਮੇਰੇ ਸਾਹਿਬ ਨੇ ਇਕੋ ਦਮ ਸੀਨੇ ਨਾਲ ਲਾ ਲਿਆ। ਦੌੜ ਕੇ ਗਏ, ਮਾਂ ਨੂੰ ਮਿਲੇ। ਫਤਹਿ ਚੰਦ ਮੈਣੀ ਤੇ ਰਾਣੀ ਮੱਥਾ ਟੇਕਣ ਲੱਗੇ। ਕਹਿਣ ਲੱਗੇ, ਮਾਂ! ਇਕ ਵਾਰੀ ਸੀਨੇ ਨਾਲ ਲਾ ਕੇ ਪਿਆਰ ਦੇ ਦੇ, ਮੈਂ ਤੇਰਾ ਪੁੱਤਰ ਹਾਂ। ਖੇੜੇ ਵਿੱਚ ਰਹੇ। ਪੁਰਬ ਆਇਆ। ਸਾਰੀ ਸੰਗਤ ਨਿਵਾਜੀ ਗਈ। ਪਟਨੇ ਦੀ ਸੰਗਤ ਵਾਪਿਸ ਤੁਰਨ ਲੱਗੀ। ਕਲਗੀ ਵਾਲੇ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਆਪ ਦਸਤਖ਼ਤ ਕਰਕੇ ਦਿੱਤਾ ਤੇ ਕਿਹਾ, ਅੱਜ ਤੋਂ ਬਾਅਦ ਗੁਰੂ ਗ੍ਰੰਥ ਦੀ ਸੇਵਾ ਕਰਨੀ। ਬਾਣੀ ਪੜ੍ਹਿਉ, ਮੇਰੇ ਦਰਸ਼ਨ ਇਸ ਦੇ ਵਿੱਚੋਂ ਹੋਣਗੇ। ਸਮਾਂ ਲੰਘਿਆ। ਉਸ ਅਸਥਾਨ 'ਤੇ ਸੰਗਤ ਆਉਂਦੀ ਰਹੀ। ਪਟਨਾ ਸਾਹਿਬ ਦੀ ਧਰਤੀ ਨੂੰ ਕਲਗੀਧਰ ਨੇ ਭਾਗ ਲਾਏ। ਸਾਹਿਬ ਮੇਹਰ ਕਰੇ, ਤਖ਼ਤ ਦਾ ਸੇਵਾਦਾਰ ਤਖ਼ਤ ਦੇ ਮਾਲਕ ਦੀ ਸੇਵਾ ਕਰੇ। ਇਹ ਸੀ ਪਟਨਾ ਸਾਹਿਬ ਦਾ ਸੰਖੇਪ ਜਿਹਾ ਇਤਿਹਾਸ। ਏਨੀਆਂ ਕੁ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾਂ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੀ ਸਤਿਕਾਰਯੋਗ ਸਤਸੰਗੀ ਜਨੋਂ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਗੁਰਮੁਖੋ! ਅੱਜ ਅਸੀਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਵਿਚਾਰ ਗੁਰੂ ਦੀ ਕ੍ਰਿਪਾ ਸਹਿਤ ਕਰਨੀ ਹੈ। ਧੰਨ ਗੁਰੂ ਨਾਨਕ ਦੇਵ ਜੀ ਦੀ ਜੋਤ ਨੇ ਕ੍ਰਿਪਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਵਸਾਇਆ। ਗੁਰੂ ਕਲਗੀਧਰ ਜੀ ਨੇ ਕ੍ਰਿਪਾ ਕੀਤੀ। ਕੀਰਤਪੁਰ ਸਾਹਿਬ ਦੇ ਆਪ ਦਰਸ਼ਨ ਕਰਦੇ ਹੋ। ਧੰਨ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਭੇਜਿਆ ਕੀਰਤਪੁਰ ਵਸਾਉਣ ਲਈ। ਧੰਨ ਗੁਰੂ ਨਾਨਕ ਦੇਵ ਜੀ ਕੀਰਤਪੁਰ ਸਾਹਿਬ ਵਾਲੀ ਥਾਂ 'ਤੇ ਗਏ। ਇਕ ਫ਼ਕੀਰ ਉਥੇ ਰਹਿੰਦਾ ਸੀ, ਜਿਸ ਦਾ ਨਾਮ ਸੀ ਬੁੱਢਣ ਸ਼ਾਹ। ਗੁਰੂ ਨਾਨਕ ਸਾਹਿਬ ਦੇ ਚਰਨ ਪਏ ਖਾਲਸਾ ਤੇਰੀ ਵਾਸੀ ਦੇ ਨੜੇ। ਉਥੇ ਬੁੱਢਣ ਸ਼ਾਹ ਨੂੰ ਹਜ਼ੂਰ ਮਿਲੇ।

ਬੁੱਢਣ ਸ਼ਾਹ ਅੱਜ ਆਇਆ ਤੇ ਹਜ਼ੂਰ ਬੈਠੇ ਹਨ। ਭਾਈ ਮਰਦਾਨਾ ਜੀ ਵੀ ਨਾਲ ਹਨ। ਕੀਰਤਨ ਉਥੇ ਵੀ ਹੋਇਆ। ਬੁੱਢਣ ਸ਼ਾਹ ਨੇ ਸਤਿਗੁਰੂ ਦੇ ਦਰਸ਼ਨ ਕੀਤੇ। ਦਰਸ਼ਨ ਕਰਨ ਤੋਂ ਬਾਅਦ ਹਜ਼ੂਰ ਦੇ ਚਰਨਾਂ ਵਿੱਚ ਝੁਕ ਕੇ ਨਮਸਕਾਰ ਕੀਤੀ। ਸਾਹਿਬ ਨੇ ਜਦੋਂ ਨੇਤਰ ਬੰਦ ਕੀਤੇ ਤਾਂ ਭਾਈ ਮਰਦਾਨਾ ਜੀ ਕੋਲੋਂ ਪੁੱਛਦਾ ਹੈ ਕਿ ਇਹ ਫ਼ਕੀਰ ਕੌਣ ਹੈ ? ਭਾਈ ਮਰਦਾਨਾ ਜੀ ਨੇ ਇਸੇ ਕੀਰਤਪੁਰ ਦੀ ਪਹਾੜੀ 'ਤੇ ਦੱਸਿਆ ਕਿ ਇਹ ਹਨ ਮੇਰੇ ਨਾਨਕ ਨਿਰੰਕਾਰੀ । ਇਕ ਦਮ ਫਿਰ ਬੁੱਢਣ ਸ਼ਾਹ ਗੁਰੂ ਜੀ ਦੇ ਚਰਨਾਂ 'ਤੇ ਝੁਕ ਗਿਆ। ਜਦੋਂ ਹਜ਼ੂਰ ਦੇ ਨੇਤਰ ਖੁੱਲ੍ਹੇ ਤੇ ਦੇਖਿਆ ਕਿ ਬੁੱਢਣ ਸ਼ਾਹ ਦੇ ਹੱਥ ਜੁੜੇ ਹੋਏ ਹਨ।

ਨੇਤਰ ਖੁੱਲ੍ਹਦਿਆਂ ਪਹਿਲਾ ਸਵਾਲ ਕੀਤਾ ਸੀ, ਫ਼ਕੀਰ ਬਾਬਾ! ਕੀ ਕਰਦਾ ਹੈਂ ? ਉੱਤਰ ਸੀ—ਜੋ ਤੁਸੀਂ ਕਰਾਉਂਦੇ ਪਏ ਹੋ। ਕਹਿਣ ਲੱਗੇ ਕਿ ਇੰਨਾ ਸਮਾਂ ਹੋ ਗਿਆ ਹੈ ਬੈਠਿਆਂ ਤੇ ਮਿਲਿਆ ਕੀ ? ਇਕੋ ਦੱਮ ਹੱਸ ਕੇ ਕਹਿੰਦਾ ਹੈ ਕਿ ਕਰਮ ਉਨੇ ਨਹੀਂ ਜਿੰਨੀਆਂ ਦਾਤਾਂ ਮਿਲ ਗਈਆਂ ਹਨ। ਆਮ ਬੰਦਾ ਸੋਚੇਗਾ ਕਿ ਕਿਹੜੀ ਚੀਜ਼ ਮਿਲ ਗਈ ਹੈ। ਚਰਨ ਫੜ ਕੇ ਕਹਿੰਦਾ ਹੈ, ਸਤਿਗੁਰੂ! ਤੁਹਾਡੇ

ਵਰਗਾ ਮੁਰਸ਼ਦ ਮਿਲ ਗਿਆ ਤਾਂ ਮੈਂ ਜ਼ਿੰਦਗੀ ਵਿੱਚ ਸਭ ਕੁੱਝ ਖੱਟ ਲਿਆ। ਅਭਾਗਿਆਂ ਨੂੰ ਗੁਰੂ ਨਹੀਂ ਮਿਲਦਾ।

ਬੁੱਢਣ ਸ਼ਾਹ ਗੱਦ ਗੱਦ ਹੋ ਗਿਆ। ਉਸੇ ਵੇਲੇ ਬੁੱਢਣ ਸ਼ਾਹ ਨੇ ਆਪਣਾ ਬਾਟਾ ਭਰ ਕੇ ਲਿਆਂਦਾ। ਬੱਕਰੀਆਂ ਦਾ ਦੁੱਧ ਸੀ। ਕਹਿਣ ਲੱਗਾ, ਮਹਾਰਾਜ! ਕ੍ਰਿਪਾ ਕਰਕੇ ਇਸ ਨੂੰ ਛਕੋ। ਸਤਿਗੁਰੂ ਕਹਿਣ ਲੱਗੇ, ਰੱਖ ਲੈ ਬੁੱਢਣ ਸ਼ਾਹ, ਅਸੀਂ ਛੇਵੇਂ ਜਾਮੇ ਵਿੱਚ ਆਪ ਆ ਕੇ ਮੰਗ ਕੇ ਛਕਾਂਗੇ। ਬੁੱਢਣ ਸ਼ਾਹ ਬੈਠ ਗਿਆ। ਹਜ਼ੂਰ ਉਸ ਸਮੇਂ ਰਹਿਮਤਾਂ ਕਰਕੇ ਚਲੇ ਗਏ।

ਕਈ ਸਾਲ ਬੁੱਢਣ ਸ਼ਾਹ ਉਡੀਕਦਾ ਰਿਹਾ। ਗੁਰੂ ਹਰਿਗੋਬਿੰਦ ਜੀ ਆਏ। ਪਹਿਲੇ ਜਾਮੇ ਵਿੱਚ ਕਿਹਾ ਸੀ ਤੇ ਛੇਵੇਂ ਜਾਮੇ ਵਿੱਚ ਕਿਹਾ, ਮੇਰਾ ਦੁੱਧ। ਸਿਦਕ ਨਾਲ ਬੈਠੇ ਹਨ ਬੁੱਢਣ ਸ਼ਾਹ। ਕੰਬਦੇ ਹੱਥਾਂ ਨੇ ਕਿਹਾ ਕਿ ਉਸ ਸਮੇਂ ਤਾਂ ਚਿਹਰਾ ਹੋਰ ਸੀ ਤੇ ਅੱਜ ਕਲਗੀਆਂ ਲਗ ਗਈਆਂ ਤੇ ਦੋ ਕਿਰਪਾਨਾਂ ਪਾ ਲਈਆਂ ਹਨ। ਤਾਂ ਇਕੋ ਦਮ ਝਲਕ ਪਈ। ਇਹ ਉਹੀ ਹੈ ਜਿਹੜਾ ਮੋਏ ਹੋਏ ਨੂੰ ਜੀਵਾਲ ਕੇ ਅੰਮ੍ਰਿਤ ਦੀ ਬੂੰਦ ਬੁੱਕ ਵਿੱਚ ਪਾ ਗਿਆ ਸੀ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਨੂੰ ਭਾਗ ਲਾਏ। ਇਕ ਦਿਨ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤੇ ਦੇ ਚੋਲੇ ਨਾਲ ਅੜ ਕੇ ਫੁੱਲ ਟੁੱਟ ਗਿਆ ਤਾਂ ਗੁਰੂ ਸਾਹਿਬ ਨੇ ਆਪਣੇ ਪੋਤੇ ਨੂੰ ਕਿਹਾ ਸੀ, ਬੇਟਾ! ਜਦੋਂ ਚੋਲੇ ਵੱਡੇ ਪਾਏ ਹੋਣ ਤਾਂ ਦਾਮਨ ਸੰਕੋਚ ਕੇ ਚਲਣਾ ਚਾਹੀਦਾ ਹੈ ਤਾਂ ਕਿ ਖਿੜੇ ਹੋਏ ਫੁੱਲ ਟੁੱਟ ਨਾ ਜਾਣ। ਸਾਰੀ ਜ਼ਿੰਦਗੀ ਹਰਿ ਰਾਏ ਜੀ ਨੇ ਨੇਮ ਬਣਾ ਲਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਜਦੋਂ ਕਿਤੇ ਜਾਣਾ ਬਾਗ਼ ਵਿੱਚ ਤਾਂ ਹਰਿਰਾਏ ਜੀ ਚੋਲੇ ਨੂੰ ਸੰਕੋਚ ਕੇ ਚੱਲਦੇ। ਜੇ ਸਿੱਖ ਬਾਣੀ ਪੜ੍ਹਦੇ ਹੋਏ ਆ ਰਹੇ ਹਨ ਤਾਂ ਮੰਜੇ ਤੋਂ ਕਾਹਲੀ ਨਾਲ ਉਠੇ। ਗੋਡੇ ਨੂੰ ਸੱਟ ਵੀ ਲੱਗ ਗਈ ਤੇ ਮੁੜ ਕੇ ਮੰਜੇ ਉਪਰ ਬਿਰਾਜਣਾ ਹੀ ਬੰਦ ਕਰ ਦਿੱਤਾ। ਜ਼ਮੀਨ 'ਤੇ ਸੌਣ ਲੱਗ ਪਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਰਹਿਮਤਾਂ ਕੀਤੀਆਂ। ਇਸ ਧਰਤੀ 'ਤੇ ਮੇਰੇ ਅਸ਼ਟਮ ਬਲਬੀਰਾ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਆਮਦ ਹੋਈ। ਗੁਰੂ ਹਰਿਗੋਬਿੰਦ ਸਾਹਿਬ ਨੇ ਸਰੀਰਕ ਚੋਲਾ ਇਥੇ ਹੀ ਤਿਆਗਿਆ ਤੇ ਇਸੇ ਅਸਥਾਨ 'ਤੇ ਗੁਰੂ ਜੀ ਨੇ ਗੁਰਗੱਦੀ ਆਪਣੇ ਪੋਤੇ ਨੂੰ ਦਿੱਤੀ।

ਗੁਰੂ ਹਰਿ ਰਾਏ ਸਾਹਿਬ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਬਣੇ। ਇਸੇ ਕੀਰਤਪੁਰ ਸਾਹਿਬ ਦੀ ਧਰਤੀ ਤੋਂ ਦਿੱਲੀ ਗਏ। ਦਿੱਲੀ ਵਿੱਚ ਹਜ਼ੂਰ ਨੇ ਚੋਲਾ ਬਦਲਿਆ ਤੇ ਬਚਨ ਕਰ ਦਿੱਤਾ -

ਬਾਬਾ ਬਸੇ ਗਰਾਮ ਬਕਾਲੇ॥

ਸੰਗਤ ਬਾਬਾ ਬਕਾਲੇ ਆਈ ਤੇ ਗੁਰੂ ਤੇਗ਼ ਬਹਾਦਰ ਜੀ ਨੂੰ ਪ੍ਰਗਟ ਕੀਤਾ। ਸਾਹਿਬ ਅੰਮ੍ਰਿਤਸਰ ਦੀ ਧਰਤੀ 'ਤੇ ਆਏ। ਬਾਅਦ ਵਿੱਚ ਕੀਰਤਪੁਰ ਸਾਹਿਬ ਪਧਾਰੇ। ਰਾਜਾ ਦੀਪ ਚੰਦ ਦੀ ਮੌਤ ਹੋਈ। ਉਸ ਦੀ ਰਾਣੀ ਦਾ ਨਾਮ ਸੀ ਚੰਪਾ ਦੇਵੀ। ਉਸ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੇ ਨਗਰ ਆਉਣ ਲਈ ਬੇਨਤੀ ਕੀਤੀ। ਗੁਰੂ ਤੇਗ਼ ਬਹਾਦਰ ਜੀ ਉਥੇ ਗਏ। ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਇਕ ਸ਼ਹਿਰ ਵਸਾਉਣਾ ਚਾਹੁੰਦੇ ਹਨ ਤਾਂ ਉਸ ਰਾਣੀ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੇ ਵਲੋਂ ਜ਼ਮੀਨ ਭੇਂਟ ਕਰਨ ਦੀ ਗੱਲ ਕਹੀ।

1965 ਵਿੱਚ ਸਤਿਗੁਰੂ ਨੇ ਇਸ ਨਗਰ ਦੀ ਧਰਤੀ ਨੂੰ ਖ਼ਰੀਦਿਆ। ਸਾਹਿਬ ਨੇ ਇਸ ਦਾ ਨਾਮ ਰੱਖਿਆ 'ਚੱਕ ਨਾਨਕੀ'। ਹਜ਼ੂਰ ਜਦੋਂ ਇਥੇ ਟਿਕੇ ਹਨ ਤਾਂ ਪੂਰਬ ਦੀ ਸੰਗਤ ਆਈ ਸੀ। ਉਹਨਾਂ ਨੇ ਭੇਟਾਵਾਂ ਰੱਖ ਕੇ ਕਿਹਾ, ਦਾਤਾ ਜੀ ! ਤੁਸੀਂ ਕ੍ਰਿਪਾ ਕਰਕੇ ਪੂਰਬ ਦੀ ਸੰਗਤ ਨੂੰ ਨਿਹਾਲ ਕਰੋ। ਸ਼ਹਿਰ ਹਾਲਾਂ ਨਹੀਂ ਸੀ ਵਸਾਇਆ। ਮੇਰੇ ਗੁਰਦੇਵ ਸਾਹਿਬ ਕੁਝ ਕੁ ਉਸਾਰੀ ਕਰਾ ਪੂਰਬ ਦੀ ਧਰਤੀ ਨੂੰ ਚਲੇ ਗਏ। ਹਜ਼ੂਰ ਜਦੋਂ ਵਾਪਸ ਆਏ ਤਾਂ ਗੁਰਮੁਖੋ! ਇਹ ਚੱਕ ਨਾਨਕੀ ਵਸਾਇਆ। ਇਹ ਨਗਰ ਚੱਕ ਨਾਨਕੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਮਾਤਾ ਦੇ ਨਾਮ 'ਤੇ ਵਸਾਇਆ। ਗੁਰੂ ਕਲਗੀਧਰ ਗੋਬਿੰਦ ਰਾਏ ਇਸ ਸ਼ਹਿਰ ਵਿੱਚ ਪ੍ਰਵੇਸ਼ ਕਰਨ ਲੱਗੇ ਤਾਂ ਉਥੇ ਕਹਿੰਦੇ ਹਨ ਅਨੰਦੁ ਸਾਹਿਬ ਦੀਆਂ ਪੰਜ ਪਉੜੀਆਂ ਗਾਇਨ ਕੀਤੀਆਂ ਗਈਆਂ। ਉਸ ਦਿਨ ਤੋਂ ਬਾਅਦ ਨਾਮ ਰੱਖਿਆ ਗਿਆ ਅਨੰਦਪੁਰ।

ਧੰਨ ਗੁਰੂ ਤੇਗ਼ ਬਹਾਦਰ ਜੀ ਨੇ ਇਸ ਧਰਤੀ 'ਤੇ ਹੀ ਆਪਣੇ ਪੁੱਤਰ ਨੂੰ ਗੁਰਗੱਦੀ ਦੇ ਕੇ ਇਸੇ ਅਨੰਦਪੁਰ ਤੋਂ ਚਾਲੇ ਪਾਏ। ਗੁਰੂ ਤੇਗ਼ ਬਹਾਦਰ ਜੀ ਤੁਰੇ ਹਨ ਤਾਂ ਪੰਜ ਸਿੱਖ ਵੀ ਨਾਲ ਤੁਰੇ ਹਨ। ਸਤਿਗੁਰੂ ਜੀ ਨੂੰ ਅਨੰਦਪੁਰ ਦੀ ਧਰਤੀ ਤੋਂ ਪਰਿਵਾਰ ਨੇ ਵਿਦਾ ਕੀਤਾ। ਇਥੇ ਹੀ 9 ਸਾਲ ਦੀ ਉਮਰ ਵਿੱਚ ਕਲਗੀ ਵਾਲੇ ਨੇ ਪਿਤਾ ਦਾ ਸੀਸ ਦੇ ਕੇ ਹਿੰਦੂ ਧਰਮ ਦੇ ਡੁੱਬਦੇ ਹੋਏ ਬੇੜੇ ਨੂੰ ਸਹਾਰਾ ਦਿੱਤਾ। ਇਸ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮੇਰੀ ਸੱਚੀ ਸਰਕਾਰ ਦਾ ਸੀਸ ਆਇਆ। ਜਦੋਂ ਸੀਸ ਆਇਆ ਤਾਂ ਭਾਈ ਜੈਤਾ ਅੱਜ ਪੰਜਵੇਂ ਪੜਾਅ 'ਤੇ ਜਦੋਂ ਕੀਰਤਪੁਰ ਸਾਹਿਬ ਕਈ ਦਿਨਾਂ ਦਾ ਥੱਕਿਆ ਹੋਇਆ ਪਹੁੰਚਿਆ ਤਾਂ ਸੀਸ ਰੱਖ ਕੇ ਕਿਹਾ ਕਿ ਗੁਰੂ ਕਲਗੀਧਰ ਜੀ ਨੂੰ ਬੁਲਾ ਕੇ ਲਿਆਉ। ਨਾਲ ਹੀ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੂੰ ਵੀ ਬੁਲਾਉ। ਗੁਰੂ ਗੋਬਿੰਦ ਰਾਏ ਆਏ ਤੇ

ਭਾਈ ਜੈਤੇ ਨੂੰ ਘੁਟ ਕੇ ਸੀਨੇ ਨਾਲ ਲਾਇਆ। ਸੀਸ ਨੂੰ ਕੀਰਤਨ ਕਰਦਿਆਂ ਅਨੰਦਪੁਰ ਸਾਹਿਬ ਲੈ ਗਏ। ਗੁਰੂ ਗੋਬਿੰਦ ਰਾਏ ਨੇ ਉਥੇ ਇਕ ਅਕਾਲ ਬੁੰਗਾ ਹੈ, ਉਥੇ ਪਿਤਾ ਜੀ ਦੇ ਸੀਸ ਦੇ ਸਸਕਾਰ ਤੋਂ ਬਾਅਦ ਐਲਾਨ ਕੀਤਾ—ਜੈਤਿਆ! ਹੁਣ ਦੇਖੀਂ, ਦਿੱਲੀ ਵਿੱਚੋਂ ਤਾਂ ਕੋਈ ਨਹੀਂ ਨਿਕਲਿਆ ਅਤੇ ਦਿੱਲੀ ਢਿੱਲੀ ਪੈ ਗਈ ਸੀ, ਪੁੱਤ੍ਰ ਨਾਲ ਹੀ ਇਹ ਵੀ ਕਿਹਾ ਕਿ ਮੈਂ ਇਹੋ ਜਿਹਾ ਸਿੱਖ ਸਿਰਜਾਂਗਾ ਜਿਹੜਾ ਕਰੋੜਾਂ ਵਿੱਚ ਖਲੋਤਾ ਹੋਇਆ ਇਕੱਲਾ ਆਪਣੇ ਆਪ ਵਿੱਚ ਪਹਿਚਾਣਿਆ ਜਾਏਗਾ।

ਗੁਰੂ ਗੋਬਿੰਦ ਰਾਏ ਜੀ ਨੇ ਕ੍ਰਿਪਾ ਕੀਤੀ ਤੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਰਹੇ। ਇਥੇ ਰਾਜਾ ਭੀਮ ਚੰਦ ਨੇ ਵਿਰੋਧ ਵੀ ਕੀਤਾ। ਫਿਰ ਹਜ਼ੂਰ ਅਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਦੀ ਧਰਤੀ 'ਤੇ ਆਏ। ਪਉਂਟਾ ਸਾਹਿਬ ਤੋਂ ਫਿਰ ਵਾਪਸ ਆਏ। ਮੇਰੇ ਸਾਹਿਬ ਦੀਆਂ ਇਥੇ ਪਹਾੜੀਆਂ ਨਾਲ ਝਪਟਾਂ ਵੀ ਹੋਈਆਂ ਹਨ। ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਸਤਿਗੁਰੂ ਦਾ ਦਬਦਬਾ ਬੈਠ ਗਿਆ ਪਹਾੜੀਆਂ 'ਤੇ।

ਮੇਰੇ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਛੇ ਕਿਲ੍ਹੇ ਬਣਵਾਏ। ਪਹਿਲਾ ਕਿਲ੍ਹਾ ਬਣਾਇਆ ਨਿਰਮੋਹਗੜ੍ਹ। ਫਿਰ ਬਣਾਇਆ ਹੋਲਗੜ੍ਹ। ਫਿਰ ਲੋਹਗੜ੍ਹ, ਫਿਰ ਫਤਹਿਗੜ੍ਹ, ਫਿਰ ਕੇਸਗੜ੍ਹ ਤੇ ਕੇਸਗੜ੍ਹ ਤੋਂ ਸਿੱਖ ਜਾਂਦਾ ਹੈ ਅਨੰਦਗੜ੍ਹ। ਸਿੱਖਾ! ਤੂੰ ਅਨੰਦਪੁਰ ਦਾ ਵਾਸੀ ਹੈਂ। ਮੇਰੇ ਕਲਗੀਧਰ ਜੀ ਨੇ ਕੇਸਗੜ੍ਹ ਸਾਹਿਬ ਦੀ ਧਰਤੀ 'ਤੇ ਕ੍ਰਿਪਾ ਕੀਤੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਇਸੇ ਪੁਰੀ ਅਨੰਦ ਵਿੱਚ ਹੋਲੇ ਮਹੱਲੇ ਕੱਢੇ ਗਏ। ਨੀਵਿਆਂ ਨੂੰ ਉੱਚਿਆਂ ਕੀਤਾ ਮੇਰੇ ਗੋਬਿੰਦ ਨੇ। ਕੇਸਗੜ੍ਹ ਦੀ ਧਰਤੀ 'ਤੇ ਹੀ ਹਜ਼ੂਰ ਨੇ ਭਰੇ ਦਰਬਾਰ ਵਿੱਚ ਨੰਗੀ ਕਿਰਪਾਨ ਕੱਢ ਕੇ ਕਿਹਾ ਕਿ ਅੱਜ ਮੈਨੂੰ ਪੰਜ ਸੀਸ ਚਾਹੀਦੇ ਹਨ। ਇਹ ਸੁਣ ਕੇ ਪੰਜ ਸਿੱਖਾਂ ਨੇ ਸਿਰ ਭੇਟ ਕੀਤੇ। ਦਇਆ ਆਈ, ਧਰਮ ਆਇਆ, ਹਿੰਮਤ ਆਈ, ਮੋਹਕਮ ਆਇਆ ਤੇ ਸਾਹਿਬ ਆਇਆ। ਹਜ਼ੂਰ ਨੇ ਕਿਹਾ ਕਿ ਮੈਂ ਚਾਹੁੰਦਾ ਹਾਂ ਜਿਸ ਨੂੰ ਲੋਕ ਨੀਚ ਕਹਿੰਦੇ ਹਨ, ਮੈਂ ਉਸੇ ਨੀਚ ਨੂੰ ਸਾਹਿਬ ਬਣਾਉਣਾ ਚਾਹੁੰਦਾ ਹਾਂ। ਸਾਹਿਬ ਦਾ ਅੱਖਰੀ ਅਰਥ ਹੈ ਮਾਲਕ। ਰੱਬ ਲਈ ਵੀ ਸਾਹਿਬ ਸ਼ਬਦ ਵਰਤੇ -

ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ (ਅੰਕ ੧੫੬)

ਤਉ ਕਾਰਣਿ ਸਾਹਿਬਾ ਰੰਗਿ ਰਤੇ ॥ (ਅੰਕ ੩੫੮)

ਸਾਹਿਬ ਨੂੰ ਕਹਿਣ ਲੱਗੇ ਕਿ ਅੱਜ ਤੱਕ ਲੋਕੀਂ ਤੈਨੂੰ ਜ਼ਮੀਨ ਦਾ ਕੀੜਾ ਸਮਝ ਕੇ ਲਤਾੜਦੇ ਰਹੇ ਹਨ, ਪਰ ਮੈਂ ਤੈਨੂੰ ਨੌਕਰ ਨਹੀਂ ਰਹਿਣ ਦੇਣਾ। ਮੈਂ ਤੈਨੂੰ ਕੇਸਗੜ੍ਹ ਦੀ ਧਰਤੀ 'ਤੇ ਅਨੰਦਪੁਰ ਦਾ ਵਾਸੀ ਬਣਾਉਣਾ ਚਾਹੁੰਦਾ ਹਾਂ। ਸੱਚ ਜਾਣੀ, ਅੱਜ ਤੋਂ ਬਾਅਦ ਤੂੰ ਨੀਚ ਨਹੀਂ, ਅੱਜ ਤੋਂ ਬਾਅਦ ਤੂੰ ਸੰਸਾਰ 'ਚ ਸਾਹਿਬ ਬਣ ਕੇ ਰਹਿਣਾ ਹੈ। ਸਾਹਿਬ ਐਵੇਂ ਨਹੀਂ ਬਣਿਆ ਜਾਂਦਾ। ਪਹਿਲੀ ਗੱਲ ਤੇਰੇ ਅੰਦਰ ਦਇਆ ਹੋਵੇ, ਦੂਜੀ ਗੱਲ, ਜਿੰਨੀ ਦੇਰ ਤੱਕ ਦਇਆ ਨਹੀਂ, ਉਨੀ ਦੇਰ ਤੱਕ ਧਰਮ ਨਹੀਂ। ਜਿਸ ਦਿਨ ਤੇਰੇ ਕੋਲ ਧਰਮ ਹੋ ਗਿਆ, ਤਾਂ ਉਸ ਦਿਨ ਹਿੰਮਤ ਨੂੰ ਕਾਇਮ ਕਰਕੇ ਧਰਮ ਉੱਪਰ ਪਹਿਰਾ ਦੇਈਂ। ਇਹਨਾਂ ਤਿੰਨਾਂ ਚੀਜ਼ਾਂ ਨੂੰ ਮੋਹਕਮ ਬਣ ਕੇ ਪੱਕਿਆਂ ਕਰੀਂ। ਸੱਜਣਾ! ਜਿਸ ਦਿਨ ਤੇਰੇ ਕੋਲ ਇਹ ਚਾਰੇ ਚੀਜ਼ਾਂ ਹੋ ਗਈਆਂ ਤਾਂ ਫਿਰ ਤੈਨੂੰ ਸਾਹਿਬੀ ਮੰਗਣ ਦੀ ਲੋੜ ਨਹੀਂ ਪੈਣੀ, ਤੂੰ ਸਾਰੀ ਧਰਤੀ ਦਾ ਹੀ ਸਾਹਿਬ ਬਣ ਜਾਏਂਗਾ।

ਗੁਰੂ ਕਲਗੀਆਂ ਵਾਲੇ ਨੇ ਕੇਸਗੜ੍ਹ ਦੀ ਧਰਤੀ 'ਤੇ ਕਰਤਾਰਪੁਰ ਦੀ ਗੱਲ ਦੁਹਰਾ ਦਿੱਤੀ। ਸਿੱਖ ਨੂੰ ਅੰਮ੍ਰਿਤ ਦੇ ਪੰਜ ਚੁਲੇ ਦਿੱਤੇ ਤੇ ਕਿਹਾ ਕਿ ਤੇਰੇ ਅੰਦਰ ਅੰਮ੍ਰਿਤ ਦਾ ਕੁੰਡ ਹੈ ਤੇ ਉਸ ਅੰਮ੍ਰਿਤ ਤੱਕ ਇਹ ਅੰਮ੍ਰਿਤ ਪਹੁੰਚਿਆ ਤਾਂ ਤੇਰੇ ਅੰਦਰ ਅੰਮ੍ਰਿਤ ਦਾ ਸੰਚਾਰ ਹੋਵੇਗਾ। ਸਾਹਿਬ ਕਹਿੰਦੇ ਹਨ ਕਿ ਅੱਜ ਤੱਕ ਤੂੰ ਜ਼ਾਲਮ ਦੇ ਸਾਹਮਣੇ ਅੱਖ ਨੀਵੀਂ ਕਰਕੇ ਆਪਣੀ ਪੱਤ ਲੁਟਾਉਂਦਾ ਰਿਹਾ ਹੈਂ। ਮੈਂ ਤੇਰੇ ਇਹਨਾਂ ਹੀ ਨੇਤਰਾਂ ਵਿੱਚ ਅਜਿਹੇ ਛੱਟੇ ਮਾਰਾਂਗਾ ਕਿ ਤੂੰ ਅਣਖ ਨਾਲ ਅੱਖ ਚੁੱਕ ਕੇ ਤੁਰੀਂ ਤੇ ਜਦੋਂ ਕਿਸੇ ਦੀ ਧੀ ਭੈਣ ਨੂੰ ਦੇਖੇਂਗਾ ਤਾਂ ਅੰਮ੍ਰਿਤ ਵਾਲੀ ਅੱਖ ਕਦੀ ਮੈਲੀ ਨਹੀਂ ਹੋ ਸਕੇਗੀ। ਫਿਰ ਕਿਹਾ ਕਿ ਮੈਂ ਤੇਰੇ ਕੇਸਾਂ ਵਿੱਚ ਵੀ ਅੰਮ੍ਰਿਤ ਪਾਉਣਾ ਹੈ, ਕਿਉਂਕਿ ਤੈਨੂੰ ਮੈਂ ਕੇਸਗੜ੍ਹ ਦਾ ਵਾਸੀ ਬਣਾਉਣਾ ਚਾਹੁੰਦਾ ਹਾਂ।

ਗੁਰਸਿੱਖਾ! ਮੇਰੇ ਸਤਿਗੁਰੂ ਨੂੰ ਸਭ ਤੋਂ ਪਿਆਰੀ ਚੀਜ਼ ਤੇਰੇ ਕੇਸ ਲੱਗਦੇ ਹਨ। ਅਨੰਦਗੜ੍ਹ ਪਹੁੰਚਣਗੇ ਉਹ, ਜਿਹੜੇ ਪਹਿਲਾਂ ਕੇਸਗੜ੍ਹ ਤੋਂ ਹੋ ਕੇ ਆਉਣਗੇ। ਸਤਿਗੁਰੂ ਨੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ। ਪੰਜ ਨੇਤਰਾਂ ਵਿੱਚ ਪਾਏ। ਪੰਜ ਸੀਸ਼ ਵਿੱਚ ਪਾਏ। ਪੰਜ ਹੀ ਬਾਣੀਆਂ ਦਿੱਤੀਆਂ। ਪੰਜ ਰਹਿਤਾਂ ਦਿੱਤੀਆਂ। ਸਾਨੂੰ ਕ੍ਰਿਪਾ ਕਰਕੇ ਕੁਰਹਿਤਾਂ ਤੋਂ ਬਚਾਇਆ। ਜਦੋਂ ਅੰਮ੍ਰਿਤ ਦੀ ਦਾਤ ਦੇ ਦਿੱਤੀ ਤਾਂ ਫਿਰ ਕਰਤਾਰਪੁਰ ਦੀ ਮਰਿਆਦਾ ਦਹੁਰਾਈ ਗਈ। ਇਸ ਗੁਰੂ ਨੇ ਅੰਮ੍ਰਿਤ ਦੇ ਕੇ, ਹੱਥ ਜੋੜ ਕੇ ਤੇ ਬੀਰ ਆਸਣ ਵਿੱਚ ਬੈਠ ਕੇ ਕਹਿ ਦਿੱਤਾ ਕਿ ਸਿੰਘੋ! ਮੈਨੂੰ ਵੀ ਅੰਮ੍ਰਿਤ ਛਕਾ ਦਿਉ।

ਕਵੀ ਸੰਤੋਖ ਸਿੰਘ ਜੀ ਨੇ ਇਥੇ ਇਕ ਗੱਲ ਕਹੀ ਹੈ। ਭਾਈ ਦਇਆ ਸਿੰਘ ਜੀ ਕਹਿੰਦੇ ਹਨ, ਦਾਤਾ! ਤੁਹਾਨੂੰ ਅੰਮ੍ਰਿਤ ? ਕਵੀ ਜੀ ਕਹਿਣ ਲੱਗੇ -

ਖਾਲਸਾ ਗੁਰੂ, ਗੁਰੂ ਖਾਲਸਾ ਕਰਹੁੰ ਮੈਂ ਅਬ।
ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਉ।

ਕਰਤਾਰਪੁਰ ਦੀ ਧਰਤੀ 'ਤੇ 7 ਸਾਲ ਘਾਲਣਾ ਘਾਲੀ ਤੇ ਬਾਬੇ ਨਾਨਕ ਨੇ ਮੱਥਾ ਟੇਕ ਕੇ ਭਾਈ ਲਹਿਣਾ ਜੀ ਨੂੰ ਕਿਹਾ ਸੀ -

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥ (ਅੰਕ ੯੬੬)

ਗੁਰੂ ਨੇ ਚੇਲੇ ਨੂੰ ਲਹਿਣੇ ਤੋਂ ਅੰਗਦ ਬਣਾ ਦਿੱਤਾ।

ਮੇਰੇ ਕਲਗੀ ਵਾਲੇ ਨੇ ਅੰਮ੍ਰਿਤ ਦੀ ਦਾਤ ਲਈ ਪੰਜਾਂ ਪਿਆਰਿਆਂ ਤੋਂ। ਕਿਲ੍ਹਾ ਕੇਸਗੜ੍ਹ ਬਣ ਗਿਆ ਹੈ। ਦਾਤਾਰ ਨੇ ਫਿਰ ਕਿਲ੍ਹਾ ਹੋਲਗੜ੍ਹ ਬਣਾਇਆ। ਉਥੇ ਬਚਨ ਕਹੇ—ਐ ਖਾਲਸਾ! ਅੱਜ ਤੋਂ ਬਾਅਦ ਇਥੇ ਰਣਜੀਤ ਨਗਾਰਾ ਵਜੇਗਾ। ਹਰ ਇਕ ਸਿੱਖ ਇਕ ਅਕਾਲ ਤੋਂ ਬਿਨਾਂ ਕਿਸੇ ਨੂੰ ਨਾ ਪੂਜੇ।

ਕੁੱਝ ਸਮਾਂ ਬਾਅਦ ਜਦੋਂ ਮਾਤਾ ਸਾਹਿਬ ਕੌਰ ਆਏ ਹਨ ਤੇ ਗੁਰੂ ਕਲਗੀਧਰ ਪਾਤਿਸ਼ਾਹ ਦੇ ਚਰਨਾਂ ਵਿੱਚ ਬੇਨਤੀ ਕੀਤੀ। ਕਲਗੀਧਰ ਪਾਤਿਸ਼ਾਹ ਕਹਿਣ ਲੱਗੇ—ਐ ਖਾਲਸਾ! ਇਹ ਅਨੰਦਪੁਰ ਸਾਹਿਬ ਦੀ ਧਰਤੀ ਹੈ। ਜਿਸ ਦਿਨ ਅਸਾਂ ਤੈਨੂੰ ਮਾਤਾ ਸਾਹਿਬ ਕੌਰ ਦੀ ਝੋਲੀ ਵਿੱਚ ਪਾਇਆ ਸੀ ਤਾਂ ਉਸ ਦਿਨ ਤੇਰਾ ਯਤੀਮਪੁਣਾ ਖ਼ਤਮ ਹੋ ਗਿਆ ਸੀ। ਜਿਸ ਦਿਨ ਸਿੱਖ ਅੰਮ੍ਰਿਤ ਛੱਕ ਕੇ ਬਾਹਰ ਨਿਕਲਦਾ ਹੈ, ਉਸ ਦਿਨ ਉਸ ਦੇ ਕੰਨਾਂ ਵਿੱਚ ਆਵਾਜ਼ ਪੈਂਦੀ ਹੈ ਕਿ ਪਹਿਲਾਂ ਤੇਰੀ ਮੌਤ ਹੋਈ ਸੀ ਤੇ ਹੁਣ ਗੁਰੂ ਘਰ ਵਿੱਚ ਤੇਰਾ ਜਨਮ ਹੋਇਆ ਹੈ। ਆਵਾਜ਼ ਆਈ—ਅੱਜ ਤੋਂ ਬਾਅਦ ਤੇਰਾ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਤੇਰੀ ਮਾਂ ਮਾਤਾ ਸਾਹਿਬ ਕੌਰ ਹੈ। ਤੇਰੇ ਨਾਮ ਦੇ ਪਿੱਛੇ ਸਿੰਘ ਲੱਗਾ ਹੈ। ਅੱਜ ਤੋਂ ਬਾਅਦ ਤੂੰ ਅਨੰਦਪੁਰ ਦਾ ਵਾਸੀ ਹੈਂ। ਉਸ ਦਿਨ ਤੋਂ ਬਾਅਦ ਇਸ ਧਰਤੀ ਨੂੰ ਕਹਿਣ ਲੱਗ ਪਏ—ਖਾਲਸੇ ਦੀ ਵਾਸੀ। ਇਥੇ ਜੰਗ-ਯੁੱਧ ਵੀ ਹੋਏ। ਕਹਿਣ ਲੱਗੇ ਕਿ ਸਿੱਖ ਦਾ ਮੁਕਾਮ ਅਨੰਦਪੁਰ ਹੈ। ਸਿੱਖਾ! ਤੇਰੇ ਕੋਲ 40 ਪਉੜੀਆਂ ਹਨ ਅਨੰਦੁ ਸਾਹਿਬ ਦੀਆਂ।

ਸੰਨ 1699 ਦੀ ਵਿਸਾਖੀ ਤੋਂ ਲੈ ਕੇ ਅੱਜ ਤੱਕ ਮੇਰੇ ਬਾਪੂ ਦੇ ਦਿੱਤੇ ਨਾਮ ਨੂੰ ਦੁਨੀਆਂ ਦੀ ਕੋਈ ਤਾਕਤ ਮਿਟਾ ਨਹੀਂ ਸਕੀ। ਅਨੰਦਗੜ੍ਹ ਤੱਕ ਪਹੁੰਚਣ ਵਾਲਿਆ! ਪਹਿਲਾਂ ਨਿਰਮੋਹਗੜ੍ਹ ਦੇ ਕਿਲ੍ਹੇ ਨੂੰ ਮੱਥਾ ਟੇਕ ਕੇ ਲੰਘੀਂ। ਜਿੰਨੀ

ਦੇਰ ਤੱਕ ਤੇਰੇ ਅੰਦਰ ਮੋਹ ਹੈ, ਉੱਨੀ ਦੇਰ ਤੱਕ ਅਨੰਦ ਪੈਦਾ ਨਹੀਂ ਹੋਣਾ। ਕਹਿਣ ਲੱਗੇ, ਨਿਰਮੋਹਗੜ੍ਹ ਤੋਂ ਬਿਨਾਂ ਹੋਲਗੜ੍ਹ ਨਹੀਂ ਲੱਭਣਾ। ਸਾਹਿਬ ਨੇ ਕਿਹਾ ਸੀ ਕਿ ਕੇਸ ਕਾਲੇ ਨਾ ਕਰਿਆ ਕਰੋ। ਕੇਸ ਕਾਲੇ ਕਰਨ ਵਾਲਾ ਤਨਖਾਹੀਆ ਹੁੰਦਾ ਹੈ। ਅੰਮ੍ਰਿਤ ਦੀ ਦਾਤ ਲਈਏ। ਜਿਸ ਦਿਨ ਗੁਰਮੁਖਾ! ਤੂੰ ਨਿਰਮੋਹਗੜ੍ਹ ਨੂੰ ਜਿੱਤ ਲਵੇਂਗਾ ਤਾਂ ਫਿਰ ਨਿਰਮੋਹਗੜ੍ਹ ਵਿੱਚ ਰਹਿਣ ਵਾਲਾ ਹੀ ਵਿਕਾਰਾਂ ਦਾ ਟਾਕਰਾ ਕਰ ਸਕਦਾ ਹੈ। ਨਿਰਮੋਹਗੜ੍ਹ ਜਾਣ ਤੋਂ ਬਿਨਾਂ ਵਿਕਾਰਾਂ 'ਤੇ ਹੱਲਾ ਨਹੀਂ ਹੋ ਸਕਦਾ। ਹੋਲਗੜ੍ਹ ਜਿਥੇ ਹਮਲੇ ਹੋਣੇ ਹਨ, ਤਾਂ ਚੇਤੇ ਰੱਖੀਂ, ਤੈਨੂੰ ਹਮਲਾ ਰੋਕਣ ਦੀ ਜਾਚ ਵੀ ਆਉਂਦੀ ਹੋਵੇ। ਜਦੋਂ ਤੂੰ ਹੋਲਗੜ੍ਹ ਜਾਂਦਾ ਹੈਂ ਤਾਂ ਫਿਰ ਤੈਨੂੰ ਲੋੜ ਪੈਂਦੀ ਹੈ ਲੋਹਗੜ੍ਹ ਦੀ।

ਲੋਹਗੜ੍ਹ ਵਿੱਚ ਮੇਰੇ ਦਾਤੇ ਨੇ ਸ਼ਸਤਰ ਤਿਆਰ ਕਰਵਾਏ। ਲੱਕੜ ਦੀਆਂ ਬੰਦੂਕਾਂ ਬਣੀਆਂ, ਗੰਡਾਸੇ ਬਣੇ, ਤੀਰ ਤੇ ਕਮਾਨ ਬਣੇ। ਗੁਰੂ ਸਾਹਿਬ ਨੇ ਕਿਹਾ ਕਿ ਲੋਹਗੜ੍ਹ ਨੂੰ ਵੇਖਣਾ ਅਤੀ ਜ਼ਰੂਰੀ ਹੈ। ਜੇ ਬਾਹਰ ਦੇ ਦੁਸ਼ਮਣਾਂ ਨੂੰ ਜਿੱਤਣਾ ਹੈ ਤਾਂ ਤੈਨੂੰ ਲੋਹੇ ਦੇ ਸ਼ਸਤਰਾਂ ਦੀ ਲੋੜ ਪੈਣੀ ਹੈ। ਮੈਂ ਚਾਹੁੰਦਾ ਹਾਂ ਕਿ ਕੱਚ ਦੀਆਂ ਚੂੜੀਆਂ ਲਾਹ ਕੇ ਤੂੰ ਸਰਬ ਲੋਹ ਦਾ ਕੜਾ ਪਾਵੇਂ। ਤੇਰੇ ਬਾਟੇ ਸਰਬ ਲੋਹ ਦੇ ਹੋਣ। ਜਿਸ ਦੇ ਮੈਂ ਤੈਨੂੰ ਲੜ ਲਾਇਆ ਹੈ, ਉਹ ਵੀ ਸਾਰੰਗ ਪਾਣੀ ਹੈ। ਸਾਰੰਗ ਪਾਣੀ ਦਾ ਅਰਥ ਹੀ ਇਹ ਹੈ ਕਿ ਜਿਸ ਨੇ ਸ਼ਸਤਰ ਧਾਰਨ ਕੀਤੇ ਹਨ -

ਖੜਗ ਕੇਤ ਮੈ ਸਰਣਿ ਤਿਹਾਰੀ ॥ (ਚੌਪਈ ਸਾਹਿਬ)

ਤੇਰੇ ਕੋਲ ਇਹੋ ਜਿਹਾ ਨਾਮ ਦਾ ਸ਼ਸਤਰ ਹੋਵੇ, ਜਿਸ ਨਾਲ ਤੂੰ ਮੋਹ ਤੋਂ ਰਹਿਤ ਹੋਵੇਂ ਤੇ ਹਮਲਿਆਂ ਤੋਂ ਬਚ ਸਕੇਂ। ਤੇਰੇ ਕੋਲ ਨਾਮ ਦਾ ਸ਼ਸਤਰ ਹੋਵੇ ਤੇ ਅਗਲਾ ਕਿਲ੍ਹਾ ਮੈਂ ਤੈਨੂੰ ਦਿੰਦਾ ਹਾਂ ਫ਼ਤਹਿਗੜ੍ਹ। ਕਹਿੰਦੇ ਹਨ ਇਥੇ ਪਹੁੰਚ ਕੇ ਫ਼ਤਹਿ ਤੇਰੇ ਪੈਰ ਚੁੰਮੇਗੀ। ਜਦੋਂ ਫ਼ਤਹਿ ਪੈਰ ਚੁੰਮਣ ਲੱਗ ਪਵੇ ਅਤੇ ਤੂੰ ਅੰਦਰ ਵੀ ਫ਼ਤਹਿ ਪਾ ਲਵੇਂ ਤਾਂ ਅਗਲਾ ਨਿਵਾਸ ਤੇਰਾ ਮੈਂ ਕੇਸਗੜ੍ਹ ਵਿੱਚ ਕਰਾਂਗਾ। ਜਿਸ ਦੇ ਸਿਰ ਉਪਰ ਕੇਸ ਹੋਣਗੇ, ਉਹ ਅੰਦਰੋਂ ਜਿੱਤਿਆ ਹੋਵੇਗਾ। ਉਹ ਅੰਦਰੋਂ ਪੱਕਾ ਪੀਢਾ ਹੋਵੇਗਾ। ਸਾਹਿਬ ਕਹਿਣ ਲੱਗੇ ਕਿ ਉਸ ਤੋਂ ਬਾਅਦ ਮੈਂ ਤੈਨੂੰ ਕੇਸਗੜ੍ਹ ਦਾ ਵਾਸੀ ਬਨਾਉਣਾ ਚਾਹੁੰਦਾ ਹਾਂ ਤੇ ਚੇਤੇ ਰੱਖੀਂ, ਜਿੰਨੀ ਦੇਰ ਤੱਕ ਕੇਸ ਕਾਇਮ ਰਹਿਣਗੇ, ਉੱਨੀ ਦੇਰ ਤੱਕ ਕਿਲ੍ਹੇ ਕਾਇਮ ਰਹਿਣਗੇ। ਜਿਸ ਦਿਨ ਕੇਸ ਨਿਕਲ ਗਏ, ਤੇਰੇ ਕਿਲ੍ਹੇ ਵੀ ਚਲੇ ਜਾਣਗੇ। ਖਾਲਸੇ ਨੂੰ ਕੇਸਗੜ੍ਹ ਦਾ ਵਾਸੀ ਕੀਤਾ।

ਜਦੋਂ ਤੁਸੀਂ ਕੇਸਗੜ੍ਹ ਸਾਹਿਬ ਜਾਂਦੇ ਹੋ ਤਾਂ ਕੇਸਗੜ੍ਹ ਤੋਂ ਸਾਹਮਣੇ ਉੱਚੀ ਪਹਾੜੀ 'ਤੇ ਅਨੰਦਗੜ੍ਹ ਦਿੱਸਦਾ ਹੈ। ਤੇਰਾ ਮੁਕਾਮ ਅਨੰਦਪੁਰ ਹੈ। ਤੈਨੂੰ ਮੈਂ ਅਨੰਦ ਦੇ ਕਿਲ੍ਹੇ ਦਾ ਵਾਸੀ ਬਨਾਉਣਾ ਚਾਹੁੰਦਾ ਹਾਂ। ਹਜ਼ੂਰ ਨੇ ਕਿਹਾ, ਤੂੰ ਅਨੰਦਗੜ੍ਹ ਪਹੁੰਚ ਜਾਈਂ। ਚੇਤੇ ਰੱਖੀਂ, ਅਨੰਦਗੜ੍ਹ ਉਹੀ ਪਹੁੰਚਦੇ ਹਨ, ਜਿਸ ਦੀ ਜ਼ਬਾਨ 'ਤੇ ਇਹ ਸ਼ਬਦ ਹੋਵੇ -

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ (ਅਨੰਦੁ ਸਾਹਿਬ)

ਜੇ ਅਨੰਦਗੜ੍ਹ ਦਾ ਵਾਸੀ ਬਣਨਾ ਹੈ ਤਾਂ ਫਿਰ ਕਹਿਣਾ ਪਵੇਗਾ -

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥ (ਅਨੰਦੁ ਸਾਹਿਬ)

ਕਹਿਣ ਲੱਗੇ, ਜੇਕਰ ਅਨੰਦਗੜ੍ਹ ਦੇ ਕਿਲ੍ਹੇ ਤੱਕ ਪਹੁੰਚਣਾ ਹੈ ਤਾਂ ਚੇਤੇ ਰੱਖੀਂ, ਇਸ ਕਿਲ੍ਹੇ ਵਿੱਚ ਗੁਫਾਵਾਂ ਬਹੁਤ ਹਨ। ਜਿਸ ਦਿਨ ਅਨੰਦਗੜ੍ਹ ਕਿਲ੍ਹਾ ਬਣਵਾਇਆ ਤਾਂ ਇਸ ਦੇ ਨਾਲ ਇਕ ਬਉਲੀ ਵੀ ਬਣਾਈ ਸੀ। ਇਸ ਦੇ ਹੇਠਾਂ ਕਹਿੰਦੇ ਹਨ, ਛੋਟੀਆਂ ਛੋਟੀਆਂ ਗੁਫਾਵਾਂ ਹਨ -

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ
ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥
(ਅਨੰਦੁ ਸਾਹਿਬ)

ਜਿਸ ਦੇ ਅੰਦਰ ਦੇ ਦਸਮ ਦੁਆਰ ਖੁਲ੍ਹੇ ਹਨ, ਉਹ ਫਿਰ ਅਨੰਦਗੜ੍ਹ ਦੇ ਨੇੜੇ ਪਹੁੰਚ ਗਿਆ। ਉਸ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ -

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥
ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥ (ਅਨੰਦੁ ਸਾਹਿਬ)

ਕਹਿਣ ਲੱਗੇ, ਜਦੋਂ ਉਸ ਨੇ ਸੱਚਾ ਗੀਤ ਗਾਇਆ ਫਿਰ ਉਸ ਦਾ ਰੋਮ ਰੋਮ ਕਹਿ ਉਠਿਆ -

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥

ਮੇਰੇ ਸਾਰੇ ਮਨੋਰਥ ਪੂਰੇ ਹੋ ਗਏ, ਕਿਉਂਕਿ ਬੰਦੇ ਦਾ ਮਨੋਰਥ ਹੀ ਅਨੰਦ

ਦੀ ਪ੍ਰਾਪਤੀ ਹੈ ਤੇ ਜਿਸ ਦਿਨ ਗੁਰੂ ਨੇ ਅਨੰਦਗੜ੍ਹ ਪੁਚਾ ਦਿੱਤਾ, ਉਸ ਦਿਨ ਸਾਰੀਆਂ ਮੰਜ਼ਿਲਾਂ ਤਹਿ ਕਰ ਲਈਆਂ ਸਮਝੋ -

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥

ਅਨੰਦਗੜ੍ਹ ਵਿੱਚ ਬੈਠਾ ਕਹਿ ਰਿਹਾ ਹੈ -

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ (ਅਨੰਦੁ ਸਾਹਿਬ)

ਸਮਾਂ ਆਇਆ। ਇਨ੍ਹਾਂ ਕਿਲ੍ਹਿਆਂ ਨੂੰ ਘੇਰਾ ਪਿਆ। ਸਾਹਿਬ ਨੇ ਅਨੰਦਪੁਰ ਛੱਡਿਆ, ਪਰਿਵਾਰ ਛੱਡਿਆ। ਪੁੱਤਰ, ਮਾਂ, ਮਹਿਲ ਤੁਰੇ ਹਨ ਅਨੰਦਪੁਰ ਨੂੰ ਛੱਡ ਕੇ ਸਦਾ ਲਈ। ਚੇਤੇ ਰੱਖੀਂ, ਸਰੀਰਕ ਤੌਰ 'ਤੇ ਛੱਡਿਆ ਹੈ, ਪਰ ਤੇਰੀ ਵਾਸੀ ਸਦਾ ਲਈ ਕਾਇਮ ਕਰ ਦਿੱਤੀ। ਤੁਰਨ ਲੱਗੇ, ਤਾਂ ਸਾਰਾ ਅਨੰਦਪੁਰ ਖ਼ਾਲੀ ਹੋ ਗਿਆ। ਸਿਰਫ਼ ਇਕ ਉਦਾਸੀ ਰਹਿ ਗਿਆ ਸੀ, ਜਿਸ ਦਾ ਨਾਮ ਸੀ ਭਾਈ ਗੁਰਬਖ਼ਸ਼। ਭਾਈ ਗੁਰਬਖ਼ਸ਼ ਸਾਹਮਣੇ ਆਇਆ। ਗੁਰੂ ਕਲਗੀਧਰ ਕਹਿੰਦੇ ਹਨ ਕਿ ਤੁਸੀਂ ਜਾਣਾ ਨਹੀਂ। ਹਜ਼ੂਰ ਜਿਵੇਂ ਤੁਹਾਡਾ ਹੁਕਮ। ਸਤਿਗੁਰੂ! ਤੁਹਾਡੇ ਦੀਦਾਰ ਕਿਵੇਂ ਕਰਾਂਗਾ ? ਮਹਾਰਾਜ ਕਹਿਣ ਲੱਗੇ, ਭਾਈ ਗੁਰਬਖ਼ਸ਼, ਭਾਵਨਾ ਨਾਲ ਆਪਣਾ ਚਿਹਰਾ ਵੇਖੀਂ, ਤੇਰੇ ਚਿਹਰੇ ਵਿੱਚੋਂ, ਤੇਰੇ ਦਾੜ੍ਹੇ ਵਿੱਚੋਂ ਸਾਡੇ ਦੀਦਾਰ ਹੋਣਗੇ। ਮਹਾਰਾਜ! ਮੇਰੇ ਲਈ ਹੁਕਮ ? ਇਕ ਗੱਲ ਕਰੀਂ, ਜਿਥੇ ਪਿਤਾ ਜੀ ਦੇ ਸੀਸ ਦਾ ਸਤਿਕਾਰ ਕੀਤਾ ਹੈ, ਉਥੇ ਦੀਵਾ ਬਲਦਾ ਰਹੇ। ਇਹ ਕਹਿ ਕੇ ਅਨੰਦਪੁਰ ਛੱਡ ਦਿੱਤਾ।

ਮੇਰੇ ਕਲਗੀਧਰ ਪਾਤਿਸ਼ਾਹ ਸਰਸਾ ਨਦੀ ਪਾਰ ਕਰਕੇ ਅੱਗੇ ਨਿਕਲ ਗਏ। ਪਰ ਕਸਮਾਂ ਖਾ ਕੇ ਮੁਕਰਨ ਵਾਲੇ, ਨਮਕ ਖਾ ਕੇ ਮੁਕਰਨ ਵਾਲੇ ਪਹਾੜੀਆਂ ਰਾਜਿਆਂ ਨੇ ਮੇਰੇ ਸਤਿਗੁਰੂ ਦੇ ਕਿਲ੍ਹਿਆਂ 'ਤੇ ਹਮਲਾ ਕੀਤਾ। ਉਹਨਾਂ ਨੇ ਕਿਲ੍ਹੇ ਢਾਹੇ, ਗੁਰੂ ਧਾਮ ਢਾਹੇ। ਕੇਵਲ ਇਕੋ ਇਕ ਜਿਸ ਨੂੰ ਅਨੰਦਗੜ੍ਹ ਕਹਿੰਦੇ ਹਨ, ਉਹ ਰਹਿ ਗਿਆ ਸੀ। ਅਸਲ ਵਿੱਚ ਉਸ ਨੂੰ ਵੀ ਢਾਹ ਦਿੱਤਾ ਗਿਆ ਸੀ। ਕੇਵਲ ਸੀਸ ਗੰਜ ਰਹਿ ਗਿਆ। ਗੁਰਬਖ਼ਸ਼ ਉਦਾਸੀ ਉਥੇ ਦੀਵਾ ਬਾਲਦਾ ਰਿਹਾ।

ਗੁਰਮੁਖੋ! ਆਉ ਅਸੀਂ ਸਾਰੇ ਹੀ ਕੇਸਗੜ੍ਹ ਦੇ ਵਾਸੀ ਹਾਂ ਤੇ ਕੇਸਾਂ ਦੀ ਬੇਅਦਬੀ ਨਾ ਕਰੀਏ। ਕੇਸ ਗੁਰੂ ਦੀ ਮੋਹਰ ਹਨ। ਕੇਸਗੜ੍ਹ ਦੀ ਸੇਵਾ ਬਾਬਾ ਸੇਵਾ ਸਿੰਘ ਜੀ ਨੇ ਕਰਵਾਈ। ਇਨ੍ਹਾਂ ਤੋਂ ਬਾਅਦ ਸੰਤ ਬਾਬਾ ਹਰੀ ਸਿੰਘ ਜੀ ਨੇ

ਕਰਵਾਈ।

1920 ਤੱਕ ਇਥੇ ਮਹੰਤਾਂ ਦਾ ਕਬਜ਼ਾ ਰਿਹਾ। ਫਿਰ 1920 ਤੋਂ ਪਿਛੋਂ ਜਦੋਂ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਤਾਂ ਫਿਰ ਜੱਥੇਦਾਰ ਨਿਯੁਕਤ ਕੀਤੇ ਗਏ। ਅਨੇਕਾਂ ਜੱਥੇਦਾਰ ਸੇਵਾ ਕਰਦੇ ਰਹੇ।

ਇਹ ਸੀ ਕੇਸਗੜ੍ਹ ਸਾਹਿਬ ਦਾ ਸੰਖੇਪ ਜਿਹਾ ਇਤਿਹਾਸ। ਸਤਿਗੁਰੂ ਮਿਹਰ ਕਰੇ, ਅਸੀਂ ਵੀ ਕੇਸਗੜ੍ਹ ਸਾਹਿਬ ਤੇ ਅਨੰਦਗੜ੍ਹ ਸਾਹਿਬ ਦੇ ਵਸਨੀਕ ਬਣੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਲਈ ਖਿਮਾ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਤਖ਼ਤ ਸ੍ਰੀ ਦਮਦਮਾ ਸਾਹਿਬ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੀ ਸਤਿਕਾਰਯੋਗ ਸਾਧ ਸੰਗਤ ਜੀਉ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਤਖ਼ਤ ਸ੍ਰੀ ਦਮਦਮਾ ਸਾਹਿਬ, ਇਹ ਉਹ ਤਖ਼ਤ ਹੈ, ਜਿਥੋਂ ਬਾਬਾ ਦੀਪ ਸਿੰਘ ਜੀ ਅਰਦਾਸ ਕਰਕੇ ਅੰਮ੍ਰਿਤਸਰ ਨਗਰੀ ਵੱਲ ਚਲੇ ਸਨ। ਇਹ ਉਹ ਤਖ਼ਤ ਹੈ, ਜੋ ਕੁਝ ਅੱਜ ਮਾਲਵੇ ਵਿੱਚ ਪੈਦਾ ਹੋ ਰਿਹਾ ਹੈ, ਉਹ ਸਭ ਕਲਗੀ ਵਾਲੇ ਦੀਆਂ ਰਹਿਮਤਾਂ ਹਨ। ਗੁਰੂ ਕਲਗੀਧਰ ਪਾਤਿਸ਼ਾਹ ਜੀ ਮੁਕਤਸਰ ਦੀ ਜੰਗ ਤੋਂ ਬਾਅਦ ਸਾਬੋ ਕੀ ਤਲਵੰਡੀ ਵੱਲ ਨੂੰ ਜਾਂਦੇ ਹਨ। ਮਹਾਰਾਜ ਨੂੰ ਇਥੇ ਚੌਧਰੀ ਡੱਲਾ ਮਿਲਿਆ। ਇਕ ਵਿਦਵਾਨ ਕਹਿੰਦਾ ਹੈ, ਇਹ ਦੋ ਭਰਾ ਸਨ। ਇਕ ਦਾ ਨਾਮ ਸੀ ਡੱਲਾ ਤੇ ਦੂਜੇ ਦਾ ਨਾਮ ਸੀ ਮੱਲਾ। ਡੱਲਾ ਤੇ ਮੱਲਾ ਸਕੇ ਭਰਾ ਸਨ। ਚੌਧਰੀ ਡੱਲੇ ਨੇ ਧੰਨ ਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚ ਬੇਨਤੀ ਕਰਕੇ ਕਿਹਾ, ਮਹਾਰਾਜ! ਤੁਸੀਂ ਕ੍ਰਿਪਾ ਕਰੋ ਤੇ ਮੇਰੀ ਇਸ ਤਲਵੰਡੀ ਵਿੱਚ ਆਪਣੇ ਚਰਨ ਪਾਉ।

ਗੁਰੂ ਜੀ ਉਸ ਦੀ ਬੇਨਤੀ ਸੁਣ ਕੇ ਤਲਵੰਡੀ ਗਏ। ਇਥੇ ਉਸ ਨੇ ਉੱਚੀ ਥਾਂ ਬਣਾਈ ਹੈ, ਮੇਰੇ ਕਲਗੀਧਰ ਜੀ ਲਈ, ਜਦੋਂ ਮੰਜੀ ਤਿਆਰ ਕੀਤੀ ਤਾਂ ਸਤਿਗੁਰੂ ਨੇ ਉਥੇ ਕਮਰ-ਕੱਸਾ ਖੋਲ੍ਹਿਆ। ਕਮਰ-ਕੱਸਾ ਖੋਲ੍ਹ ਕੇ ਜਿਥੇ ਦਮ ਲਿਆ, ਉਸ ਧਰਤੀ ਦਾ ਨਾਮ ਰੱਖਿਆ ਗਿਆ—ਦਮਦਮਾ ਸਾਹਿਬ। ਗੁਰੂ ਕਲਗੀਧਰ ਡੱਲੇ ਦੇ ਮਹਿਲਾਂ ਵਿੱਚ ਨਹੀਂ ਗਏ। ਹਜ਼ੂਰ ਜੀ ਦਾ ਵੱਖਰਾ ਕੈਂਪ ਲਾਇਆ। ਕੁੱਝ ਦਿਨ ਡੱਲੇ ਦੇ ਘਰੋਂ ਲੰਗਰ ਪਾਣੀ ਤਿਆਰ ਹੁੰਦਾ ਰਿਹਾ, ਪਰ ਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਸਿੱਖਾਂ ਨੇ ਵੱਖਰਾ ਆਪਣਾ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਇਥੇ ਵਰਤਦਿਆਂ ਮੇਰੇ ਹਜ਼ੂਰ ਦੇ ਚਰਨਾਂ ਵਿੱਚ ਸੰਗਤ ਆਈ।

ਜਦੋਂ ਖ਼ਬਰ ਮਿਲੀ ਕਿ ਗੁਰੂ ਕਲਗੀਧਰ ਪਾਤਿਸ਼ਾਹ ਲੱਖੀ ਜੰਗਲ ਵਿੱਚ ਆਏ ਹਨ ਤਾਂ ਪਿੰਡਾਂ ਵਿੱਚੋਂ, ਘਰਾਂ ਵਿੱਚੋਂ ਲੋਕ ਇਸ ਤਰ੍ਹਾਂ ਦੌੜ ਕੇ ਆਏ, ਜਿਵੇਂ ਕਿ ਕਹਿੰਦੇ ਹਨ ਮਾਹੀ ਦੀ ਸਦ ਸੁਣ ਕੇ ਮੱਝਾਂ, ਗਾਵਾਂ ਸਭ ਕੁੱਝ ਭੁੱਲ ਜਾਂਦੀਆਂ ਹਨ। ਕਲਗੀ ਵਾਲੇ ਦੇ ਆਉਣ ਦੀ ਸੱਦ ਸੁਣੀ, ਕੀ ਬਜ਼ੁਰਗ, ਕੀ

ਬੱਚਾ, ਕੀ ਨੌਜਵਾਨ ਇਕ ਦੂਜੇ ਤੋਂ ਅੱਗੇ ਦੌੜਦੇ ਹਨ। ਉਥੇ ਹਜ਼ੂਰ ਨੇ ਬਚਨ ਕਹੇ -

ਲੱਖੀ ਜੰਗਲ ਖਾਲਸਾ, ਆਏ ਦੀਦਾਰ ਲਗੋ ਨੇ ॥
ਸੁਣ ਕੇ ਸੱਦ ਮਾਹੀ ਦਾ, ਮੇਂਹੀ ਪਾਣੀ ਘਾਹੁ ਮਤੋ ਨੇ ॥
ਕਿਸੇ ਨਾਲ ਨ ਰਲੀਆ ਕਾਈ, ਕੋਈ ਸਉਕ ਪਿਯੋ ਨੇ ॥
ਗਿਆ ਫਿਰਾਕ ਮਿਲਿਆ ਮਿਤ ਮਾਹੀ, ਤਾਹੀ ਸ਼ੁਕਰ ਕਿਤੋ ਨੇ ॥

(ਸ੍ਰੀ ਮੁਖਵਾਕ ਪਾ: ੧੦)

ਕਲਗੀ ਵਾਲਾ ਮਿਲਿਆ ਤੇ ਸਿੱਖ ਸੰਗਤਾਂ ਨੇ ਸ਼ੁਕਰ ਕੀਤਾ। ਜਦੋਂ ਆਏ ਦਮਦਮਾ ਸਾਹਿਬ ਦੀ ਧਰਤੀ 'ਤੇ ਤਾਂ ਇਥੇ ਦੀਵਾਨ ਵਿੱਚ ਡੱਲਾ ਵੀ ਆਉਂਦਾ ਸੀ, ਇਸ ਦੇ ਸਿਪਾਹੀ ਵੀ ਆਉਂਦੇ ਸਨ। ਇਕ ਦਿਨ ਇਥੇ ਬੈਠਿਆਂ ਇਹ ਵੀ ਸ਼ਬਦ ਵਰਤੇ ਹਨ—ਗੁਰਮੁਖੋ! ਇਹ ਉਹੀ ਧਰਤੀ ਹੈ, ਜਿਥੋਂ ਦਾ ਮੁਸਲਮਾਨ ਇਬਰਾਹਿਮ ਕਲਗੀ ਵਾਲੇ ਦੀ ਕੁਰਬਾਨੀ ਨੂੰ ਦੇਖ ਕੇ ਕਹਿੰਦੇ ਹਨ ਕਿ ਇਸ ਨੇ ਅੰਮ੍ਰਿਤ ਦੀ ਦਾਤ ਲਈ ਤੇ ਇਬਰਾਹਿਮ ਤੋਂ ਬਾਅਦ ਇਸ ਦਾ ਨਾਮ ਰੱਖਿਆ ਗਿਆ ਸੀ ਅਜਮੇਰ ਸਿੰਘ। ਇਸ ਦਾ ਨਾਮ ਬਾਅਦ ਵਿੱਚ ਸਿੱਖਾਂ ਨੇ ਪਾਇਆ ਮਹਿਮਾ ਸਿੰਘ। ਗੁਰੂ ਕਲਗੀਧਰ ਇਥੇ ਟਿੱਕੇ।

ਅੱਜ ਦੀਵਾਨ ਸਜਿਆ ਤੇ ਡੱਲਾ ਆਇਆ। ਦੀਵਾਨ ਵਿੱਚ ਗੱਲਾਂ ਚੱਲ ਪਈਆਂ ਗੁਰੂ ਦੇ ਲਾਲਾਂ ਦੀਆਂ। ਡੱਲੇ ਨੇ ਇਕ ਸ਼ਬਦ ਕਿਹਾ। ਕਹਿੰਦਾ ਹੈ, ਮਹਾਰਾਜ! ਦੇਖੋ ਰੱਬ ਨੇ ਸਬੱਬ ਬਣਾਇਆ ਹੈ। ਸਤਿਗੁਰੂ ਕਹਿੰਦੇ ਹਨ, ਕਾਹਦਾ ? ਕਹਿਣ ਲੱਗਾ, ਜੇ ਕਿਤੇ ਤੁਸੀਂ ਮੈਨੂੰ ਯਾਦ ਕਰ ਲੈਂਦੇ ਤੇ ਮੇਰੇ ਕੋਲ ਇੰਨੇ ਸਿਪਾਹੀ ਹਨ ਕਿ ਜੇ ਮੈਂ ਹੁੰਦਾ ਤਾਂ ਕਦੀ ਚਮਕੌਰ ਦੀ ਗੜ੍ਹੀ ਵਿੱਚ ਤੁਹਾਡੇ ਪੁੱਤਰ ਸ਼ਹੀਦ ਹੁੰਦੇ ? ਜੇ ਮੇਰੇ ਸਿਪਾਹੀ ਹੁੰਦੇ ਤਾਂ ਗੁਰੂ ਗੋਬਿੰਦ ਸਿੰਘ ਜੀ ! ਕਿਤੇ ਤੇਰੇ ਲਾਲ ਸਰਹੰਦ ਦੀਆਂ ਨੀਹਾਂ ਵਿੱਚ ਖਲੋਂਦੇ ? ਗੱਲ-ਗੱਲ ਵਿੱਚ ਕਹਿੰਦਾ ਹੈ ਕਿ ਕਦੀ ਮੈਨੂੰ ਚੇਤੇ ਕਰਦੇ। ਸਤਿਗੁਰੂ ਕਹਿੰਦੇ ਹਨ ਕਿ ਜਿਹੜਾ ਬੰਦਾ ਜਵਾਨੀ ਦਾ ਮਾਣ ਕਰਦਾ ਹੈ -

ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥
ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥ (ਅੰਕ ੨੭੮)

ਇੰਨੀ ਦੇਰ ਨੂੰ ਲਾਹੌਰ ਤੋਂ ਇਕ ਸਿੱਖ ਆਇਆ। ਉਸਨੇ ਬੜੀ ਸੋਹਣੀ ਇਕ ਬੰਦੂਕ ਬਣਾਈ ਸੀ। ਜਿਥੇ ਜਿਥੇ ਗੁਰੂ ਕਲਗੀਧਰ ਗਏ ਸਨ, ਉਥੋਂ ਉਥੋਂ ਲੱਭਦਾ ਆਇਆ ਤੇ ਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚ ਬੰਦੂਕ ਰੱਖ ਕੇ ਮੱਥਾ

ਟੇਕਿਆ। ਦਾਤਿਆ! ਜਿਸ ਨੇ ਤੇਰੇ ਬੱਚਿਆਂ ਨੂੰ ਕੋਹ ਕੇ ਸ਼ਹੀਦ ਕੀਤਾ ਹੈ, ਮੈਂ ਕਾਰੀਗਰ ਹਾਂ, ਬੰਦੂਕ ਬਣਾਈ ਹੈ। ਇਸ ਦੇ ਵਿੱਚੋਂ ਨਿਕਲਿਆ ਹੋਇਆ ਬਾਰੂਦ ਲੋਕਾਂ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੰਦਾ ਹੈ। ਕਹਿੰਦਾ ਹੈ, ਮਹਾਰਾਜ! ਨਿਸ਼ਾਨਾ ਬਣਾਇਆ ਜੇ। ਹਜ਼ੂਰ ਕਹਿਣ ਲੱਗੇ, ਡੱਲਿਆ! ਤੇਰੇ ਆਦਮੀਆਂ ਵਿੱਚੋਂ ਅੱਜ ਇਕ ਬੰਦਾ ਚਾਹੀਦਾ ਹੈ, ਅਸੀਂ ਆਪਣੀ ਬੰਦੂਕ ਪਰਖਣੀ ਹੈ। ਉਹ ਗਿਆ ਤੇ ਕਹਿੰਦਾ ਹੈ, ਇਕ ਬੰਦਾ ਉਠੋ, ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ। ਤੁਸੀਂ ਕ੍ਰਿਪਾ ਕਰੋ ਇਕ ਬੰਦਾ ਜਾ ਕੇ ਸਾਹਮਣੇ ਖਲੋ ਜਾਉ। ਅੱਗੋਂ ਉਸ ਦੇ ਸਿਪਾਹੀ ਆਵਾਜ਼ ਦਿੰਦੇ ਹਨ, ਡੱਲਿਆ! ਮਰਵਾਉਣ ਲੱਗਾ ਹੈਂ ਐਵੇਂ ਬੇਵਜਾ। ਜੇ ਮਰਵਾਉਣਾ ਹੈ ਤਾਂ ਕਿਸੀ ਲੜਾਈ ਵਿੱਚ ਮਰਵਾਈਂ। ਅਸੀਂ ਐਵੇਂ ਗੁਰੂ ਦੀਆਂ ਬੰਦੂਕਾਂ ਅੱਗੇ ਖਲੋ ਕੇ ਨਹੀਂ ਮਰਨਾ ਚਾਹੁੰਦੇ।

ਡੱਲਾ ਆ ਗਿਆ ਨੀਵੀਂ ਪਾ ਕੇ। ਹਜ਼ੂਰ ਕਹਿੰਦੇ ਹਨ, ਡੱਲਿਆ! ਕਿਥੇ ਗਈਆਂ ਫ਼ੌਜਾਂ ਜਿਨ੍ਹਾਂ ਦਾ ਮਾਣ ਕਰਦਾ ਸੀ ? ਕਹਿਣ ਲੱਗਾ, ਮਹਾਰਾਜ! ਸਾਰੇ ਮੁਕਰ ਗਏ ਹਨ। ਕਿਤੇ ਲੜਾਈ ਹੋਵੇਗੀ ਫਿਰ ਦੇਖ ਲਵਾਂਗੇ, ਮੈਂ ਤਾਂ ਤੁਹਾਡਾ ਸ਼ਰਧਾਲੂ ਹਾਂ। ਹਜ਼ੂਰ ਕਹਿੰਦੇ ਹਨ ਕਿ ਤੂੰ ਸ਼ਰਧਾਲੂ ਹੈਂ ਤਾਂ ਫਿਰ ਤੂੰ ਹੀ ਸਾਹਮਣੇ ਖਲੋ, ਤੇਰੇ 'ਤੇ ਨਿਸ਼ਾਨਾ ਪਰਖਣਾ ਹੈ। ਜਦੋਂ ਇੰਨੇ ਸ਼ਬਦ ਕਹੇ ਤਾਂ ਉਸੇ ਵੇਲੇ ਡੱਲੇ ਦਾ ਅੰਦਰ ਘਬਰਾ ਗਿਆ।

ਹਜ਼ੂਰ ਕਹਿੰਦੇ ਹਨ ਕਿ ਜਦੋਂ ਸਿੱਖ ਗੁਰੂ ਨੂੰ ਆਪਣਾ ਆਪ ਭੇਟ ਕਰ ਦਿੰਦਾ ਹੈ ਤਾਂ ਉਹ ਨਹੀਂ ਦੇਖਦਾ ਕੇਸਗੜ੍ਹ ਹੈ, ਉਹ ਨਹੀਂ ਦੇਖਦਾ ਚਮਕੌਰ ਦੀ ਗੜ੍ਹੀ ਹੈ, ਉਹ ਨਹੀਂ ਦੇਖਦਾ ਭੰਗਾਣੀ ਦਾ ਯੁੱਧ ਹੈ, ਉਹ ਨਹੀਂ ਦੇਖਦਾ ਮਾਛੀਵਾੜਾ ਹੈ। ਉਹ ਆਪਣਾ ਆਪ ਗੁਰੂ ਦੇ ਚਰਨਾਂ ਵਿੱਚ ਸਮਰਪਿਤ ਕਰ ਦਿੰਦਾ ਹੈ। ਜਦੋਂ ਡੱਲੇ ਨੇ ਇਹ ਗੱਲ ਸੁਣੀ ਤਾਂ ਨੀਵੀਂ ਪਾ ਲਈ। ਹਜ਼ੂਰ ਨੇ ਉਸੇ ਵੇਲੇ ਪੁਕਾਰ ਕੇ ਕਿਹਾ ਕਿ ਬਾਹਰ ਦੇ ਸਿੰਘ ਹਨ, ਉਹਨਾਂ ਨੂੰ ਆਵਾਜ਼ ਦਿਉ। ਆਵਾਜ਼ ਦੇਣੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ।

ਕਹਿੰਦੇ ਹਨ ਕਿ ਦੋ ਸਿੱਖ ਦਸਤਾਰ ਸਜਾਉਂਦੇ ਪਏ ਸਨ, ਭਾਈ ਧੀਰ ਸਿੰਘ ਤੇ ਭਾਈ ਬੀਰ ਸਿੰਘ। ਆਵਾਜ਼ ਸੁਣ ਕੇ ਦਸਤਾਰ ਦਾ ਲੜ ਫੜ ਕੇ ਦੋਨੋਂ ਭੱਜ ਪਏ। ਸਾਹਮਣੇ ਆ ਕੇ ਖਲੋ ਗਏ। ਇਕ ਦੂਸਰੇ ਨੂੰ ਧੱਕੇ ਮਾਰਨ। ਇਕ ਕਹੇ, ਮੈਂ ਅੱਗੇ ਖਲੋਣਾ ਹੈ ਤੇ ਦੂਜਾ ਕਹੇ, ਮੈਂ ਅੱਗੇ ਖਲੋਣਾ ਹੈ। ਡੱਲਾ ਦੇਖ ਕੇ ਹੈਰਾਨ ਹੈ। ਕਹਿੰਦਾ ਹੈ, ਇਹ ਕੀ ਮਾਜਰਾ ਹੈ। ਹਜ਼ੂਰ ਕਹਿਣ ਲੱਗੇ ਕਿ ਇਕ ਬੰਦਾ ਖੜਾ ਹੋ ਜਾਉ, ਦੋਨੋਂ ਕਿਉਂ ? ਅਗਲਾ ਕਹਿੰਦਾ ਹੈ, ਦਾਤਾ! ਪਹਿਲਾਂ ਮੇਰੇ

ਕੰਨਾਂ ਵਿੱਚ ਆਵਾਜ਼ ਪਈ ਹੈ। ਪਹਿਲਾਂ ਮੇਰੇ 'ਤੇ ਨਿਸ਼ਾਨਾ ਬਣਾਉ। ਪਿਛਲਾ ਕਹਿੰਦਾ ਹੈ, ਦਾਤਾ! ਇਹ ਸੱਚ ਨਹੀਂ ਕਹਿੰਦਾ। ਪਹਿਲਾਂ ਮੇਰੇ 'ਤੇ ਨਿਸ਼ਾਨਾ ਬਣਾਉ। ਹਜ਼ੂਰ ਨੇ ਫ਼ਾਇਰ ਕੀਤਾ ਤੇ ਗੋਲੀ ਉੱਤੋਂ ਦੀ ਲੰਘਾ ਦਿੱਤੀ। ਹਜ਼ੂਰ ਕਹਿੰਦੇ ਹਨ, ਡੱਲਿਆ! ਚੇਤੇ ਰੱਖੀਂ, ਜਿਹੜੇ ਜੰਗ ਵਿੱਚ ਜੁਝੇ, ਇਹੋ ਜਿਹੇ ਸਿੱਖ ਸਨ ਨਾ ਕਿ ਤੇਰੇ ਸਿਪਾਹੀਆਂ ਵਰਗੇ।

ਇਥੇ ਇਕ ਸੱਜਣ ਨੇ ਸ਼ਬਦ ਵਰਤੇ। ਗੁਰੂ ਸਾਹਿਬ ਇਕੱਠੇ ਬੈਠੇ ਹਨ। ਡੱਲਾ ਚਲਾ ਗਿਆ ਮਾਯੂਸ ਹੋ ਕੇ। ਕਹਿਣ ਲੱਗੇ -

ਨਾ ਡੱਲਾ ਨਾ ਮੱਲਾ । ਗੁਰੂ ਗੋਬਿੰਦ ਸਿੰਘ ਇਕੱਲਾ ।

ਹਜ਼ੂਰ ਹੱਸ ਕੇ ਕਹਿਣ ਲੱਗੇ ਕਿ ਇਹ ਸ਼ਬਦ ਕਹਿ -

ਨਾ ਡੱਲਾ ਨਾ ਮੱਲਾ । ਗੁਰੂ ਗੋਬਿੰਦ ਨਾਲ ਅੱਲਾ ।

ਸਮਾਂ ਲੰਘਿਆ। ਦਿੱਲੀ ਦੀ ਧਰਤੀ ਤੋਂ ਅੱਜ ਮਾਤਾ ਸੁੰਦਰੀ ਜੀ ਆਏ। ਭਾਈ ਮਨੀ ਸਿੰਘ ਜੀ ਨਾਲ ਹਨ। ਆ ਕੇ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਨੇ ਸੰਗਤ ਵਿੱਚ ਅੱਖ ਟਿਕਾਅ ਕੇ ਦੇਖਿਆ ਕਿ ਮੇਰਾ ਅਜੀਤ ਵੀ ਕਿਤੇ ਬੈਠਾ ਹੋਣਾ ਹੈ। ਮੇਰਾ ਜੁਝਾਰ ਵੀ ਕਿਤੇ ਬੈਠਾ ਹੋਣਾ ਹੈ। ਸਾਡੇ ਜ਼ੋਰਾਵਰ ਕਿਤੇ ਦਿੱਸਣਗੇ। ਮਾਤਾ ਸੁੰਦਰੀ ਜੀ ਆਪਣੇ ਲਾਲਾਂ ਨੂੰ ਲੱਭਦੀ ਪਈ ਹੈ ਤੇ ਗੁਰੂ ਕਲਗੀਧਰ ਆਪਣੇ ਖ਼ਾਲਸਿਆਂ ਨੂੰ ਦੇਖਦੇ ਪਏ ਹਨ। ਮਾਤਾ ਸੁੰਦਰੀ ਜੀ ਨੇ ਬੜੇ ਪਿਆਰ ਨਾਲ ਨਜ਼ਦੀਕ ਹੋ ਕੇ ਗੱਲ ਪੁੱਛੀ। ਸਾਹਿਬ ਜੀਉ! ਮੇਰੇ ਬੱਚੇ ? ਸਤਿਗੁਰੂ ਜੀ ਨੇ ਇਕੋ ਦਮ ਡੂੰਘੀ ਨਜ਼ਰ ਟਿਕਾਅ ਕੇ ਖ਼ਾਲਸੇ ਦੇ ਸਰੂਪ ਵੱਲ ਦੇਖਿਆ ਤੇ ਨਾਲ ਸ਼ਬਦ ਕਹੇ, ਦੇਖ ਕਿਹੜੇ ਪੁੱਤਰ ਲੱਭਣ ਆਈ ਹੈਂ ? ਮੇਰਾ ਅਜੀਤ, ਜੁਝਾਰ, ਜ਼ੋਰਾਵਰ, ਫ਼ਤਹਿ ਕਿਥੇ ਹਨ ?

ਕਦੀ ਅੱਲ੍ਹਾ ਯਾਰ ਖ਼ਾਂ ਜੋਗੀ ਨੂੰ ਪੜ੍ਹੋ। ਕਹਿੰਦੇ ਹਨ ਜਦੋਂ ਛੋਟੇ ਸਾਹਿਬਜ਼ਾਦੇ ਵਿਛੜ ਗਏ ਤਾਂ ਉਹ ਆਪਸ ਵਿੱਚ ਗੱਲ ਕਰਦੇ ਸਨ ਕਿ ਜਦੋਂ ਰਣ ਜਿੱਤ ਕੇ ਸਾਡੇ ਵੱਡੇ ਭਰਾ ਤੇ ਮਾਤਾਵਾਂ ਮਿਲਣਗੀਆਂ, ਅਸੀਂ ਉਨ੍ਹਾਂ ਦੇ ਕੁੱਛੜ ਨਹੀਂ ਚੜ੍ਹਨਾ। ਉਹਨਾਂ ਕੋਲੋਂ ਇਕਰਾਰ ਲੈਣਾ ਹੈ ਕਿ ਪਰਤ ਕੇ ਸਾਨੂੰ ਇਕੱਲਿਆਂ ਨਾ ਛੱਡ ਕੇ ਜਾਣਾ। ਮਾਤਾ ਸੁੰਦਰੀ ਨੇ ਪੁੱਛਿਆ, ਸਾਹਿਬ ਜੀ ! ਮੇਰੇ ਲਾਲ ?

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, ਐ ਖਾਲਸਾ! ਤੈਨੂੰ ਇਹ ਪਦਵੀ ਦਿੱਤੀ ਹੈ। ਅੱਜ ਤੱਕ ਲੋਕ ਆਪਣੇ ਪੁੱਤਰ ਬਚਾਉਂਦੇ ਹਨ। ਕਹਿਣ ਲੱਗੇ -

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥

ਸੀਸ ਉੱਤੋਂ ਵਾਰ ਦਿੱਤੇ, ਇਸ ਦਾ ਅਰਥ ਕੀ ਹੈ ? ਇਸ ਸਮਾਜ ਦੀ ਰੀਤ ਹੈ ਕਿ ਜਦੋਂ ਕਿਸੇ ਬੱਚੇ ਨੂੰ ਮਾਈਆਂ ਘਰ ਲੈ ਕੇ ਆਉਂਦੀਆਂ ਹਨ ਤਾਂ ਉਹ ਪਹਿਲਾ ਕੰਮ ਕੀ ਕਰਦੀਆਂ ਹਨ ਕਿ ਜ਼ਮੀਨ ਤੋਂ ਮਿੱਟੀ ਲੈ ਕੇ ਬੱਚੇ ਤੋਂ ਵਾਰ ਕੇ ਸੁੱਟ ਦਿੰਦੀਆਂ ਹਨ। ਪਰਤ ਕੇ ਕਈ ਵਾਰੀ ਬੱਚਾ ਬੀਮਾਰ ਹੋ ਜਾਏ ਤਾਂ ਸਾਡੇ ਲੋਕਾਂ ਦਾ ਇਕ ਭਰਮ ਹੈ ਕਿ ਮਾਵਾਂ ਮਿਰਚਾਂ ਵਾਰ ਕੇ ਸੁੱਟਦੀਆਂ ਹਨ। ਜਿਸ ਦਿਨ ਪੁੱਤਰ ਵਿਆਹਿਆ ਜਾਂਦਾ ਹੈ ਤਾਂ ਮਾਈ ਪਾਣੀ ਵਾਰ ਕੇ ਪੀਂਦੀ ਹੈ। ਪਿਉ ਉਸ ਦੇ ਉੱਤੋਂ ਰੁਪਈਏ ਵਾਰਦਾ ਹੈ। ਧਰਤੀ ਪਵਿੱਤਰ ਹੈ। ਮਾਂ ਕਹਿੰਦੀ ਹੈ, ਤੇਰੇ ਕੋਲ ਧਰਤੀ ਵਰਗੀ ਸਹਿਨਸ਼ੀਲਤਾ ਹੈ, ਮੈਂ ਧਰਤੀ ਵਰਗੀ ਤਾਕਤ ਵੀ ਤੇਰੇ ਕੋਲੋਂ ਵਾਰਦੀ ਹਾਂ। ਰੁਪਈਆ ਵੀ ਤੇਰੇ ਤੋਂ ਵਾਰਿਆ। ਮੈਂ ਪਾਣੀ ਵੀ ਤੇਰੇ ਤੋਂ ਵਾਰਿਆ। ਦੁਨੀਆਂ ਦੀ ਮਾਂ ਤਾਂ ਮਿਰਚਾਂ ਵਾਰ ਕੇ ਕਹਿੰਦੀ ਹੈ ਕਿ ਮੇਰੇ ਬੱਚੇ ਨੂੰ ਕਦੀ ਨਜ਼ਰ ਨਾ ਲੱਗੇ ਤੇ ਕਲਗੀਵਾਲਾ ਕਹਿੰਦਾ ਹੈ, ਐ ਖ਼ਾਲਸਾ! ਮੈਂ ਮਿਰਚਾਂ ਨਹੀਂ, ਮੈਂ ਪੈਸੇ ਨਹੀਂ, ਮੈਂ ਪਾਣੀ ਨਹੀਂ, ਮੈਂ ਚਾਰ ਪੁੱਤਰ ਤੇਰੇ ਤੋਂ ਵਾਰ ਕੇ ਕਹਿੰਦਾ ਹਾਂ ਕਿ ਤੈਨੂੰ ਕਦੀ ਵੀ ਨਜ਼ਰ ਨਾ ਲੱਗੇ। ਮਾਤਾ ਸੁੰਦਰੀ ਜੀ ਨੇ ਜਦੋਂ ਇਹ ਸ਼ਬਦ ਸੁਣੇ -

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ॥

ਗੁਰਮੁਖੋ! ਇਹ ਪਦਵੀ ਖਾਲਸੇ ਨੂੰ ਮਿਲੀ। ਅੱਜ ਡੱਲਾ ਮੇਰੇ ਸਾਹਿਬ ਦੇ ਚਰਨਾਂ ਵਿੱਚ ਬੈਠਾ ਹੈ। ਸਤਿਗੁਰੂ ਨੇ ਉਥੇ ਡੱਲੇ ਨੂੰ ਇਕ ਸ਼ਬਦ ਕਿਹਾ। ਬਾਹਰ ਨਿਕਲੇ ਥੋੜ੍ਹਾ ਜਿਹਾ ਸੈਰ ਕਰਨ ਲਈ। ਸਾਹਿਬ ਕਹਿਣ ਲੱਗੇ, ਡੱਲਿਆ! ਸਾਹਮਣੇ ਦੇਖ, ਦਰਿਆ ਪਾਣੀ ਦੇ ਆ ਗਏ ਮਾਲਵੇ ਵਿੱਚ। ਨਦੀਆਂ ਮਾਲਵੇ ਨੂੰ ਆ ਗਈਆਂ ਹਰਿਆਂ ਕਰਨ ਲਈ। ਹੱਸ ਕੇ ਕਹਿੰਦਾ ਹੈ, ਮਹਾਰਾਜ! ਇਹ ਤਾਂ ਰੇਤ ਚਮਕਦੀ ਪਈ ਹੈ, ਪਾਣੀ ਦੇ ਦਰਿਆ ਨਹੀਂ। ਸਤਿਗੁਰੂ ਨੇ ਫਿਰ ਕਿਹਾ, ਦੇਖ ਉਏ! ਮਾਲਵੇ ਦੀ ਧਰਤੀ ਨੂੰ ਭਾਗ ਲੱਗ ਗਏ ਨਦੀਆਂ ਤੇ ਦਰਿਆਵਾਂ ਦੇ ਪਾਣੀ ਨਾਲ। ਕਹਿੰਦਾ ਹੈ, ਨਹੀਂ ਮਹਾਰਾਜ! ਇਹ ਚਮਕਦੀ ਰੇਤ ਹੈ। ਦੂਜੀ ਵਾਰੀ ਕਿਹਾ, ਡੱਲਿਆ! ਦੇਖ, ਅੰਬਾਂ ਦੇ ਰੁੱਖ ਸਾਹਮਣੇ, ਕਿੰਨੇ ਸੋਹਣੇ ਫਲ ਲੱਗੇ ਹਨ। ਕਹਿੰਦਾ ਹੈ, ਭੁਲੇਖਾ ਨਾ ਖਾਇਉ ਸਾਹਿਬ ਜੀ ! ਅੱਕਾਂ ਨੂੰ ਕੱਕੜੀਆਂ ਲੱਗੀਆਂ ਹਨ। ਕਹਿਣ ਲੱਗੇ, ਦੇਖ ਡੱਲਿਆ! ਕਿੰਨੇ ਕਮਾਲ ਦੇ ਹਨ ਗੰਨਿਆਂ ਦੇ ਖੇਤ। ਕਹਿੰਦਾ ਹੈ, ਦਾਤਾ! ਗੰਨੇ ਨਹੀਂ, ਸੁੱਕੇ ਕਾਨੇ ਖਲੋਤੇ ਹਨ। ਕਹਿਣ ਲੱਗੇ, ਦੇਖ ਉਏ ਡੱਲਿਆ! ਮਾਲਵੇ ਦੀ ਧਰਤੀ ਵਿੱਚ ਕਣਕ, ਛੋਲਾ, ਚਨੇ ਸਭ

ਕੁੱਝ ਪੈਦਾ ਹੋਣਗੇ। ਕਹਿੰਦਾ ਹੈ, ਨਹੀਂ ਦਾਤਿਆ! ਇਹ ਕੁਝ ਵੀ ਨਹੀਂ ਹੋਣਾ। ਹੱਸ ਕੇ ਕਹਿਣ ਲੱਗੇ, ਡੱਲਿਆ! ਤੂੰ ਉਂਝ ਦੇਖੇਂਗਾ ਮਾਲਵੇ ਵਿੱਚ ਸਭ ਕੁੱਝ ਹੋਵੇਗਾ। ਇਥੇ ਨਹਿਰਾਂ ਵੀ ਹੋਣਗੀਆਂ। ਇਥੇ ਅੰਬਾਂ ਦੇ ਬਾਗ਼ ਵੀ ਹੋਣਗੇ। ਇਥੇ ਕਣਕ ਵੀ ਹੋਵੇਗੀ। ਛੋਨਾ ਵੀ ਹੋਵੇਗਾ, ਪਰ ਤੂੰ ਸਤਿ ਬਚਨ ਕਰੀ ਜਾ। ਸਤਿਗੁਰੂ ਨੇ ਕ੍ਰਿਪਾ ਕੀਤੀ ਤੇ ਇਸ ਧਰਤੀ ਉਪਰ ਬਖ਼ਸ਼ਿਸ਼ਾਂ ਦੀ ਝੜੀ ਲਾ ਦਿੱਤੀ।

ਅੱਜ ਦੇਖੋ ਦਮਦਮਾ ਸਾਹਿਬ ਦੀ ਧਰਤੀ 'ਤੇ ਹੋਰ ਕ੍ਰਿਪਾ ਹੋਈ। ਗੁਰੂ ਦੇ ਸਿੱਖਾ! ਸਤਿਗੁਰੂ ਨੇ ਤੇਰੇ ਤੋਂ ਆਪਣੇ ਪੁੱਤਰਾਂ ਦੇ ਸਿਰ ਵਾਰੇ। ਇਕੋ ਗੱਲ ਕਹੀ ਕਿ ਇਹਨਾਂ ਵਿੱਚੋਂ ਮੇਰੇ ਅਜੀਤ ਨੂੰ ਦੇਖੀਂ, ਜੁਝਾਰ ਨੂੰ ਦੇਖੀਂ। ਨਿੱਕੇ-ਨਿੱਕੇ ਖੇਡਦੇ ਬੱਚਿਆਂ ਵਿੱਚ ਫ਼ਤਹਿ ਸਿੰਘ ਤੇ ਜ਼ੋਰਾਵਰ ਸਿੰਘ ਦੇਖੀਂ। ਜਦੋਂ ਤੂੰ ਆਪਣੇ ਬੱਚਿਆਂ ਦੇ ਕੇਸ ਤੇ ਆਪਣੇ ਕੇਸ ਕਟਾ ਕੇ ਆਉਂਦਾ ਹੈਂ ਤਾਂ ਕੀ ਤੇਰੇ ਬੱਚੇ ਵਿੱਚੋਂ ਫਤਹਿ ਸਿੰਘ ਦੀ ਸੂਰਤ ਨਜ਼ਰ ਆਏਗੀ ? ਕੀ ਤੇਰੇ ਪੁੱਤਰ ਵਿੱਚੋਂ ਅਜੀਤ ਸਿੰਘ ਤੇ ਜੁਝਾਰ ਸਿੰਘ ਦਿੱਸੇਗਾ ?

ਮੈਂ ਅਰਜ਼ ਕਰਾਂ, ਦਮਦਮਾ ਸਾਹਿਬ ਉਹ ਪਾਵਨ ਧਰਤੀ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਹੋਈ। ਡੱਲੇ ਨੇ ਹਜ਼ੂਰ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਕੀਤੀ। ਹਜ਼ੂਰ ਨੂੰ ਕਹਿੰਦਾ ਹੈ, ਦਾਤਾ! ਇਕ ਕ੍ਰਿਪਾ ਕਰੋ। ਮਹਾਰਾਜ ਕਹਿੰਦੇ ਹਨ, ਦੱਸ ? ਕਹਿੰਦਾ ਹੈ ਜੇ ਤਰੁੱਠੇ ਹੋ ਤਾਂ ਆਪਣੇ ਚਰਨਾਂ ਵਿੱਚ ਪੀੜ੍ਹੀ ਜਿੰਨੀ ਥਾਂ ਦੇ ਦਿਉ। ਇਥੇ ਉਸਨੇ ਇਕ ਸਵਾਲ ਕੀਤਾ। ਕਹਿਣ ਲੱਗਾ, ਮਹਾਰਾਜ! ਤੁਸੀਂ ਵਾਹਿਗੁਰੂ ਜੀ ਕਾ ਖਾਲਸਾ ਕਹਿੰਦੇ ਹੋ, ਇਸ ਦੇ ਅਰਥ ਕੀ ਹਨ ? ਦਾਤਾਰ ਨੂੰ ਕਹਿਣ ਲੱਗਾ ਕਿ ਵਾਹਿਗੁਰੂ ਜੀ ਕਾ ਖ਼ਾਲਸਾ ਇਸ ਤਰ੍ਹਾਂ ਹੈ, ਜਿਵੇਂ ਮੇਰੀ ਜ਼ਮੀਨ, ਜਿਵੇਂ ਮੇਰੇ ਕਿਲ੍ਹੇ, ਜਿਵੇਂ ਮੇਰਾ ਪਰਿਵਾਰ, ਜਿਵੇਂ ਮੇਰੇ ਹਾਥੀ ਘੋੜੇ, ਜਿਵੇਂ ਮੇਰਾ ਪੈਸਾ ? ਹਜ਼ੂਰ ਕਹਿਣ ਲੱਗੇ, ਨਹੀਂ ਇਸ ਤਰ੍ਹਾਂ ਨਹੀਂ। ਦਾਤਾਰ ਕਹਿਣ ਲੱਗੇ, ਵਾਹਿਗੁਰੂ ਜੀ ਕਾ ਖਾਲਸਾ ਇਸ ਤਰ੍ਹਾਂ ਨਹੀਂ। ਕਹਿਣ ਲੱਗਾ, ਹੋਰ ਫਿਰ ਲੋਕੀਂ ਕਹਿੰਦੇ ਹਨ, ਡੱਲੇ ਦੀ ਜ਼ਮੀਨ, ਡੱਲੇ ਦੇ ਮਹਿਲ, ਡੱਲੇ ਦਾ ਪਰਿਵਾਰ, ਡੱਲੇ ਦੇ ਘੋੜੇ, ਕੀ ਇਸ ਤਰ੍ਹਾਂ ਹੈ ?

ਮੇਰੇ ਸਾਈਂ ਨੇ ਤਿੰਨ ਉਦਾਹਰਣਾਂ ਦਿੱਤੀਆਂ। ਕਹਿਣ ਲੱਗੇ, ਡੱਲਿਆ! ਤੇਰੇ ਲਈ ਸ਼ਬਦ ਵਰਤੇ ਜਾਂਦੇ ਹਨ, ਡੱਲੇ ਦੀ ਜ਼ਮੀਨ, ਪਰ ਜਿਸ ਦਿਨ ਤੂੰ ਮਰ ਗਿਆ, ਉਸ ਦਿਨ ਜ਼ਮੀਨ ਨੇ ਤੇਰੇ ਨਾਲ ਨਹੀਂ ਮਰਨਾ। ਇਸ ਦਾ ਮਾਲਕ ਕੋਈ ਹੋਰ ਬਣੇਗਾ। ਤੇਰੀ ਮੌਤ ਹੋ ਗਈ ਤਾਂ ਤੇਰੇ ਮਹਿਲਾਂ ਵਿੱਚ ਕਿਸੇ ਹੋਰ ਨੇ ਰਹਿਣਾ

ਹੈ। ਤੇਰੇ ਹਾਥੀ ਘੋੜੇ ਤੇਰੇ ਤੋਂ ਬਾਅਦ ਕਿਸੇ ਹੋਰ ਦੇ ਹਨ। ਇਹ ਤੇਰੇ ਤੋਂ ਬਿਨਾਂ ਵੀ ਜ਼ਿੰਦਾ ਰਹਿ ਸਕਦੇ ਹਨ। ਪਰ ਖਾਲਸਾ ਇਸ ਤਰ੍ਹਾਂ ਨਹੀਂ, ਜਿਵੇਂ ਤੇਰੇ ਤੋਂ ਬਿਨਾਂ ਤੇਰੇ ਹਾਥੀ ਘੋੜੇ ਹਨ, ਤੇਰੀ ਜ਼ਮੀਨ ਹੈ। ਮਹਾਰਾਜ! ਖ਼ਾਲਸਾ ਕਿਵੇਂ ਹੈ ? ਮਹਾਰਾਜ ਕਹਿਣ ਲੱਗੇ ਕਿ ਖ਼ਾਲਸਾ ਇਸ ਤਰ੍ਹਾਂ ਹੈ, ਜਿਵੇਂ ਸੂਰਜ ਤੇ ਸੂਰਜ ਦੀ ਕਿਰਨ ਹੈ। ਮਹਾਰਾਜ ਕਹਿਣ ਲੱਗੇ ਕਿ ਸੂਰਜ ਹੋਵੇਗਾ ਤਾਂ ਕਿਰਨ ਦਾ ਜਨਮ ਹੋਣਾ ਹੈ, ਜੇ ਸੂਰਜ ਨਹੀਂ ਤਾਂ ਕਿਰਨ ਕਿਥੋਂ ਪੈਦਾ ਹੋ ਜਾਣੀ ਹੈ। ਡੱਲੇ ਦੇ ਖੇਤ ਜ਼ਰੂਰ ਹਨ, ਪਰ ਡੱਲਾ ਨਾ ਵੀ ਹੋਵੇ ਤਾਂ ਖੇਤ ਫਿਰ ਵੀ ਹੋਣਗੇ। ਪਰ ਵਾਹਿਗੁਰੂ ਹੋਵੇ ਤਾਂ ਖ਼ਾਲਸਾ ਰਹੇਗਾ। ਜੇ ਵਾਹਿਗੁਰੂ ਨਹੀਂ ਤਾਂ ਸੱਚ ਜਾਣੀ, ਖ਼ਾਲਸਾ ਵੀ ਨਹੀਂ।

ਵਾਹਿਗੁਰੂ ਦਾ ਖ਼ਾਲਸਾ ਇਸ ਤਰ੍ਹਾਂ ਹੈ, ਜਿਵੇਂ ਪਾਣੀ ਦੀ ਝੀਲ ਤੇ ਦਰਿਆ ਹਨ। ਝੀਲ ਹੈ ਤੇ ਦਰਿਆ ਹੈ। ਵਾਹਿਗੁਰੂ ਜੀ ਕਾ ਖਾਲਸਾ ਇਸ ਤਰ੍ਹਾਂ ਹੈ, ਜਿਵੇਂ ਟਾਹਣੀ ਤੇ ਟਾਹਣੀ ਨਾਲ ਲੱਗਾ ਹੋਇਆ ਫਲ ਹੈ। ਕੀ ਫਲ ਟਾਹਣੀ ਤੋਂ ਬਿਨਾਂ ਪੈਦਾ ਹੋ ਸਕੇਗਾ ? ਕਿੰਨੀ ਕੁ ਦੇਰ ਤੱਕ ਰਹਿ ਸਕੇਗਾ ? ਹਜ਼ੂਰ ਨੇ ਕਿਹਾ ਕਿ ਵਾਹਿਗੁਰੂ ਜੀ ਕਾ ਖਾਲਸਾ ਤਾਂ ਹੈ ਜੇ ਖ਼ਾਲਸੇ ਦੇ ਅੰਦਰ ਵਾਹਿਗੁਰੂ ਵਰਤਦਾ ਹੈ। ਸੱਚ ਜਾਣੀ ਵਾਹਿਗੁਰੂ ਤੋਂ ਬਿਨਾਂ ਖ਼ਾਲਸਾ ਨਹੀਂ।

ਗੁਰਮੁਖੋ! ਫਿਰ ਡੱਲੇ ਨੇ ਅਖ਼ੀਰ 'ਤੇ ਕਿਹਾ, ਮਹਾਰਾਜ! ਕ੍ਰਿਪਾ ਕਰੋ, ਪੀੜ੍ਹੀ ਜਿੰਨੀ ਥਾਂ ਦੇ ਦਿਉ। ਗੁਰੂ ਕਲਗੀਧਰ ਪਾਤਿਸ਼ਾਹ ਚੁੱਪ ਕਰ ਗਏ। ਡੱਲਾ ਫਿਰ ਕਹਿੰਦਾ ਹੈ, ਦਾਤਾ ਜੀ! ਮੈਂ ਬੇਨਤੀ ਕਰਦਾ ਹਾਂ ਕਿ ਪੀੜ੍ਹੀ ਜਿੰਨੀ ਥਾਂ ਦੇ ਦਿਉ। ਸਤਿਗੁਰੂ ਕਹਿੰਦੇ ਹਨ ਕਿ ਪੀੜ੍ਹੀ ਜਿੰਨੀ ਕਹਿੰਦਾ ਹੈਂ ? ਸੂਈ ਜਿੰਨੀ ਵੀ ਨਹੀਂ ਮਿਲਣੀ। ਕਿਉਂ ? ਕਹਿਣ ਲੱਗੇ, ਨਫ਼ਰਤ ਨਹੀਂ, ਇਹ ਘਰ ਤੇਰਾ ਆਪਣਾ ਹੈ। ਚੇਤੇ ਰੱਖੀਂ, ਪੀੜ੍ਹੀ ਜਿੰਨੀ ਥਾਂ ਮੰਗਣ ਵਾਲਿਆ! ਮੈਂ ਸਾਰਾ ਗੁਰੂ ਦਾ ਘਰ ਹੀ ਤੈਨੂੰ ਦੇ ਦਿਆਂਗਾ, ਪਰ ਦਾਨ ਸਿੰਘ ਨੇ ਅੰਮ੍ਰਿਤ ਛਕ ਲਿਆ ਹੈ, ਤੂੰ ਵੀ ਕਰਮ-ਕਾਂਡਾਂ ਨੂੰ ਛੱਡ ਕੇ ਅੰਮ੍ਰਿਤ ਦੀ ਦਾਤ ਲੈ ਲੈ। ਜਿਸ ਦਿਨ ਤੂੰ ਅੰਮ੍ਰਿਤ ਦੀ ਦਾਤ ਲੈ ਕੇ ਵਾਹਿਗੁਰੂ ਜੀ ਕਾ ਖ਼ਾਲਸਾ ਬਣੇਂਗਾ, ਉਸ ਦਿਨ ਮੈਂ ਤੈਨੂੰ ਕਹਾਂਗਾ ਕਿ -

ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸਹ ਮਹਿ ਹਉਂ ਕਰਹੁੰ ਨਿਵਾਸ ॥
ਖ਼ਾਲਸਾ ਮੇਰੋ ਸਤਿਗੁਰ ਪੂਰਾ ॥ ਖ਼ਾਲਸਾ ਮੇਰਾ ਸੁਜਨ ਸੂਰਾ ॥
ਖ਼ਾਲਸਾ ਮੇਰੋ ਇਸ਼ਟ ਸੁਹਿਰਦ ॥ ਖ਼ਾਲਸਾ ਮੇਰਾ ਕਹੀਅਤ ਬਿਰਦ ॥

ਉਦੋਂ ਤੈਨੂੰ ਮੈਂ ਕਹਾਂਗਾ -

ਰੋਮ ਰੋਮ ਰਸਨਾ ਜੌਂ ਪਾਵਹੁੰ ॥ ਤਦਯਪਿ ਨ ਖਾਲਸਾ ਜਸਹਿ ਤਰਾਵਹੁੰ ॥
ਯਾ ਮਹਿ ਰੰਚਿ ਨ ਮਿਥਯਾ ਭਾਖੀ ॥ ਪਾਰਬ੍ਰਹਮ ਗੁਰੁ ਨਾਨਕ ਸਾਖੀ ॥

(ਸਰਬ ਲੋਹ ਗ੍ਰੰਥ)

ਤੂੰ ਸੂਈ ਜਿੰਨੀ ਥਾਂ ਮੰਗਦਾ ਹੈਂ, ਮੈਂ ਤਾਂ ਕਹਿ ਕੇ ਚਲਿਆ ਹਾਂ -

ਹੌਂ ਖ਼ਾਲਸਹਿ ਕਹੁ ਖ਼ਾਲਸਾ ਮੇਰੋ ॥ ਓਤਪੋਤ ਸਾਗਰ ਬੂੰਦੇਰੋ ॥

ਜਿਵੇਂ ਪਾਣੀ ਦੀ ਬੂੰਦ ਤੇ ਸਮੁੰਦਰ ਇਕ ਹਨ, ਖ਼ਾਲਸਾ ਮੇਰਾ ਆਪਣਾ ਰੂਪ ਹੈ। ਭਾਈ ਡੱਲੇ ਨੇ ਉਥੇ ਅੰਮ੍ਰਿਤ ਦੀ ਦਾਤ ਲਈ। ਮੇਰੇ ਸਤਿਗੁਰੂ ਨੇ ਕ੍ਰਿਪਾ ਕਰਕੇ ਉਸ ਡੱਲੇ ਤੋਂ ਭਾਈ ਡੱਲਾ ਸਿੰਘ ਨਾਮ ਰੱਖਿਆ। ਇਹਨਾਂ ਦੇ ਪਰਿਵਾਰ ਨੇ ਅੰਮ੍ਰਿਤ ਦੀਆਂ ਦਾਤਾਂ ਲਈਆਂ। ਹਜ਼ੂਰ 9 ਮਹੀਨੇ 9 ਪਲ 9 ਘੜੀਆਂ ਦਮਦਮਾ ਸਾਹਿਬ ਦੀ ਧਰਤੀ 'ਤੇ ਵਿਸ਼ਰਾਮ ਕਰਕੇ ਗਏ। ਇਥੋਂ ਦਮਦਮਾ ਸਾਹਿਬ ਤੋਂ ਦੱਖਣ ਵੱਲ ਨੂੰ ਤੁਰਨ ਲੱਗਿਆਂ ਕ੍ਰਿਪਾ ਕਰਕੇ ਬਾਬਾ ਦੀਪ ਸਿੰਘ ਜੀ 'ਤੇ ਇਕ ਰਹਿਮਤ ਕੀਤੀ। ਜਿਸ ਦਿਨ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਖਿਆ, ਉਸ ਦਿਨ ਕਲਮਾਂ ਘੜੀਆਂ। ਹਜ਼ੂਰ ਨੇ ਕਿਹਾ, ਅੱਜ ਤੋਂ ਬਾਅਦ ਇਹ ਗੁਰੂ ਕੀ ਕਾਸ਼ੀ ਹੋਵੇਗੀ। ਕਿਉਂ ਜੀ ? ਕਹਿਣ ਲੱਗੇ, ਇਸ ਧਰਤੀ ਤੋਂ ਕਲਮਾਂ ਦੇ ਧਨੀ ਵੀ ਉੱਠਣਗੇ ਤੇ ਸਿਰਾਂ ਦੇ ਧਨੀ ਵੀ ਉਠਣਗੇ। ਇਥੇ ਗੁਣੀ, ਗਿਆਨੀ ਵਿਸ਼ਰਾਮ ਕਰਨਗੇ, ਵਿਦਵਾਨ ਹੋਣਗੇ, ਬ੍ਰਹਮ ਗਿਆਨੀ ਹੋਣਗੇ। ਹੱਥਾਂ ਨਾਲ ਕਲਮ ਚਲਾ ਕੇ ਬਾਣੀ ਲਿਖਣਗੇ। ਲੋੜ ਪਵੇਗੀ ਤਾਂ ਹੱਥ ਵਿੱਚ ਖੰਡਾ ਫੜ ਕੇ ਆਪਣਾ ਸਿਰ ਤਲੀ 'ਤੇ ਰੱਖ ਕੇ ਜ਼ਾਲਮ ਦਾ ਟਾਕਰਾ ਵੀ ਕਰਨਗੇ।

ਬਾਬਾ ਦੀਪ ਸਿੰਘ ਜੀ ਸਭ ਕੁਝ ਸੁਣਦੇ ਪਏ ਹਨ। ਹਜ਼ੂਰ ਦਮਦਮਾ ਸਾਹਿਬ ਦੀ ਧਰਤੀ ਤੋਂ ਦੱਖਣ ਵੱਲ ਨੂੰ ਕੂਚ ਕਰ ਗਏ। ਪਿੱਛੋਂ ਬਾਬਾ ਦੀਪ ਸਿੰਘ ਜੀ ਨੇ ਕ੍ਰਿਪਾ ਕੀਤੀ। ਉਨ੍ਹਾਂ ਨੇ ਤਖ਼ਤ ਦੀ ਸੰਭਾਲ ਆਰੰਭ ਕਰ ਦਿੱਤੀ। ਜਿਹੜੀ ਦਮਦਮਾ ਸਾਹਿਬ ਦੀ ਬੀੜ ਹੈ, ਇਹ ਮੰਨਿਆ ਜਾਂਦਾ ਹੈ ਕਿ ਵੱਡੇ ਘੱਲੂਘਾਰੇ ਵਿੱਚ ਬੀੜ ਜਾਂਦੀ ਰਹੀ। ਪਰਤ ਕੇ ਮਿਲੀ ਨਹੀਂ। ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਦੀ ਧਰਤੀ 'ਤੇ ਆਪਣੇ ਹੱਥ ਵਿੱਚ ਕਲਮ ਫੜੀ ਤੇ ਚਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਆਪਣੇ ਹੱਥੀ ਗੁਰੂ ਕੀ ਕਾਂਸ਼ੀ ਵਿੱਚ ਲਿਖੇ। ਇਥੇ ਖ਼ਬਰ ਮਿਲੀ ਸੀ ਕਿ ਅਬਦਾਲੀ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਹੈ।

ਗੁਰੂ ਕੀ ਕਾਸ਼ੀ ਵਿੱਚ ਕਲਮ ਚਲਾਉਣ ਵਾਲੇ ਬਾਬਾ ਦੀਪ ਸਿੰਘ ਜੀ ਇਥੋਂ ਇਕ ਪ੍ਰਣ ਕਰਕੇ ਤੁਰੇ ਸਨ ਕਿ ਮਰਨਾ ਜ਼ਰੂਰ ਹੈ, ਪਰ ਹਰਿਮੰਦਰ ਸਾਹਿਬ

ਪਹੁੰਚਣ ਤੋਂ ਪਹਿਲਾਂ ਨਹੀਂ ਮਰਨਾ। ਉਹਨਾਂ ਨੇ ਸ਼ਹਾਦਤ ਦਾ ਜਾਮ ਪੀਤਾ। ਬਾਬਾ ਦੀਪ ਸਿੰਘ ਜੀ ਤੋਂ ਬਾਅਦ ਭਾਈ ਕਰਮ ਸਿੰਘ ਜੀ ਨੇ ਇਥੋਂ ਦੀ ਸੰਭਾਲ ਕੀਤੀ। ਸਮਾਂ ਲੰਘਿਆ ਤੇ ਅਖ਼ੀਰ ਵਿੱਚ ਭਾਈ ਜੀਵਨ ਸਿੰਘ ਦੇ ਹੱਥ ਵਿੱਚ ਦਮਦਮਾ ਸਾਹਿਬ ਦੀ ਸੇਵਾ ਆਈ। ਪਟਿਆਲਾ ਰਿਆਸਤ ਵਿੱਚ ਦਮਦਮਾ ਸਾਹਿਬ ਪੈਂਦਾ ਸੀ। ਮਹਾਰਾਜਾ ਪਟਿਆਲਾ ਰਜਿੰਦਰ ਸਿੰਘ ਨੇ ਆਪਣੀ ਭੈਣ ਦਾ ਰਿਸ਼ਤਾ ਕਰ ਦਿੱਤਾ ਜੀਵਨ ਸਿੰਘ ਨਾਲ। ਉਸ ਨੇ ਪਹਿਲਾਂ ਹੀ ਦਮਦਮਾ ਸਾਹਿਬ ਨੂੰ ਆਪਣੀ ਜਾਗੀਰਦਾਰੀ ਸਮਝਿਆ ਸੀ। ਉਥੇ ਕਈ ਚਿੱਠੀਆਂ ਮਿਲਦੀਆਂ ਹਨ, ਜਿਹੜੀਆਂ ਪਟਿਆਲੇ ਰਾਜੇ ਨੂੰ ਪਾਈਆਂ ਸਨ ਕਿ ਇਥੇ ਸ਼ਰਾਬ ਦੇ ਦੌਰ ਚਲਦੇ ਹਨ, ਇਥੇ ਬਹੁਤ ਕੁਕਰਮ ਹੋ ਰਹੇ ਹਨ। ਗੁਰਮੁਖੋ! ਕਾਫ਼ੀ ਸਮਾਂ ਇਸ ਜਗੀਰਦਾਰ ਨੇ ਰਿਸ਼ਤੇਦਾਰੀ ਕਰਕੇ ਗੱਲ ਚੱਲਣ ਨਾ ਦਿੱਤੀ। ਅਖ਼ੀਰ ਵਿੱਚ ਸੰਤ ਬਾਬਾ ਅਤਰ ਸਿੰਘ ਜੀ ਵੀ ਸੇਵਾ ਲੈਣ ਗਏ ਤੇ ਸੇਵਾ ਉਹਨਾਂ ਨੂੰ ਵੀ ਨਾ ਦਿੱਤੀ। 1965 ਦੇ ਨੇੜੇ ਇਸ ਤਖ਼ਤ ਦੀ ਸੇਵਾ ਪੰਥ ਨੂੰ ਸੌਂਪੀ ਗਈ। ਸੰਤ ਬਾਬਾ ਹਰਚਰਨ ਸਿੰਘ ਲੌਂਗੋਵਾਲ ਨੂੰ ਜਥੇਦਾਰ ਥਾਪਿਆ। ਉਸ ਤੋਂ ਬਾਅਦ ਭਾਈ ਲੱਖਾ ਸਿੰਘ ਆਏ। ਭਾਈ ਹਾਕਮ ਸਿੰਘ ਆਏ। ਉਸ ਤੋਂ ਬਾਅਦ ਹੁਣ ਅੱਗੇ ਸਿਲਸਿਲਾ ਚਲਦਾ ਪਿਆ ਹੈ। ਇਹ ਹੈ ਸਾਡਾ ਚੌਥਾ ਤਖ਼ਤ, ਜਿਸ ਨੂੰ ਹਜ਼ੂਰ ਨੇ ਗੁਰੂ ਕੀ ਕਾਸ਼ੀ ਕਿਹਾ ਹੈ, ਜਿਸ ਨੂੰ ਅੱਜ ਵੀ ਅਦਬ ਨਾਲ ਸੀਸ ਝੁਕਾਉਂਦੇ ਹਨ। ਜਿਹੜੇ ਪਹਿਲੇ ਚਾਰ ਤਖ਼ਤ ਹਨ, ਉਸ ਨੂੰ ਗੁਰੂ ਕਲਗੀਧਰ ਜੀ ਆਪਣੀ ਹਜ਼ੂਰੀ ਵਿੱਚ ਬਣਾ ਕੇ ਗਏ। ਧੰਨ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨ। ਇੰਨੀਆਂ ਹੀ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਤਖ਼ਤ ਸ੍ਰੀ ਹਜ਼ੂਰ ਸਾਹਿਬ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੀ ਸਤਿਕਾਰਯੋਗ ਸਾਧ ਸੰਗਤ ਜੀਉ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਇਸ ਤੋਂ ਪਹਿਲਾਂ ਅਸੀਂ ਚਾਰ ਤਖ਼ਤਾਂ ਬਾਰੇ ਵਿਚਾਰ ਕਰ ਚੁੱਕੇ ਹਾਂ। ਪਹਿਲਾ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜਿਸ ਦੇ ਲਈ ਅਸੀਂ ਸ਼੍ਰੋਮਣੀ ਸ਼ਬਦ ਵਰਤਦੇ ਹਾਂ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਬਾਬਾ ਬੁੱਢਾ ਸਾਹਿਬ, ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਤਖ਼ਤ ਦੀ ਰਚਨਾ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਅਦ ਸ੍ਰੀ ਪਟਨਾ ਸਾਹਿਬ ਜਿਸ ਲਈ ਸ਼ਬਦ ਵਰਤਦੇ ਹਾਂ—ਸ੍ਰੀ ਦਰਬਾਰ ਸਾਹਿਬ ਤਖ਼ਤ ਸ੍ਰੀ ਪਟਨਾ ਸਾਹਿਬ। ਗੁਰੂ ਕਲਗੀਧਰ ਸਾਹਿਬ ਦੀ ਆਮਦ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਉਸ ਨਗਰ ਵਿੱਚ ਚਰਨ ਪਏ, ਗੁਰੂ ਤੇਗ਼ ਬਹਾਦਰ ਜੀ ਦੀਆਂ ਰਹਿਮਤਾਂ ਨਾਲ ਨਿਵਾਜਿਆ ਹੋਇਆ ਉਹ ਸ਼ਹਿਰ। ਤੀਸਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ। ਇਥੇ ਹਜ਼ੂਰ ਨੇ ਅਨੋਖੀ ਦਾਤ ਦਿੱਤੀ। ਸਿੱਖ ਨੂੰ ਖਾਲਸਾ ਨਾਮ ਨਾਲ ਸਨਮਾਨਿਤ ਕੀਤਾ।

ਚੌਥਾ ਤਖ਼ਤ ਸ੍ਰੀ ਦਮਦਮਾ ਸਾਹਿਬ ਜਿਥੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੰਪੂਰਨਤਾ ਹੋਈ। ਸਭ ਤੋਂ ਪਹਿਲਾਂ ਲਿਖਾਈ ਰਾਮਸਰ ਦੇ ਕਿਨਾਰੇ ਭਾਈ ਗੁਰਦਾਸ ਜੀ ਨੇ ਕੀਤੀ। ਪ੍ਰਕਾਸ਼ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਕੀਤਾ। ਗ੍ਰੰਥੀ ਬਾਬਾ ਬੁੱਢਾ ਸਾਹਿਬ ਜੀ ਨੂੰ ਥਾਪਿਆ। ਧੰਨ ਗੁਰੂ ਕਲਗੀਧਰ ਜੀ ਨੇ ਦਮਦਮਾ ਸਾਹਿਬ ਦੀ ਧਰਤੀ 'ਤੇ ਸੰਪੂਰਨਤਾ ਕੀਤੀ। ਸੰਪੂਰਨਤਾ ਤੋਂ ਭਾਵ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਦਰਜ ਕੀਤੀ ਗਈ। ਲਿਖਾਰੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸਨ। ਇਸ ਤੋਂ ਬਾਅਦ ਹਜ਼ੂਰ ਨੰਦੇੜ ਦੀ ਧਰਤੀ 'ਤੇ ਗਏ। ਉਹ ਸਾਡਾ ਪੰਜਵਾਂ ਤਖ਼ਤ ਹੈ। ਇਸ ਪੰਜਵੇਂ ਤਖ਼ਤ ਨੂੰ ਸਾਹਿਬ ਗੁਰੂ ਕਲਗੀਧਰ ਪਿਤਾ ਜੀ ਨੇ ਜਿਥੇ ਇਕ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਤੋਰਿਆ ਪੰਜਾਬ ਦੀ ਧਰਤੀ 'ਤੇ, ਉਥੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਜੋਤ ਗੁਰੂ ਗ੍ਰੰਥ ਸਾਹਿਬ ਵਿੱਚ ਤੇ ਵਡਿਆਈ ਪੰਥ ਨੂੰ ਦੇ ਦਿੱਤੀ। ਉਹ

ਤਖ਼ਤ ਜਿਸ ਦੀ ਸ਼ੇਰੇ ਪੰਜਾਬ ਨੇ ਉਸਾਰੀ ਕਰਾਈ। ਜਿਥੋਂ ਦੀ ਅਜੇ ਵੀ ਮਰਿਆਦਾ ਬਾਕੀ ਤਖ਼ਤਾਂ ਨਾਲ ਮੇਲ ਨਹੀਂ ਖਾਂਦੀ।

ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਦੀ ਧਰਤੀ ਤੋਂ ਨੰਦੇੜ ਦੀ ਧਰਤੀ 'ਤੇ ਪਹੁੰਚੇ। ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਉਸ ਕਾਦਰ ਦੀ ਰਚੀ ਹੋਈ ਕੁਦਰਤ ਨੂੰ ਪਿਆਰ ਕਰਦੇ ਹਨ। ਇਕ ਗੱਲ ਕਦੀ ਵੀ ਅਸੀਂ ਭੁਲੀਏ ਨਾ ਕਿ ਸਿੱਖ ਨੇ ਕਾਦਰ ਦੀ ਰਚੀ ਹੋਈ ਕੁਦਰਤ ਵਿੱਚੋਂ ਹੀ ਕਾਦਰ ਨੂੰ ਲੱਭਣਾ ਹੈ ਤੇ ਜਦੋਂ ਅਸੀਂ ਕੁਦਰਤ ਵਿੱਚੋਂ ਕਾਦਰ ਨੂੰ ਵੱਖ ਕਰ ਦੇਵਾਂਗੇ ਤਾਂ ਸੱਚ ਜਾਣੋ, ਉਦੋਂ ਕੇਵਲ ਮਾਇਆ ਦਾ ਝੰਮੇਲਾ ਬਣ ਜਾਵੇਗਾ। ਹਜ਼ੂਰ ਕਹਿੰਦੇ ਹਨ ਕਿ ਉਸ ਨੇ ਆਪ ਇਹ ਸਭ ਕੁੱਝ ਰਚਿਆ ਹੈ। ਬਾਬਾ ਨਾਮਦੇਵ ਜੀ ਨੇ ਸ਼ਬਦ ਕਹੇ ਹਨ ਕਿ -

ਅਸਗਾ ਅਸ ਉਸਗਾ ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥

(ਅੰਕ ੬੯੩)

ਉਸਨੇ ਇਕ ਸੋਹਣਾ ਬਾਗ਼ ਬਣਾ ਦਿੱਤਾ ਹੈ।

ਗੁਰੂ ਕਲਗੀਧਰ ਪਾਤਿਸ਼ਾਹ ਜੇ ਪਟਨਾ ਸਾਹਿਬ ਦੀ ਧਰਤੀ 'ਤੇ ਹਨ ਤਾਂ ਉਹਨਾਂ ਨੇ ਗੰਗਾ ਦੇ ਕਿਨਾਰੇ ਕੌਤਕ ਕੀਤੇ ਹਨ। ਗੰਗਾ ਦੇ ਕਿਨਾਰੇ ਅਣਖ ਤੇ ਬੀਰਤਾ ਦਾ ਸੰਦੇਸ਼ ਦਿੱਤਾ। ਜੇ ਹਜ਼ੂਰ ਪਾਉਂਟਾ ਸਾਹਿਬ ਦੀ ਧਰਤੀ 'ਤੇ ਗਏ ਹਨ ਤਾਂ ਦਸਮ ਗ੍ਰੰਥ ਦੀ ਬਾਣੀ ਵਿੱਚ ਇਕ ਸ਼ਬਦ ਕਲੰਦਰੀ ਵਰਤਿਆ ਹੈ। ਹਜ਼ੂਰ ਉਸ ਜਮਨਾ ਦੇ ਕਿਨਾਰੇ ਬੈਠ ਕੇ ਅਕਾਲ ਦੀ ਉਸਤਤ ਕਰਦੇ ਹਨ। ਸਾਈਂ ਦੀ ਸਿਫ਼ਤੋ-ਸਾਲਾਹ ਕੀਤੀ। ਵਿਦਵਾਨਾਂ ਨੂੰ ਉਸ ਜਮਨਾ ਦੇ ਕਿਨਾਰੇ ਭਰਪੂਰ ਸਨਮਾਨ ਦਿੱਤਾ। ਜੇ ਪਉਂਟਾ ਸਾਹਿਬ ਆਏ ਤਾਂ ਉਥੇ ਜਮਨਾ ਦਾ ਕਿਨਾਰਾ ਚੁਣਿਆ। ਜੇ ਆਨੰਦਪੁਰ ਸਾਹਿਬ ਦੀ ਧਰਤੀ ਵਸਾਈ ਹੈ ਤਾਂ ਮੇਰੇ ਸਤਿਗੁਰੂ ਨੇ ਇਸ ਧਰਤੀ ਉਪਰ ਸਤਲੁਜ ਦੇ ਨਜ਼ਾਰੇ ਨੂੰ ਦੇਖਿਆ।

ਹਜ਼ੂਰ ਪਹੁੰਚੇ ਹਨ ਨੰਦੇੜ ਦੀ ਧਰਤੀ 'ਤੇ। ਗੋਦਾਵਰੀ ਦਾ ਕਿਨਾਰਾ ਹੈ। ਇਥੋਂ ਦੇ ਇਤਿਹਾਸ ਵਿੱਚ ਹਜ਼ੂਰ ਮਾਧੋ ਦਾਸ ਬੈਰਾਗੀ ਦੇ ਡੇਰੇ ਵਿੱਚ ਗਏ। ਮਾਧੋ ਦਾਸ ਬੈਰਾਗੀ ਜਿਨ੍ਹਾਂ ਨੂੰ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਕਹਿੰਦੇ ਹਾਂ। ਉਸ ਇਲਾਕੇ ਵਿੱਚ ਇਹਨਾਂ ਦਾ ਜਨਮ ਹੋਇਆ। ਸ਼ਿਕਾਰ ਖੇਡਦਿਆਂ ਹਿਰਨੀ ਤੇ ਉਸਦੇ ਪੇਟ ਵਿੱਚੋਂ ਨਿਕਲੇ ਹੋਏ ਬੱਚਿਆਂ ਦੀ ਤੜਪ ਕੇ ਮੌਤ ਹੁੰਦੀ ਦੇਖ ਕੇ ਅੰਦਰ ਬੈਰਾਗ ਪੈਦਾ ਹੋਇਆ। ਤਿੰਨ ਗੁਰੂ ਇਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਧਾਰਨ ਕੀਤੇ ਹਨ। ਪਹਿਲਾ ਰਾਮਦਾਸ, ਦੂਜਾ ਜਾਨਕੀ ਪ੍ਰਸ਼ਾਦ ਤੇ ਤੀਜਾ ਜੋਗੀ

ਓਘੜ ਨਾਥ। ਜੋਗੀ ਓਘੜ ਨਾਥ ਨੇ ਇਸ ਬੈਰਾਗੀ ਨੂੰ ਕਰਾਮਾਤਾਂ, ਰਿੱਧੀਆਂ-ਸਿੱਧੀਆਂ ਸਬੰਧੀ ਆਪਣੇ ਵਲੋਂ ਬਹੁਤ ਖ਼ਜ਼ਾਨਾ ਦਿੱਤਾ। ਇਸ ਨੇ ਅਭਿਆਸ ਕੀਤਾ। ਇਸ ਦੇ ਕੋਲ ਇਕਾਗਰਤਾ ਹੈ।

ਧੰਨ ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਜਦੋਂ ਦਾਦੂ ਦਵਾਰੇ ਕੋਲ ਗਏ ਹਨ ਤਾਂ ਇਥੋਂ ਖ਼ਬਰ ਮਿਲ ਗਈ ਸੀ ਕਿ ਨੰਦੇੜ ਦੀ ਧਰਤੀ 'ਤੇ ਇਕ ਬੈਰਾਗੀ ਹੈ, ਜਿਸ ਦੇ ਕੋਲ ਤਾਕਤਾਂ ਹਨ, ਅਜ਼ਮਤਾਂ ਹਨ, ਪਰ ਆਏ ਗਏ ਦਾ ਮਜ਼ਾਕ ਉਡਾਉਂਦਾ ਹੈ। ਜਿਹੜਾ ਉਸ ਦੇ ਕੋਲ ਆ ਜਾਏ, ਉਸ ਦਾ ਮਜ਼ਾਕ ਉਡਾਉਣ ਤੋਂ ਬਾਜ਼ ਨਹੀਂ ਆਉਂਦਾ। ਗੁਰੂ ਕਲਗੀਧਰ ਪਾਤਿਸ਼ਾਹ ਨੇ ਦੇਖਿਆ ਕਿ ਇਸ ਬੰਦੇ ਕੋਲ ਇਕਾਗਰਤਾ ਬਹੁਤ ਹੈ। ਕਹਿ ਭਾਵੇਂ ਅਸੀਂ ਦਿੰਦੇ ਹਾਂ ਕਿ ਰਿੱਧੀਆਂ-ਸਿੱਧੀਆਂ ਐਵੇਂ ਹਨ। ਮੈਂ ਕਹਿੰਦਾ ਹਾਂ ਕਿ ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਮਤਿ ਨੇ ਇਹਨਾਂ ਨੂੰ ਰਾਹ ਦੀਆਂ ਗੱਲਾਂ ਹੀ ਕਿਹਾ ਹੈ, ਪਰ ਰਿੱਧੀ-ਸਿੱਧੀ ਵੀ ਜਣੇ-ਖਣੇ ਬੰਦੇ ਕੋਲ ਨਹੀਂ ਆਉਂਦੀ। ਅਭਿਆਸ ਤੋਂ ਬਿਨਾਂ, ਸਾਧਨਾਂ ਤੋਂ ਬਿਨਾਂ ਕਦੀ ਸਿੱਧਤਾ ਨਹੀਂ ਮਿਲਦੀ। ਉਸ ਦੇ ਕੋਲ ਇਕਾਗਰਤਾ ਹੈ। ਹਜ਼ੂਰ ਨੇ ਦੇਖਿਆ ਕਿ ਇਸ ਬੰਦੇ ਕੋਲ ਤਾਕਤ ਹੈ, ਇਸ ਬੰਦੇ ਕੋਲ ਦਮ ਹੈ। ਹਜ਼ੂਰ ਨੇ ਸੋਚਿਆ ਕਿ ਜੇ ਇਸ ਤਾਕਤ ਦੀ ਵਰਤੋਂ ਭਗਤੀ ਲਈ ਕੀਤੀ ਜਾਏ ਤਾਂ ਦੁਨੀਆਂ ਪਲਟ ਸਕਦੀ ਹੈ। ਹਜ਼ੂਰ ਨੇ ਦੇਖਿਆ ਕਿ ਕੌਡੇ ਵਰਗਾ ਰਾਖ਼ਸ਼ ਹੈ, ਪਰ ਸੋਚਦੇ ਹਨ ਕਿ ਜੇ ਇਸ ਦੇ ਅੰਦਰ ਨੂੰ ਤਬਦੀਲ ਕੀਤਾ ਜਾਏ ਤਾਂ ਜਿਹੜਾ ਇਹ ਲੋਕਾਂ ਨੂੰ ਮਾਰਨ ਦੀ ਗੱਲ ਕਰਦਾ ਹੈ, ਇਹ ਲੋਕਾਂ ਨੂੰ ਸੰਵਾਰਨ ਦੀ ਗੱਲ ਕਰੇਗਾ।

ਹਜ਼ੂਰ ਨੇ ਕਦੀ ਵੀ ਕਿਸੇ ਬੰਦੇ ਨੂੰ ਨਹੀਂ ਮਾਰਿਆ। ਹਜ਼ੂਰ ਨੇ ਉਸ ਦੀ ਜ਼ਿੰਦਗੀ ਪਲਟ ਕੇ ਲੋਕਾਂ ਦਾ ਜੀਵਨ ਪਲਟਣ ਲਈ ਇਕ ਨਿਯਮ ਬਣਾ ਦਿੱਤਾ। ਸਾਹਿਬ ਨੇ ਦੇਖਿਆ ਕਿ ਮਾਧੋ ਦਾਸ ਕੋਲ ਇਕਾਗਰਤਾ ਹੈ। ਉਸ ਬੰਦੇ ਕੋਲ ਸਾਧਨਾ ਹੈ। ਕਿਉਂ ਨਾ ਇਸ ਬੰਦੇ ਨੂੰ ਮਿਲਿਆ ਜਾਏ। ਆਖ਼ਿਰ ਸਾਧਨਾ ਤੋਂ ਪਹਿਲਾਂ ਉਹ ਬਹਾਦਰ ਸੂਰਮਾ ਵੀ ਹੈ। ਸੂਰਮਗਤੀ ਤੇ ਸ਼ਸਤਰ ਵਿੱਦਿਆ ਦਾ ਵੀ ਉਸ ਦੇ ਕੋਲ ਗਿਆਨ ਹੈ। ਜੇ ਇਕਾਗਰਤਾ ਨੂੰ ਉਹ ਰੱਬ ਦੀ ਭਗਤੀ ਵਾਲੇ ਪਾਸੇ ਲਾ ਦੇਵੇ ਤਾਂ ਕੁਝ ਕੁ ਦਿਨਾਂ ਨੂੰ ਉਹ ਸਾਈਂ ਦੇ ਘਰ ਵਿੱਚ ਪਹੁੰਚ ਸਕਦਾ ਹੈ।

ਹਜ਼ੂਰ ਉਸਦੇ ਅਸਥਾਨ 'ਤੇ ਗਏ। ਆਪ ਸਭ ਨੂੰ ਪਤਾ ਹੈ ਕਿ ਉਸ ਦੇ ਪਲੰਘ 'ਤੇ ਬੈਠੇ ਹਨ। ਮਾਧੋ ਦਾਸ ਦੇ ਚੇਲਿਆਂ ਵਿੱਚੋਂ ਇਕ ਬ੍ਰਾਹਮਣ ਆਇਆ

ਹੈ। ਉਸ ਨੇ ਆਪਣੇ ਜੰਤਰ-ਮੰਤਰ ਰਾਹੀਂ ਯਤਨ ਕੀਤਾ ਕਿ ਕਿਸੇ ਤਰੀਕੇ ਨਾਲ ਇਹਨਾਂ ਨੂੰ ਪਲੰਘ ਤੋਂ ਉਲਟਾ ਦਿੱਤਾ ਜਾਏ, ਪਰ ਇਕ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਇਹ ਚੀਜ਼ਾਂ ਹੁੰਦੀਆਂ ਜ਼ਰੂਰ ਹਨ। ਇਹ ਨਾ ਸਮਝੀਏ ਕਿ ਇਹ ਤਾਕਤਾਂ ਨਹੀਂ। ਤਾਕਤਾਂ ਹਨ ਜ਼ਰੂਰ, ਪਰ ਜਿਸ ਕੋਲ ਪ੍ਰਮਾਤਮਾ ਦਾ ਨਾਮ ਹੋਵੇ, ਰੱਬ ਦੀ ਭਗਤੀ ਹੋਵੇ, ਉਸ ਉਪਰ ਅਸਰ ਨਹੀਂ ਕਰਦੀਆਂ, ਕਿਉਂਕਿ ਗੁਰੂ ਅਰਜਨ ਸਾਹਿਬ ਨੇ ਬਿਲਾਵਲ ਰਾਗ ਵਿੱਚ ਇਕ ਬਚਨ ਕਿਹਾ ਹੈ-

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥
ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥
ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥ (ਅੰਕ ੮੧੭)

ਗੁਰੂ ਨੇ ਸਾਨੂੰ ਜੰਤਰ ਦੇ ਦਿੱਤਾ, ਮੰਤਰ ਦੇ ਦਿੱਤਾ। ਹਜ਼ੂਰ ਕਹਿੰਦੇ ਹਨ ਕਿ ਮੈਂ ਤੈਨੂੰ ਜੰਤਰ, ਮੰਤਰ, ਸ਼ਸਤਰ ਸਭ ਕੁਝ ਦਿੰਦਾ ਹਾਂ, ਪਰ ਸਾਰੀਆਂ ਤਾਕਤਾਂ ਪ੍ਰਮਾਤਮਾ ਦੇ ਨਾਮ ਲਿਖ ਦੇਈਂ। ਨਾਮ ਸਿਮਰਨ ਭਜਨ ਕਰਨ ਵਾਲੇ ਸਾਹਮਣੇ ਕੋਈ ਨਹੀਂ ਆ ਸਕਦਾ। ਤਾਂ ਹੀ ਮੇਰੇ ਹਜ਼ੂਰ ਨੇ ਬਾਣੀ ਵਿੱਚ ਬਚਨ ਕੀਤੇ ਹਨ -

ਗੁਰਿ ਪੂਰੈ ਮੇਰੀ ਰਾਖਿ ਲਈ ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧॥ ਰਹਾਉ ॥
ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥
(ਅੰਕ ੮੨੩)

ਨਾਮ ਵਿੱਚ ਇੰਨੀ ਤਾਕਤ ਹੈ ਕਿ -

ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ ॥ (ਅੰਕ ੮੧੧)
ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥ (ਅੰਕ ੯੬੨)

ਉਥੇ ਰਿੱਧੀਆਂ-ਸਿੱਧੀਆਂ ਹਨ। ਇਹਨਾਂ ਅਜ਼ਮਤਾਂ ਨੇ ਕੰਮ ਨਹੀਂ ਸੀ ਕਰਨਾ, ਪਰ ਜਿਹੜਾ ਅੰਦਰੋਂ ਥੋਥਾ ਤੇ ਖ਼ਾਲੀ ਹੋਵੇ, ਉਹ ਕਦੇ ਭੁੱਲੇ ਨਾ ਕਿ ਉਸ ਨੂੰ ਕੋਈ ਵੀ ਤਾਕਤ ਆਪਣਾ ਗ਼ੁਲਾਮ ਬਣਾ ਸਕਦੀ ਹੈ।

ਅੱਜ ਮਾਧੋ ਦਾਸ ਬੈਰਾਗੀ ਜਦੋਂ ਹਜ਼ੂਰ ਦੇ ਕੋਲ ਆਇਆ ਤਾਂ ਦਾਤਾਰ ਜੀ ਨੂੰ ਜਾਂਦਿਆਂ ਸਾਰ ਮਾਧੋ ਦਾਸ ਬੈਰਾਗੀ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਹਜ਼ੂਰ ਨੇ

ਉੱਤਰ ਦਿੱਤਾ ਕਿ ਤੂੰ ਚੰਗੀ ਤਰ੍ਹਾਂ ਮੈਨੂੰ ਜਾਣਦਾ ਹੈਂ। ਸਾਹਿਬ ਨੂੰ ਕਹਿਣ ਲੱਗਾ ਕਿ ਮੈਂ ਤੁਹਾਨੂੰ ਕਿਵੇਂ ਜਾਣਦਾ ਹਾਂ। ਹਜ਼ੂਰ ਕਹਿਣ ਲੱਗੇ, ਆਪਣੇ ਗਿਰੀਵਾਨ ਵਿੱਚ ਝਾਤੀ ਮਾਰ ਕੇ ਦੇਖ, ਤੂੰ ਮੈਨੂੰ ਜਾਣਦਾ ਹੈਂ। ਸਿੱਖ ਵਿਦਵਾਨ ਕਹਿੰਦੇ ਹਨ ਕਿ ਇਸ ਤੋਂ ਪਹਿਲਾਂ ਦਾਦੂ ਦਵਾਰੇ ਵਾਲਾ ਮਹੰਤ ਜੈਤ ਰਾਮ ਇਸ ਦੇ ਕੋਲ ਆਇਆ ਸੀ। ਜਦੋਂ ਉਸ ਦਾ ਮਜ਼ਾਕ ਮਾਧੋਦਾਸ ਨੇ ਉਡਾਇਆ ਸੀ ਤਾਂ ਉਸ ਨੇ ਇਕ ਗੱਲ ਕਹੀ ਸੀ ਕਿ ਮਾਣ ਨਾ ਕਰੀਂ, ਰੱਬ ਨੇ ਤੇਰੇ ਤੋਂ ਵੀ ਵੱਡਾ ਕੋਈ ਤਾਕਤ ਵਾਲਾ ਬਣਾਇਆ ਹੈ ਤ ਜਿਸ ਦਿਨ ਕਿਤੇ ਗੁਰੂ ਗੋਬਿੰਦ ਸਿੰਘ ਨਾਲ ਟੱਕਰ ਹੋ ਗਈ ਤਾਂ ਤੈਨੂੰ ਝੁਕਣਾ ਹੀ ਪਵੇਗਾ। ਜਦੋਂ ਦਾਤਾਰ ਨੇ ਕਿਹਾ ਕਿ ਤੂੰ ਮੈਨੂੰ ਜਾਣਦਾ ਹੈਂ, ਆਪਣੇ ਗਿਰੀਵਾਨ ਵਿੱਚ ਝਾਤੀ ਮਾਰ। ਤਾਂ ਕੰਨ ਵਿੱਚ ਆਵਾਜ਼ ਪਈ ਕਿ ਤੇਰੇ ਨਾਲ ਕੋਈ ਮੁਕਾਬਲਾ ਕਰ ਸਕਦਾ ਹੈ, ਸਮਰੱਥ ਗੁਰੂ। ਕਹਿਣ ਲੱਗਾ, ਤੁਸੀਂ ਗੁਰੂ ਗੋਬਿੰਦ ਸਿੰਘ ਹੋ ? ਹਜ਼ੂਰ ਨੇ ਕਿਹਾ, ਹਾਂ। ਅੱਗੋ ਸਾਹਿਬ ਨੇ ਸ਼ਬਦ ਵਰਤਿਆ, ਤੂੰ ਕੌਣ ਹੈਂ ? ਚਰਨਾਂ ਵਿੱਚ ਡਿੱਗ ਕੇ ਕਹਿੰਦਾ ਹੈ, ਮੈਂ ਤੇਰਾ ਬੰਦਾ। ਅਸਲ ਵਿੱਚ ਬੰਦੇ ਦਾ ਅੱਖਰੀ ਅਰਥ ਹੈ–ਗ਼ੁਲਾਮ। ਬੰਦੇ ਦਾ ਅਰਥ ਹੈ, ਬੰਦਗੀ ਕਰਨ ਵਾਲਾ। ਬੰਦੇ ਦਾ ਅਰਥ ਹੈ ਬੰਦੀ ਵਿੱਚ ਰਹਿਣ ਵਾਲਾ। ਇਸ ਲਈ ਸਾਹਿਬ ਨੇ ਬਾਣੀ ਵਿੱਚ ਕਿਹਾ-

ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥
ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥
ਬੰਦੇ ਬੰਦਗੀ ਇਕਤੀਆਰ ॥
ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥ (ਅੰਕ ੩੩੮)

ਬੰਦਾ ਉਹ ਹੈ ਜੇ ਗੁਰੂ ਖ਼ੁਸ਼ ਹੋ ਜਾਏ ਤਾਂ ਵੀ ਉਸ ਦਾ ਤੇ ਜੇ ਗਿਲਾ ਕਰ ਲਵੇ ਤਾਂ ਵੀ ਉਸ ਦਾ। ਕੌਣ ਹੈ ਬੰਦਾ? ਸਾਹਿਬ ਨੇ ਬੰਦੇ ਦੀ ਪਰਿਭਾਸ਼ਾ ਦਿੱਤੀ ਹੈ ਕਿ ਬੰਦਾ ਅਸਲ ਵਿੱਚ ਉਹ ਹੈ, ਜੋ ਗੁਰੂ ਦੇ ਦਰ 'ਤੇ ਬੈਠ ਕੇ ਰੋਜ਼ ਦਿਲ ਨੂੰ ਖੋਜੇ। ਸਾਹਿਬ ਕਹਿਣ ਲੱਗੇ -

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥ (ਅੰਕ ੭੨੪)

ਕਹਿਣ ਲੱਗਾ, ਮਹਾਰਾਜ! ਮੈਂ ਤੇਰਾ ਬੰਦਾ ਹਾਂ। ਹਜ਼ੂਰ ਨੇ ਕਿਹਾ, ਜੇ ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ। ਉਥੇ ਚਰਨ ਫੜੇ। ਭਾਈ ਵੀਰ ਸਿੰਘ ਜੀ ਹਰ ਗੱਲ ਨੂੰ ਪ੍ਰਮਾਰਥ ਨਾਲ ਢੁਕਾਉਂਦੇ ਹਨ। ਉਹ ਕਹਿੰਦੇ ਹਨ, ਜਦੋਂ ਦਾਤਾਰ ਜੀ ਦੇ ਚਰਨਾਂ 'ਤੇ ਬੰਦੇ ਦਾ ਸਿਰ ਝੁਕਿਆ ਤਾਂ ਬਸ ਕਲਗੀ ਵਾਲੇ ਦੇ ਚਰਨਾਂ ਨਾਲ

ਮੱਥਾ ਸਪਰਸ਼ ਕਰਨ ਦੀ ਦੇਰ ਸੀ ਕਿ ਇੰਝ ਲੱਗਾ, ਜਿਵੇਂ ਰੋਮ ਰੋਮ ਵਿੱਚ ਝਰਨਾਹਟ ਛਿੜ ਪਈ ਹੈ। ਇਸ ਦਾ ਅੰਦਰ ਜਾਗਿਆ। ਅੱਗੇ ਰਿੱਧੀਆਂ-ਸਿੱਧੀਆਂ ਵੱਲ ਜਾਂਦਾ ਸੀ, ਹੁਣ ਝੁਕਿਆ ਤਾਂ ਇਕਾਗਰਤਾ ਬਣੀ। ਉਹ ਇਕਾਗਰਤਾ ਆਤਮ ਰਸ ਬਣੀ।

ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਇਹ ਸ਼ਬਦ ਕਿਉਂ ਕਹਿੰਦੇ ਹਾਂ ਕਿ ਗੁਰੂ ਦੇ ਚਰਨਾਂ ਵਿੱਚ ਝੁਕਿਆ ਤੇ ਉਸ ਦੇ ਅੰਦਰ ਬਖ਼ਸ਼ਿਸ਼ ਹੋ ਗਈ। ਆਸਾ ਦੀ ਵਾਰ ਅਸੀਂ ਰੋਜ਼ ਪੜ੍ਹਦੇ ਹਾਂ। ਸਾਹਿਬ ਕਹਿੰਦੇ ਹਨ ਕਿ ਭਾਵੇਂ ਮੱਥਾ ਗੁਰੂ ਦੇ ਚਰਨਾਂ 'ਤੇ ਰੱਖਿਆ ਹੈ ਤੇ ਭਾਵੇਂ ਮੱਥੇ ਉਪਰ ਗੁਰੂ ਦਾ ਹੱਥ ਹੋ ਜਾਏ, ਦੋਨੋਂ ਕਰਮਾਂ ਨਾਲ ਜਗਿਆਸੂ ਦੇ ਅੰਦਰ ਦੇ ਭਰਮ ਕੱਟੇ ਜਾਂਦੇ ਹਨ-

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
(ਅੰਕ ੪੭੨)

ਗੁਰੂ ਰਾਮਦਾਸ ਜੀ ਕਹਿੰਦੇ ਹਨ -

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ
ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ
ਗੁਰਿ ਨਾਮੁ ਦੀਓ ਰਿਨੁ ਲਾਥਾ ॥ (ਅੰਕ ੬੯੬)

ਸਾਹਿਬ ਨੇ ਬੰਦੇ ਨੂੰ ਅੰਮ੍ਰਿਤ ਦੀ ਦਾਤ ਦਿੱਤੀ। ਹਜ਼ੂਰ ਨੇ ਸੀਸ 'ਤੇ ਹੱਥ ਰੱਖਿਆ ਤੇ ਇਕ-ਇਕ ਦ੍ਰਿਸ਼ ਉਸ ਨੂੰ ਦਿਸਿਆ ਹੈ। ਫਿਰ ਕਹਿੰਦੇ ਹਨ ਕਿ ਅੰਮ੍ਰਿਤ ਦੀ ਦਾਤ ਲੈ ਕੇ ਬੰਦਾ ਸਿੰਘ ਬਹਾਦਰ ਬਣਿਆ ਹੈ।

ਹਜ਼ੂਰ ਨੇ ਪੰਜਾਬ ਦੀ ਧਰਤੀ ਵੱਲ ਬੰਦੇ ਨੂੰ ਤੋਰਿਆ। ਬੰਦਾ ਸਿੰਘ ਬਹਾਦਰ ਨੂੰ ਤੁਰਨ ਤੋਂ ਪਹਿਲਾਂ ਪੰਜ ਤੀਰ ਦਿੱਤੇ ਹਨ, ਨਿਸ਼ਾਨ ਦਿੱਤਾ ਹੈ, ਪੰਜ ਸਿੱਖ ਨਾਲ ਦਿੱਤੇ ਹਨ। ਨੰਦੇੜ ਦੀ ਧਰਤੀ ਤੋਂ ਇਕ ਬੈਰਾਗੀ ਰਿੱਧੀਆਂ-ਸਿੱਧੀਆਂ ਨੂੰ ਹਾਸਿਲ ਕਰਨ ਵਾਲਾ ਅੱਜ ਇਕ ਸਿਪਾਹੀ ਬਣ ਕੇ ਤੁਰਿਆ ਹੈ। ਤੁਰਨ ਲੱਗਿਆਂ ਕਹਿਣ ਲੱਗਾ, ਹੇ ਮੇਰੇ ਕਲਗੀ ਵਾਲੇ ਸਤਿਗੁਰੂ! ਇਸ ਚਮਕੌਰ ਦੀ ਗੜ੍ਹੀ ਮੂਹਰੇ ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦੇਵਾਂਗੇ।

ਮਾਛੀਵਾੜੇ ਦੇ ਸੱਥਰ ਵਿੱਚੋਂ
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਕੰਢਿਆਂ ਦਿੱਤਾ ਨਾ ਸੌਣ ਤੈਨੂੰ
ਛਾਂਟ ਦੇਵਾਂਗੇ ਖੰਡੇ ਦੀ ਧਾਰ ਬਣ ਕੇ।

ਬਾਬਾ ਬੰਦਾ ਸਿੰਘ ਬਹਾਦਰ ਉਸ ਧਰਤੀ ਤੋਂ ਚੱਲੇ ਹਨ।

ਗੁਰੂ ਕਲਗੀਧਰ ਜੀ ਨੇ ਉਸੇ ਨੰਦੇੜ ਦੀ ਧਰਤੀ 'ਤੇ ਟਿਕਾਣਾ ਕੀਤਾ ਹੈ। ਅਨੇਕਾਂ ਕੌਤਕ ਕੀਤੇ ਹਨ। ਸਤਿਗੁਰੂ ਨੇ ਇਸੇ ਧਰਤੀ 'ਤੇ ਰਹਿੰਦਿਆਂ ਮਾਤਾ ਸਾਹਿਬ ਕੌਰ ਨੂੰ ਵਾਪਿਸ ਦਿੱਲੀ ਦੀ ਧਰਤੀ 'ਤੇ ਭੇਜਿਆ। ਨਾਲ ਸ਼ਸਤਰ ਦਿੱਤੇ। ਕਹਿਣ ਲੱਗੇ, ਸ਼ਸਤਰ ਸਾਡੀ ਨਿਸ਼ਾਨੀ ਹਨ। ਇਹਨਾਂ ਦਾ ਸਤਿਕਾਰ ਕਰਿਉ, ਸਾਡੇ ਦੀਦਾਰ ਹੋਇਆ ਕਰਨਗੇ। ਮਾਤਾ ਸਾਹਿਬ ਕੌਰ ਜੀ ਵਾਪਿਸ ਆ ਗਏ ਹਨ। ਜਦੋਂ ਸੂਬਾ ਸਰਹੰਦ ਨੂੰ ਪਤਾ ਲੱਗਾ ਕਿ ਬਹਾਦਰ ਸ਼ਾਹ ਨੂੰ ਗੁਰੂ ਕਲਗੀਧਰ ਜੀ ਦੀ ਮੇਹਰ ਨਾਲ ਤਖ਼ਤ ਮਿਲਿਆ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਉਸ ਦੀ ਮਿੱਤਰਤਾ ਪੈਂਦੀ ਪਈ ਹੈ ਤਾਂ ਅੰਦਰੋਂ ਮਨ ਨੂੰ ਖਟਕ ਗਈ ਕਿ ਜੇ ਕਿਤੇ ਆਪਸ ਵਿੱਚ ਮਿਲ ਗਏ ਤਾਂ ਮੇਰੀ ਖ਼ੈਰ ਨਹੀਂ। ਗੁਰੂ ਦੇ ਲਾਲ ਮੈਂ ਕੋਹ ਕੇ ਸ਼ਹੀਦ ਕੀਤੇ ਹਨ। ਕਿੰਨਾ ਚੰਗਾ ਹੋਵੇ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਤਮ ਕੀਤਾ ਜਾਏ।

ਗੁਲ ਖ਼ਾਂ ਤੇ ਜਮਸ਼ੇਦ ਖ਼ਾਂ ਹਜ਼ੂਰ ਦੇ ਕੋਲ ਨੰਦੇੜ ਦੀ ਧਰਤੀ 'ਤੇ ਆਏ ਹਨ। ਵਜ਼ੀਰ ਖ਼ਾਂ ਨੇ ਇਨ੍ਹਾਂ ਨੂੰ ਭੇਜਿਆ ਗੁਰੂ ਕਲਗੀਧਰ ਜੀ ਨੂੰ ਖ਼ਤਮ ਕਰਨ ਲਈ। ਇਕ ਦਿਨ ਸ਼ਾਮ ਨੂੰ ਇਹਨਾਂ ਨੇ ਖ਼ੰਜਰ ਦਾ ਵਾਰ ਕੀਤਾ ਹੈ ਤੇ ਗੁਰੂ ਜੀ ਨੇ ਉਸ ਨੂੰ ਇਕੋ ਵਾਰ ਨਾਲ ਝਟਕਾਇਆ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਕਹਿੰਦੇ ਹਨ ਕਿ ਜਦੋਂ ਹਜ਼ੂਰ ਨੇ ਵਾਰ ਕੀਤਾ ਤਾਂ ਉਸ ਦੀ ਜ਼ੁਬਾਨ ਤੋਂ ਸ਼ਬਦ ਨਿਕਲੇ ਸਨ, ਹਾਏ ਅੰਮਾ ਤੇ ਗੁਰੂ ਕਲਗੀਧਰ ਜੀ ਨੇ ਕਿਹਾ, ਪਠਾਨ ਕੇ ਬੇਟੇ, ਯੇਹ ਅੰਮਾ ਕਹਿਨੇ ਕਾ ਵਕਤ ਨਹੀਂ, ਬੇਟਾ ਅੱਲ੍ਹਾ ਕਹੋ।

ਮੇਰੇ ਸਮਰੱਥ ਗੁਰੂ ਦੇ ਜੇ ਤੀਰ ਚੱਲਦੇ ਹਨ ਤਾਂ ਉਹਨਾਂ ਨਾਲ ਸੋਨਾ ਲੱਗਾ ਹੈ। ਦੁਸ਼ਮਣ ਤੇਰੇ ਉਸ ਵੱਜੇ ਹੋਏ ਤੀਰ ਦੇ ਸੋਨੇ ਵਿੱਚੋਂ ਹੀ ਆਪਣਾ ਇਲਾਜ ਪਿਆ ਕਰਦਾ ਹੈ ਤੇ ਜਿਹੜਾ ਤੈਨੂੰ ਮਾਰਨ ਆਉਂਦਾ ਹੈ, ਉਸ ਦਾ ਵੀ ਦਰਗਾਹ ਵਿੱਚ ਸੰਵਾਰਨ ਲਈ ਕਹਿੰਦਾ ਹੈਂ ਕਿ ਅੰਮਾ ਨਹੀਂ, ਰੱਬ ਨੂੰ ਚੇਤੇ ਕਰ। ਗੁਰੂ ਕਲਗੀਧਰ ਜੀ ਦੇ ਉਥੇ ਜ਼ਖ਼ਮ ਸੀਤੇ ਗਏ ਹਨ। ਜ਼ਖ਼ਮ ਸੀਣ ਤੋਂ ਕੁਝ ਕੁ ਸਮੇਂ ਬਾਅਦ ਉਹ ਹਰੇ ਵੀ ਹੋਏ ਹਨ।

ਸਿੱਖ ਵਿਦਵਾਨ ਲਿਖਦੇ ਹਨ ਕਿ ਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚੋਂ ਸਿੱਖ ਇਥੇ ਰਹਿਮਤਾਂ ਲੈਂਦੇ ਰਹੇ, ਪਰ ਕੁਝ ਦਿਨਾਂ ਤੋਂ ਬਾਅਦ ਇਹ ਟਾਂਕੇ ਟੁੱਟ ਗਏ। ਜਦੋਂ ਅੱਜ ਟਾਂਕੇ ਟੁੱਟੇ ਹਨ ਤਾਂ ਸਿੱਖਾਂ ਨੇ ਫਿਰ ਯਤਨ ਕੀਤਾ ਕਿ ਕਿਸੇ ਤਰੀਕੇ ਨਾਲ ਸੀਤੇ ਜਾਣ। ਸਾਹਿਬ ਨੇ ਕਿਹਾ, ਹੁਣ ਸੀਣ ਦਾ ਯਤਨ ਨਾ ਕਰੋ,

ਉਸ ਅਕਾਲ ਦੇ ਆਏ ਹੋਏ ਹੁਕਮ ਸਾਹਮਣੇ ਸਾਨੂੰ ਆਪਣਾ ਸੀਸ ਝੁਕਾ ਦੇਣਾ ਚਾਹੀਦਾ ਹੈ।

ਜਿਹੜੀ ਸਭ ਤੋਂ ਵੱਡੀ ਕ੍ਰਿਪਾ ਉਸ ਧਰਤੀ 'ਤੇ ਗੁਰੂ ਦੇ ਸਿੱਖੋ! ਹੋਈ ਹੈ, ਉਸ ਨੂੰ ਅੱਜ ਵੀ ਅਸੀਂ ਮਾਣਦੇ ਪਏ ਹਾਂ। ਗੁਰੂ ਕਲਗੀਧਰ ਜੀ ਦੇ ਉਸ ਵੇਲੇ ਪੰਜਾਂ ਪਿਆਰਿਆਂ ਵਿੱਚੋਂ ਦੋ ਪਿਆਰੇ ਨਾਲ ਸਨ। ਆਪ ਨੂੰ ਗਿਆਤ ਹੋਵੇ ਕਿ ਤਿੰਨ ਪਿਆਰਿਆਂ ਨੇ ਗੁਰੂ ਕਲਗੀਧਰ ਜੀ ਦੀ ਨਜ਼ਰ ਦੇ ਸਾਹਮਣੇ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਦਾ ਜਾਮ ਪੀਤਾ ਸੀ। ਪਿਆਰੇ ਭਾਈ ਹਿੰਮਤ ਸਿੰਘ, ਪਿਆਰੇ ਭਾਈ ਮੋਹਕਮ ਸਿੰਘ, ਪਿਆਰੇ ਭਾਈ ਸਾਹਿਬ ਸਿੰਘ। ਇਹਨਾਂ ਨੂੰ ਪਿਆਰੇ ਸ਼ਬਦ ਨਾਲ ਮੁਖ਼ਾਤਿਬ ਕੀਤਾ ਹੈ। ਹਜ਼ੂਰ ਦੇ ਨਾਲ ਨੰਦੇੜ ਦੀ ਧਰਤੀ ਤੱਕ ਦੋ ਪਿਆਰੇ ਗਏ ਹਨ। ਪਿਆਰੇ ਭਾਈ ਦਇਆ ਸਿੰਘ, ਪਿਆਰੇ ਭਾਈ ਧਰਮ ਸਿੰਘ। ਜਾਣ ਤੋਂ ਪਹਿਲਾਂ ਕਿਹਾ ਕਿ ਅਸੀਂ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਜਾਣਾ ਹੈ। ਅੱਜ ਨੰਦੇੜ ਦੀ ਧਰਤੀ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਂਦਾ ਗਿਆ। ਮਹਿਮਾ ਪ੍ਰਕਾਸ਼ ਵਾਰਤਕ ਵਿੱਚ ਲਿਖਿਆ ਹੈ ਕਿ -

ਮੇਰੀ ਜਗ੍ਹਾ ਗ੍ਰੰਥ ਸਾਹਿਬ ਕੋ ਗੁਰੂ ਜਾਣਨਾ।
ਜੋ ਜਾਣੇਗਾ ਤਿਸ ਕੀ ਘਾਲ ਥਾਏਂ ਪਏਗੀ।

ਜਦੋਂ ਅਸੀਂ ਬੰਸਾਵਲੀ ਨਾਮਾ ਪੜ੍ਹਦੇ ਹਾਂ ਤਾਂ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਜਦੋਂ ਸਿੱਖ ਪੁੱਛਦੇ ਹਨ ਕਿ ਦਾਤਾਰ!

ਇਹ ਸਿੱਖ ਸੰਗਤ ਜੋ ਤੇਰੀ ਤਿਸ ਕਾ ਕੌਣ ਹਵਾਲ ?

ਬਚਨ ਕੀਤਾ -

ਗ੍ਰੰਥ ਹੈ ਗੁਰੂ ਲੜ ਪਕੜੋ ਆਕਾਰ।

ਨਾਲ ਹੀ ਬਚਨ ਕੀਤਾ -

ਗੁਰੂ ਖਾਲਸਾ ਖਾਲਸਾ ਗੁਰੂ।

ਸ੍ਰੀ ਸਾਹਿਬ ਕੌਰ ਤੇਰੀ ਮਾਤਾ ਕੀ ਗੋਦ ਪਾਏ ਭਜਨ ਕਰਨਾ ਸ਼ੁਰੂ।

ਕਹਿਣ ਲੱਗੇ -

ਆਪਸ ਵਿੱਚ ਰੱਖਣਾ ਪਿਆਰ ਤੇ ਪੰਥ ਦੇ ਵਾਧੇ ਨੂੰ ਲੋਚਣਾ।

ਇਕ ਕੰਮ ਹੋਰ ਕਰਿਉ -

ਆਗਿਆ ਗ੍ਰੰਥ ਸਾਹਿਬ ਦੀ ਕਰਨੀ ਤੇ ਸ਼ਬਦ ਦੀ ਖੋਜਨਾ ਕਰਨੀ।

ਜਦੋਂ ਇਥੇ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਚਲੇ ਹੋ ਤਾਂ

ਹੁਕਮ ? ਸਤਿਗੁਰੂ ਨੇ ਕਿਹਾ ਹੁਕਮ ਉਸ ਤੋਂ ਪੁੱਛੋ, ਜਿਸ ਦੇ ਸਾਹਮਣੇ ਸੀਸ ਝੁਕਾ ਦਿੱਤਾ ਹੈ। ਜਦੋਂ ਅਰਦਾਸ ਕੀਤੀ ਹੈ ਤਾਂ ਹੁਕਮਨਾਮਾ ਆਇਆ -

ਮਾਰੂ ਮਹਲਾ ੫ ॥
ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥
(ਅੰਕ ੧੦੦੦)

ਸਿੱਖਾਂ ਨੂੰ ਵਿਸ਼ਵਾਸ ਹੋ ਗਿਆ ਕਿ ਗੁਰੂ ਹਾਜ਼ਿਰ ਨਾਜ਼ਿਰ ਹੈ। ਸਤਿਗੁਰੂ ਨੇ ਪ੍ਰਭ-ਪੁਰ ਪਿਆਨਾ ਕੀਤਾ। ਸਿੱਖਾਂ ਨੇ ਜੋ ਮਰਿਆਦਾ ਸੀ, ਉਸ ਨੂੰ ਨਿਭਾਇਆ। ਦਾਤਾਰ ਤੋਂ ਬਾਅਦ ਇਥੇ ਇਕ ਜਗ੍ਹਾ ਕਾਇਮ ਕੀਤੀ ਗਈ। ਪਿਆਰੇ ਭਾਈ ਦਇਆ ਸਿੰਘ ਨੇ ਇਥੇ ਸੇਵਾ ਕੀਤੀ, ਪਿਆਰੇ ਭਾਈ ਧਰਮ ਸਿੰਘ ਇਥੇ ਸੇਵਾ ਕਰਦੇ ਰਹੇ।

ਸਮਾਂ ਆਇਆ ਮੁਗ਼ਲਾਂ ਦਾ। ਚਾਰ ਚੁਫ਼ੇਰੇ ਦੌਰ ਚੱਲਿਆ ਹਕੂਮਤ ਦਾ। ਸਮੇਂ ਨੇ ਕਰਵਟ ਲਈ, ਉਦਾਸੀ ਤੇ ਨਿਰਮਲਿਆਂ ਨੇ ਇਥੋਂ ਦਾ ਕੁਝ ਸਮਾਂ ਪ੍ਰਬੰਧ ਕੀਤਾ। ਜਦੋਂ 1829 ਤੇ 30 ਦਾ ਸਮਾਂ ਆਇਆ ਤਾਂ ਸ਼ੇਰੇ ਪੰਜਾਬ ਸੀ ਲਾਹੌਰ ਦੇ ਤਖ਼ਤ 'ਤੇ ਪੰਜਾਬ ਦਾ ਹਾਕਮ। ਉਧਰ ਹੈਦਰਾਬਾਦ ਦੇ ਨਵਾਬ ਦੇ ਆਪਣੇ ਘਰ ਬਗ਼ਾਵਤ ਪੈਦਾ ਹੋਈ। ਉਸ ਨੇ ਸ਼ੇਰੇ ਪੰਜਾਬ ਤੋਂ ਸਿੱਖ ਸਿਪਾਹੀ ਮੰਗੇ। ਜਦੋਂ ਸਿੱਖ ਫ਼ੌਜ ਹੈਦਰਾਬਾਦ ਗਈ ਤਾਂ ਸ਼ੇਰੇ ਪੰਜਾਬ ਨੇ ਤੁਰਦਿਆਂ ਕਿਹਾ ਕਿ ਜਿਹੜਾ ਉਸ ਥਾਂ ਦੀ ਸੇਵਾ ਕਰੇਗਾ, ਉਸ ਦੇ ਪਰਿਵਾਰ ਨੂੰ ਸਰਕਾਰ ਵਲੋਂ ਇਨਾਮ ਦਿੱਤਾ ਜਾਏਗਾ।

ਸਮਾਂ ਆਇਆ, ਇਥੇ ਉਦਾਸੀ ਆਪਣੇ ਸਨਾਤਨ ਮੱਤ ਦਾ ਪ੍ਰਚਾਰ ਕਰਦੇ ਰਹੇ। 1956 ਤੱਕ ਇਹ ਤਖ਼ਤ ਸਰਕਾਰ ਦੇ ਅਧੀਨ ਚੱਲਦਾ ਸੀ। ਜਦੋਂ ਗੁਰੂ ਦੇ ਸਿੱਖਾਂ ਨੂੰ ਜਾਗ੍ਰਿਤੀ ਆਈ ਤਾਂ ਉਹਨਾਂ ਕਿਹਾ ਕਿ ਤਖ਼ਤ ਦਾ ਪ੍ਰਬੰਧ ਸਿੱਖਾਂ ਨੂੰ ਦਿੱਤਾ ਜਾਏ। ਪੰਜਾਂ ਤਖ਼ਤਾਂ ਵਿੱਚੋਂ ਇਹ ਸਾਡਾ ਪੰਜਵਾਂ ਤਖ਼ਤ ਹੈ। ਏਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਗਿਆਨ, ਧਿਆਨ ਤੇ ਸਿਮਰਨ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੇ ਸਤਿਕਾਰਯੋਗ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਅੰਦਰ ਸਿੱਖ, ਗੁਰਸਿੱਖ ਅਤੇ ਸਿੱਖੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਆਮ ਤੌਰ 'ਤੇ ਜਦੋਂ ਅਸੀਂ ਆਪਣੇ ਪੰਥ ਦੀ ਗੱਲ ਕਰਦੇ ਹਾਂ ਤਾਂ ਸਾਡੀ ਜ਼ੁਬਾਨ 'ਤੇ ਇਹ ਸ਼ਬਦ ਬਾਰ ਬਾਰ ਆਉਂਦੇ ਹਨ–ਗੁਰਸਿੱਖ, ਸਿੱਖ ਅਤੇ ਸਿੱਖੀ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਵਿੱਚੋਂ ਅਸੀਂ ਇਹ ਵਿਚਾਰ ਕਰੀਏ ਕਿ ਜਿਨ੍ਹਾਂ ਨੇ ਸਿੱਖੀ ਨਿਭਾਹੀ, ਉਹ ਕਿਹੜੀ ਸਿੱਖੀ ਸੀ, ਜਿਸ ਨੂੰ ਉਹ ਨਿਭਾ ਗਏ।

ਸਿੱਖ ਨੇ ਗੁਰੂ ਦੀ ਦਿੱਤੀ ਹੋਈ ਸਿੱਖਿਆ ਨੂੰ ਕਮਾਇਆ ਤੇ ਜਿਸਨੇ ਆਪਣੀ ਜ਼ਿੰਦਗੀ ਵਿੱਚ ਸਿੱਖਿਆ ਨੂੰ ਕਮਾ ਲਿਆ ਤਾਂ ਉਸ ਲਈ ਅਸੀਂ ਸ਼ਬਦ ਵਰਤਦੇ ਹਾਂ ਕਿ ਇਸ ਬੰਦੇ ਨੇ ਸਿੱਖੀ ਨੂੰ ਕਮਾ ਲਿਆ। ਜੇਕਰ ਕੋਈ ਪੁੱਛੇ ਕਿ ਸਿੱਖ ਦੀ ਪਰਿਭਾਸ਼ਾ ਕੀ ਹੈ ? ਤਾਂ ਇਕੋ ਤੁਕ ਵਿੱਚ ਉੱਤਰ ਮਿਲ ਜਾਂਦਾ ਹੈ -

ਸੋ ਸਿਖੁ ਸਖਾ ਬੰਧਪੁ ਹੈ ਭਾਈ

ਫੁਰਮਾਉਂਦੇ ਹਨ, ਅਸਲ ਵਿੱਚ ਉਹ ਸਿੱਖ ਹੈ, ਉਹ ਹੀ ਮੇਰਾ ਭਰਾ ਹੈ। ਕੌਣ ?

ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਅੰਕ ੬੦੧)

ਉਹ ਸਿੱਖ ਹੈ, ਉਹ ਮੇਰਾ ਭਰਾ ਹੈ, ਜਿਹੜਾ ਗੁਰੂ ਦੇ ਭਾਣੇ ਵਿੱਚ ਆ ਜਾਂਦਾ ਹੈ। ਸਤਿਗੁਰ ਨੇ ਬਾਣੀ ਵਿੱਚ ਜਪਣ ਵਾਲਿਆਂ ਦੇ ਅਨੇਕਾਂ ਨਾਮ ਲਏ ਹਨ ।

ਹਿੰਦੁਸਤਾਨ ਦੇ ਅਧਿਆਤਮਕ ਖੇਤਰ ਵਿੱਚ ਵਿਚਰਨ ਵਾਲੇ ਜਿਹੜੇ ਮਨੁੱਖ ਹਨ, ਉਹਨਾਂ ਨੂੰ ਵੱਖ-ਵੱਖ ਨਾਵਾਂ ਦੇ ਨਾਲ ਸੰਬੋਧਨ ਕੀਤਾ ਜਾਂਦਾ ਹੈ। ਜੇ ਭਗਤੀ ਕਰ ਰਿਹਾ ਹੈ ਤਾਂ ਅਸੀਂ ਸ਼ਬਦ ਵਰਤਦੇ ਹਾਂ ਕਿ ਇਹ ਭਗਤ ਬਣ

ਗਿਆ, ਜਿਸ ਨੇ ਆਪਣੀ ਜ਼ਿੰਦਗੀ ਅੰਦਰ ਸੱਚ ਨੂੰ ਕਮਾ ਲਿਆ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਬੰਦਾ ਸੰਤ ਹੈ। ਜਿਸ ਬੰਦੇ ਨੇ ਆਪਣੇ ਮੁਖ ਵਿੱਚ ਗੁਰੂ ਨੂੰ ਟਿਕਾਅ ਦਿੱਤਾ ਹੈ ਤੇ ਆਪਣੇ ਮਨ ਨੂੰ ਜਿੱਤ ਲਿਆ ਹੈ ਤਾਂ ਅਸੀਂ ਸ਼ਬਦ ਵਰਤਦੇ ਹਾਂ ਕਿ ਇਹ ਗੁਰਮੁਖ ਹੈ। ਜਿਸ ਨੇ ਆਪਣੇ ਜੀਵਨ ਨੂੰ ਸਾਧਿਆ ਹੈ ਅਤੇ ਉਸ ਨੂੰ ਦੇਖਦੇ ਹਾਂ ਤਾਂ ਸ਼ਬਦ ਵਰਤਦੇ ਹਾਂ ਕਿ ਇਹ ਗੁਰਮੁਖ ਹੈ। ਜਿਸ ਨੇ ਆਪਣੇ ਜੀਵਨ ਨੂੰ ਸਾਧਿਆ ਹੈ ਅਤੇ ਉਸ ਨੂੰ ਦੇਖਦੇ ਹਾਂ ਤਾਂ ਸ਼ਬਦ ਵਰਤਦੇ ਹਾਂ ਕਿ ਇਹ ਸਾਧ ਹੈ। ਭਗਤ ਕੌਣ ਹੈ ? ਸੰਤ ਕੌਣ ਹੈ ? ਮਹਾਂਪੁਰਸ਼ ਕੌਣ ਹੈ ਜਾਂ ਸਾਧ ਕੌਣ ਹੈ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੀ ਪਰਿਭਾਸ਼ਾ ਕੀ ਹੈ ? ਭਾਈ ਗੁਰਦਾਸ ਨੇ ਉਹਨਾਂ ਦੀ ਪਰਿਭਾਸ਼ਾ ਦਿੱਤੀ ਹੈ ਕਿ ਸਿੱਖ ਕੌਣ ਹੈ, ਕਿਹੜੀ ਸਿੱਖੀ ਉਸਨੇ ਕਮਾਈ ਹੈ, ਜਿਸ ਦਾ ਧਿਆਨ ਅਸੀਂ ਧਰਦੇ ਪਏ ਹਾਂ ਅਰਦਾਸ ਵਿੱਚ।

ਸਤਿਗੁਰੂ ਨੇ ਜਦੋਂ ਭਗਤ ਦੀ ਪਰਿਭਾਸ਼ਾ ਦਿੱਤੀ ਤਾਂ ਭਗਤ ਦੇ ਤਿੰਨ ਮਹਾਨ ਗੁਣ ਬਿਆਨ ਕੀਤੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਤਿੰਨ ਗੁਣਾਂ ਤੋਂ ਅੱਗੇ ਉਸ ਦਾ ਕੋਈ ਗੁਣ ਨਹੀਂ, ਪਰ ਤਿੰਨ ਗੁਣ ਉਨ੍ਹਾਂ ਨੇ ਬਹੁਤ ਹੀ ਉੱਚੇ ਦੱਸੇ ਹਨ। ਕਹਿਣ ਲੱਗੇ ਕਿ ਭਗਤ ਦਾ ਸਭ ਤੋਂ ਪਹਿਲਾ ਗੁਣ ਇਹ ਹੈ ਕਿ ਉਹ ਅਕਲ ਦਾ ਕਿਲ੍ਹਾ ਹੈ। ਉਸ ਦੇ ਕੋਲ ਮਤ ਬੜੀ ਹੈ, ਪਰ ਭਗਤ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਇੰਨੀ ਮਤ ਹੋਣ ਦੇ ਬਾਵਜੂਦ ਹੰਕਾਰ ਨਹੀਂ। ਉਹ ਜਿਥੇ ਵੀ ਜਾਂਦਾ ਹੈ, ਨਿਮਰਤਾ ਵਿੱਚ ਹੱਥ ਜੋੜ ਕੇ ਇਆਣਾ ਬਣ ਕੇ ਰਹਿੰਦਾ ਹੈ। ਉਹ ਆਪਣੇ ਗਿਆਨ ਦਾ ਕਦੀ ਵੀ ਦਾਅਵਾ ਨਹੀਂ ਕਰਦਾ।

ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥

ਤਾਕਤ ਵੀ ਬੜੀ ਹੈ, ਪਰ ਕਦੀ ਉਸ ਦਾ ਪ੍ਰਗਟਾਵਾ ਨਹੀਂ ਕਰਦਾ।

ਅਣਹੋਦੇ ਆਪੁ ਵੰਡਾਏ ॥

ਤਿਲ ਵੀ ਮਿਲ ਜਾਏ ਤਾਂ ਸਾਹਿਬ ਕਹਿੰਦੇ ਹਨ ਕਿ ਵੰਡਣ ਦੀ ਅਕਲ ਹੋਵੇ ਤਾਂ ਤਿਲ ਵੀ ਵੰਡਿਆ ਜਾ ਸਕਦਾ ਹੈ।

ਕੋ ਐਸਾ ਭਗਤੁ ਸਦਾਏ ॥ (ਅੰਕ ੧੩੮੪)

ਕੋਈ ਕਰੋੜਾਂ ਵਿੱਚੋਂ ਜਿਸ ਦੇ ਵਿੱਚ ਇਹ ਗੁਣ ਹੈ, ਉਸ ਨੂੰ ਭਗਤ ਕਿਹਾ ਜਾਂਦਾ ਹੈ। ਮਹਾਰਾਜ! ਸੰਤ ਕੌਣ ਹੈ ? ਧੰਨ ਗੁਰੂ ਗ੍ਰੰਥ ਸਾਹਿਬ ਕਹਿਣ ਲੱਗੇ-

ਮਨ ਮੇਰੇ ਰਾਮ ਰਉ ਨਿਤ ਨੀਤਿ ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨ ਕੀ ਰੀਤਿ ॥ (ਅੰਕ ੧੦੧੭)

ਕਹਿਣ ਲੱਗੇ, ਤੈਨੂੰ ਮੈਂ ਸੰਤ ਦੀ ਰੀਤ ਦੱਸਾਂ। ਸਾਹਿਬ ਨੇ ਪਹਿਲੀ ਤੁਕ ਕਹੀ-

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ (ਅੰਕ ੧੦੧੭)

ਕਹਿਣ ਲੱਗੇ ਕਿ ਜਿਹੜਾ ਤੇਰੇ ਘਰ ਰੁੱਖ ਹੈ, ਬਸ ਇਸ ਦੇ ਵਰਗਾ ਹੀ ਸੰਤ ਹੈ। ਆਪ ਉਸ ਨੇ ਸਰਦੀ ਗਰਮੀ ਸਭ ਕੁੱਝ ਝਲਿਆ ਹੈ। ਦੂਜੀ ਗੱਲ ਚੇਤੇ ਰੱਖੀਂ, ਤੂੰ ਆਰੇ ਨਾਲ ਚੀਰਦਾ ਹੈਂ ਤੇ ਸਾਹਿਬ ਕਹਿੰਦੇ ਹਨ-

ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥
ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥ (ਅੰਕ ੧੦੧੮)

ਜਦੋਂ ਤੇਰਾ ਤਨ ਕਿਸੇ ਦਰਿਆ ਵਿੱਚ ਡੁੱਬਣ ਲੱਗੇ ਤੇ ਜਿਸ ਰੁੱਖ ਨੂੰ ਕੁਹਾੜੇ ਨਾਲ ਕੱਟ ਕੇ ਕਿਸ਼ਤੀ ਬਣੀ ਹੈ, ਉਸੇ ਲੱਕੜ ਨੇ ਸਹਾਰਾ ਦੇ ਕੇ ਡੁੱਬਦੇ ਬੰਦੇ ਨੂੰ ਪਾਣੀ ਤੋਂ ਪਾਰ ਕਰ ਦੇਣਾ ਹੈ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੀਏ ਤਾਂ ਹਜ਼ੂਰ ਨੇ ਫਿਰ ਇਹਨਾਂ ਚਾਰਾਂ ਦਾ ਜ਼ਿਕਰ ਕੀਤਾ ਹੈ—ਭਗਤ ਦਾ, ਸੰਤ ਦਾ, ਸਾਧ ਦਾ ਤੇ ਚੌਥਾ ਗੁਰਮੁਖ। ਸ਼ਬਦ ਪੜ੍ਹੇ ਹਾਂ-

ਧਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰ ਸਿਖ ਲੈ ਮਨੁ ਜਿਣਤਿਆ ॥
ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥

(ਅੰਕ ੬੪੯)

ਪਰ ਦਾਤਿਆ! ਮੇਰੇ ਕੋਲ ਗਿਆਨ ਨਹੀਂ, ਮੇਰੇ ਕੋਲ ਕੀਰਤਨ ਨਹੀਂ, ਮੇਰੇ ਕੋਲ ਕੋਈ ਕਮਾਈ ਨਹੀਂ, ਬੱਸ ਮੈਂ ਸਤਿਗੁਰੂ! ਤੇਰੇ ਚਰਨਾਂ ਵਿੱਚ ਡਿੱਗਾ ਹਾਂ। ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ ਸਹਾਰਾ ਨਹੀਂ।

ਭਾਈ ਗੁਰਦਾਸ ਆਗਰੇ ਤੋਂ ਆਏ ਹਨ। ਭਾਈ ਗੁਰਦਾਸ ਨੇ ਬਿਆਸ ਦਰਿਆ ਪਾਰ ਕੀਤਾ ਤੇ ਜਦੋਂ ਗੋਇੰਦਵਾਲ ਪਹੁੰਚੇ ਤਾਂ ਧੰਨ ਗੁਰੂ ਰਾਮਦਾਸ ਜੀ ਉਸ ਵੇਲੇ ਪ੍ਰਭਪੁਰ ਪਿਆਨਾ ਕਰ ਚੁੱਕੇ ਸਨ। ਜਦੋਂ ਗੋਇੰਦਵਾਲ ਆਏ ਤਾਂ ਗਲੀਆਂ ਵਿੱਚ ਨਿੱਕੇ ਨਿੱਕੇ ਨਿਆਣੇ ਗੋਲੀਆਂ ਪਏ ਖੇਡਣ। ਭਾਈ ਗੁਰਦਾਸ

ਜੀ ਲੰਘਦੇ-ਲੰਘਦੇ ਰੁਕ ਗਏ। ਰੁਕ ਕੇ ਬੱਚਿਆਂ ਦੀਆਂ ਗੱਲਾਂ ਸੁਣਨ ਲੱਗੇ। ਗੋਲੀਆਂ ਖੇਡਦੇ ਹੋਏ ਬੱਚਿਆਂ ਵਿੱਚ ਜਦੋਂ ਕਿਸੇ ਦਾ ਅਚਨਚੇਤ ਕੋਈ ਨਿਸ਼ਾਨਾ ਲੱਗਦਾ ਤਾਂ ਉਹਦੇ ਮੂੰਹੋਂ ਇਕ ਹੀ ਸ਼ਬਦ ਨਿਕਲਦਾ ਸੀ ਕਿ ਇਹ ਹਮਾਰਾ ਗੁਰੂ ਕੇ ਨਾਮ ਕਾ। ਭਾਈ ਗੁਰਦਾਸ ਰੁੱਕ ਕੇ ਕਹਿਣ ਲੱਗੇ, ਦਾਤਾ! ਧੰਨ ਸਿੱਖੀ ਹੈ। ਜਿਨ੍ਹਾਂ ਬੱਚਿਆਂ ਦੀ ਖੇਡ ਵਿੱਚ ਸਿੱਖੀ ਆ ਗਈ, ਮਾਂ ਪਿਉ ਕਿੰਨੇ ਕੁ ਰੰਗੇ ਹੋਣਗੇ। ਭਾਈ ਗੁਰਦਾਸ ਜੀ ਨੇ ਤਿੰਨ ਬਚਨ ਕਹੇ। ਕਹਿਣ ਲੱਗੇ, ਜਿਹੜੇ ਸਿੱਖ ਸ਼ਹੀਦ ਹੋਏ, ਉਹਨਾਂ ਨੂੰ ਪਹਿਲਾਂ ਤਿੰਨ ਦਾਤਾਂ ਮਿਲਿਆਂ ਹਨ। ਪਹਿਲੀ ਗੱਲ, ਉਹਨਾਂ ਕੋਲ ਗਿਆਨ ਸੀ। ਦੂਜੀ ਗੱਲ, ਉਹਨਾਂ ਕੋਲ ਗੁਰੂ ਦਾ ਦਿੱਤਾ ਧਿਆਨ ਸੀ। ਤੀਜੀ ਗੱਲ, ਉਹਨਾਂ ਕੋਲ ਗੁਰੂ ਦਾ ਬਖਸ਼ਿਆ ਹੋਇਆ ਸਿਮਰਨ ਸੀ। ਭਾਈ ਗੁਰਦਾਸ ਕਹਿੰਦੇ ਹਨ ਕਿ ਪਹਿਲੀ ਗੱਲ, ਉਹਨਾਂ ਸਿੱਖਾਂ ਕੋਲ ਗਿਆਨ ਸੀ ਕੋਇਲ ਵਰਗਾ। ਉਹਨਾਂ ਕੋਲ ਧਿਆਨ ਸੀ ਕੱਛੂ ਕੁੰਮੇ ਵਰਗਾ ਤੇ ਉਹਨਾਂ ਕੋਲ ਸਿਮਰਨ ਸੀ ਕੂੰਜ ਵਰਗਾ। ਤਿੰਨਾਂ ਚੀਜ਼ਾਂ ਨੂੰ ਉਹਨਾਂ ਨੇ ਕਮਾਇਆ ਤਾਂ ਹੀ ਉਹਨਾਂ ਦੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭ ਗਈ। ਉਨ੍ਹਾਂ ਕੋਲ ਤਿੰਨ ਦਾਤਾਂ ਸਨ ਗੁਰੂ ਦੀਆਂ। ਮਹਾਰਾਜ! ਉਹ ਤਿੰਨ ਦਾਤਾਂ ਕੀ ਸਨ ? ਉਹ ਕਹਿਣ ਲੱਗੇ, ਕੱਛੂਕੁਮੀ ਅੰਡੇ ਦਿੰਦੀ ਹੈ ਰੇਤ ਵਿੱਚ। ਪਰਤ ਕੇ ਅੰਡਿਆਂ ਕੋਲ ਆਉਂਦੀ ਨਹੀਂ। ਅੰਡੇ ਰੇਤ ਥੱਲੇ ਦਬ ਕੇ ਆਪ ਪਾਣੀ ਵਿੱਚ ਚਲੀ ਜਾਂਦੀ ਹੈ। ਪਾਣੀ ਵਿੱਚ ਜਾ ਕੇ ਉਸਨੇ ਆਪਣੇ ਅੰਡਿਆਂ ਦਾ ਧਿਆਨ ਇੰਨੀ ਇਕਾਗਰਤਾ ਨਾਲ ਧਰਿਆ ਕਿ ਉਸ ਦੇ ਧਿਆਨ ਨਾਲ ਹੀ ਉਹਨਾਂ ਅੰਡਿਆਂ ਵਿੱਚ ਕੱਛੂਕੁੰਮੀ ਦੇ ਬੱਚੇ ਪਲਦੇ ਰਹੇ। ਪਰਤ ਕੇ ਉਸ ਨੇ ਧਿਆਨ ਨਾਲ ਅੰਡੇ ਨੂੰ ਤੋੜਿਆ। ਜਦੋਂ ਕੱਛੂਕੁਮੀ ਦਾ ਬੱਚਾ ਬਾਹਰ ਨਿਕਲਦਾ ਹੈ ਤਾਂ ਪਹਿਲਾ ਕੰਮ ਉਹ ਇਹ ਕਰਦਾ ਹੈ ਕਿ ਉਸ ਪਾਣੀ ਵੱਲ ਜਾਂਦਾ ਹੈ, ਜਿਥੇ ਮਾਂ ਧਿਆਨ ਟਿਕਾਅ ਕੇ ਬੈਠੀ ਹੈ।

ਸਤਿਗੁਰੂ ਨੇ ਰਹਿਮਤ ਕਰਕੇ ਪਹਿਲੀ ਚੀਜ਼ ਦਿੱਤੀ ਹੈ ਧਿਆਨ ਦੀ। ਇਕਾਗਰਤਾ ਤੋਂ ਬਿਨਾਂ ਸਿੱਖੀ ਨਹੀਂ ਕਮਾਈ ਜਾਂਦੀ। ਸੱਜਣਾ! ਬੈਠਾ ਤੂੰ ਕਿਤੇ ਵੀ ਹੋਵੇਂ, ਤੇਰੇ ਤਨ ਦੇ ਟੁਕੜੇ ਟੁਕੜੇ ਹੋਣ, ਪਰ ਜੇ ਸ਼ਬਦ ਨਾਲ ਧਿਆਨ ਟਿਕਾਈ ਬੈਠਾ ਹੈਂ ਤਾਂ ਦਾਤਾ ਮੇਹਰ ਕਰੇਗਾ ਤੇ ਧਿਆਨ ਕਰਕੇ ਤੂੰ ਕਦੀ ਦੂਰ ਨਹੀਂ ਜਾ ਸਕਦਾ। ਫਿਰ ਮਹਾਰਾਜ, ਗਿਆਨ! ਕਹਿਣ ਲੱਗੇ ਜਿਨ੍ਹਾਂ ਸਿੱਖੀ ਨਿਭਾਹੀ, ਉਹ ਇਹ ਨਹੀਂ ਕਿ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਚਲੇ ਗਏ। ਸਿੱਖੀ ਕਮਾਉਣ ਵਾਲਿਆਂ ਕੋਲ ਗਿਆਨ ਕੋਇਲ ਵਰਗਾ ਹੈ। ਕੋਇਲ ਦੇ ਅੰਡੇ ਹਮੇਸ਼ਾ ਕਾਂਉਣੀ ਦੇ ਆਲ੍ਹਣੇ ਵਿੱਚ ਪਲਦੇ ਹਨ। ਕੋਇਲ ਦੇ ਬੱਚਿਆਂ ਦਾ ਜਨਮ ਹੋਇਆ ਤੇ ਭਾਈ ਗੁਰਦਾਸ ਕਹਿੰਦੇ ਹਨ ਕਿ ਉਹ ਇੰਨੇ ਚੁੱਪ ਕਰਕੇ ਤੁਰੇ

ਫਿਰਦੇ ਹਨ ਤੇ ਬੋਲਦੇ ਹੀ ਕੁਝ ਨਹੀਂ। ਜਿਧਰ ਕਾਂਉਣੀ ਜਾਂਦੀ ਹੈ, ਪਿੱਛੇ-ਪਿੱਛੇ ਤੁਰੇ ਫਿਰਦੇ ਹਨ। ਕੋਇਲ ਨੇ ਮਾਰੀ ਉੱਚੀ ਸਾਰੀ ਕੂਕ ਤੇ ਪਹਿਲੀ ਕੂਕ ਬੱਚਿਆਂ ਦੇ ਕੰਨ ਵਿੱਚ ਪਈ ਤਾਂ ਉਹ ਕਾਂਉਣੀ ਨੂੰ ਛੱਡ ਕੇ ਆਪਣੀ ਮਾਂ ਦੇ ਪਿੱਛੇ ਚਲੇ ਗਏ। ਸਿੱਖ ਨੂੰ ਜੋ ਗਿਆਨ ਦਿੱਤਾ, ਉਹ ਕੋਇਲ ਵਰਗਾ ਹੈ। ਕਹਿਣ ਲੱਗੇ, ਗੁਰਮੁਖੋ! ਚਾਰ ਚੁਫੇਰੇ ਕਾਵਾਂ-ਰੌਲੀ ਪੈਂਦੀ ਹੋਵੇ, ਪਰ ਜਿਸ ਨੇ ਸਿੱਖੀ ਕਮਾਉਣੀ ਹੋਵੇ, ਉਹ ਫਿਰ ਕਲੱਬਾਂ ਵਿੱਚ ਨਹੀਂ ਜਾਂਦਾ, ਉਹ ਗਾਉਣ ਵਾਲੀਆਂ ਨਾਈਟ ਕਲੱਬਾਂ ਅਟੈਂਡ ਨਹੀਂ ਕਰਦਾ। ਕਾਵਾਂ-ਰੌਲੀ ਬੜੀ ਪੈਂਦੀ ਹੈ, ਪਰ ਜਦੋਂ ਕਿਤੇ ਰਾਤ ਨੂੰ ਸ਼ਬਦ ਦੀ ਆਵਾਜ਼ ਕੰਨਾਂ ਵਿੱਚ ਪੈਂਦੀ ਹੈ ਤਾਂ ਕੋਇਲ ਦੇ ਬੱਚੇ ਦੀ ਤਰ੍ਹਾਂ ਆਵਾਜ਼ ਸੁਣ ਕੇ ਗੁਰੂ ਕੋਲ ਆ ਜਾਂਦਾ ਹੈ। ਤੀਸਰੀ ਕ੍ਰਿਪਾ ਕੀਤੀ, ਸਿਮਰਨ ਦੀ ਦਾਤ ਦਿੱਤੀ। ਸਿਮਰਨ ਦਿੱਤਾ ਸਿੱਖਾਂ ਨੂੰ ਕੂੰਜ ਵਰਗਾ। ਕੂੰਜ ਸੈਂਕੜੇ ਕੋਹ ਦੂਰ ਬੱਚੇ ਨੂੰ ਛੱਡ ਕੇ ਆਉਂਦੀ ਹੈ। ਜਿਹੜਾ ਬੱਚਾ ਕੂੰਜ ਦੀ ਯਾਦ ਵਿੱਚ ਰਹਿੰਦਾ ਹੈ, ਉਹ ਨਾ ਮਰਦਾ ਹੈ, ਨਾ ਭੁੱਖਾ ਰਹਿੰਦਾ ਹੈ। ਜਿਹੜਾ ਬੱਚਾ ਕੂੰਜ ਦੀ ਯਾਦ ਵਿੱਚੋਂ ਵਿਸਰ ਜਾਏ, ਉਸ ਦੀ ਮੌਤ ਹੋ ਜਾਂਦੀ ਹੈ। ਕਹਿਣ ਲੱਗੇ ਕਿ ਸਿੱਖ ਹਮੇਸ਼ਾ ਆਪਣੇ ਗੁਰੂ ਦੀ ਯਾਦ ਵਿੱਚ ਰਹਿੰਦਾ ਹੈ ਤੇ ਜਿਸ ਦਿਨ ਉਸ ਨੂੰ ਗੁਰੂ ਦੀ ਯਾਦ ਭੁੱਲ ਜਾਏ, ਉਸ ਦਿਨ ਉਸ ਦੀ ਮੌਤ ਹੋ ਜਾਂਦੀ ਹੈ। ਫਰਮਾਉਂਦੇ ਹਨ -

ਕੱਛੂ ਅੰਡਾ ਧਿਆਨੁ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ॥
ਕੂੰਜ ਰਿਦੇ ਸਿਮਰਣੁ ਕਰੈ ਲੈ ਬੱਚਾ ਉਡਦੀ ਅਸਮਾਣੈ॥
ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬਿ ਸਿਞਾਣੈ॥....
ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰੁ ਸਿਖੁ ਰਖੈ ਨਿਰਬਾਣੈ॥

(ਵਾਰ ੧੧, ਪਉੜੀ ੯)

ਅੱਗੇ ਭਾਈ ਸਾਹਿਬ ਨੂੰ ਪੁੱਛੀਏ ਕਿ ਭਾਈ ਸਾਹਿਬ ਜੀ ! ਤੁਸੀਂ ਸਿੱਖਾਂ ਦੀ ਰਹਿਤ ਲਿਖਣ ਵਾਲੇ ਪਹਿਲੇ ਲਿਖਾਰੀ ਹੋ! ਭਾਈ ਸਾਹਿਬ ਫਿਰ ਆਪਣੀ ਵਾਰ ਸ਼ੁਰੂ ਕਰਦੇ ਹਨ। ਕਹਿੰਦੇ ਹਨ -

ਬਲਿਹਾਰੀ ਤਿਨ੍ਹਾਂ ਗੁਰਸਿਖਾਂ ਜਾਇ ਜਿਨਾ ਗੁਰ ਦਰਸ਼ਨੁ ਡਿਠਾ॥
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਪੈਰੀ ਪੈ ਗੁਰ ਸਭਾ ਬਹਿਠਾ॥
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ॥
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਪੁਤ੍ਰ ਮਿਤ੍ਰ ਗੁਰ ਭਾਈ ਇਠਾ॥
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਗੁਰ ਸੇਵਾ ਜਾਣਨਿ ਅਭਰਿਠਾ॥
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਆਪ ਤਰੇ ਤਾਰੇਨਿ ਸਰਿਠਾ॥

ਜਿਨ੍ਹਾਂ ਸਿੱਖਾਂ ਨੇ ਸਿੱਖੀ ਕਮਾਈ-

ਗੁਰਸਿਖ ਮਿਲਿਆ ਪਾਪ ਪਣਿਠਾ ॥ (ਵਾਰ ੧੨, ਪਉੜੀ ੧)

ਉਹ ਸਿੱਖ ਹੀ ਕਾਹਦਾ ਜਿਸ ਨੂੰ ਮਿਲ ਕੇ ਦੁਰਮਤ ਦਾ ਨਾਸ਼ ਨਾ ਹੋਵੇ। ਭਾਈ ਗੁਰਦਾਸ ਨੇ ਜਦੋਂ ਅੰਗਾਂ ਦੀ ਗਿਣਤੀ ਕੀਤੀ, ਹੱਥ ਗਿਣੇ, ਦੰਦ ਗਿਣੇ, ਨੱਕ ਗਿਣਿਆ, ਕੰਨ ਗਿਣੇ, ਪੈਰ ਗਿਣੇ ਤੇ ਅਖ਼ੀਰ ਵਿੱਚ ਕਹਿੰਦੇ ਹਨ ਕਿ ਵਾਲ ਵੀ ਇਕ ਅੰਗ ਹਨ। ਭਾਈ ਗੁਰਦਾਸ ਕਹਿਣ ਲੱਗੇ-

ਰਕਤੁ ਬਿੰਦੁ ਕਰਿ ਨਿੰਮਿਆ ਚਿਤ੍ਰ ਚਲਿਤ੍ਰ ਬਚਿਤ੍ਰ ਬਣਾਇਆ ॥
ਗਰਭ ਕੁੰਡ ਵਿਚਿ ਰਖਿਆ ਜੀਉ ਪਾਇ ਤਨੁ ਸਾਜਿ ਸੁਹਾਇਆ ॥
ਮੁਹੁ ਅਖੀ ਤੇ ਨਕੁ ਕੰਨ ਹਥ ਪੈਰ ਦੰਦ ਵਾਲ ਗਣਾਇਆ ॥

(ਵਾਰ ੧੫, ਪਉੜੀ ੧੮)

ਅਸੀਂ ਇਕ ਸ਼ਬਦ ਵਰਤਦੇ ਹਾਂ ਕਿ ਕੇਸ ਰੱਖੇ। ਅਸਲ ਵਿੱਚ ਕੇਸ ਰੱਖੇ ਨਹੀਂ ਜਾਂਦੇ, ਕੇਸ ਕੱਟਣ ਨਾਲ ਬੇਅਦਬੀ ਹੁੰਦੀ ਹੈ। ਪੱਗ ਸਿਰ 'ਤੇ ਰੱਖਦੇ ਹਾਂ। ਐਨਕ ਅੱਖਾਂ 'ਤੇ ਰੱਖਦੇ ਹਾਂ। ਸਰੀਰ ਉੱਪਰ ਕੱਪੜਾ ਰੱਖਦੇ ਹਾਂ, ਪਰ ਗੁਰਮੁਖੋ! ਕੇਸ ਤਾਂ ਰੱਬ ਨੇ ਕ੍ਰਿਪਾ ਕਰਕੇ ਬਖ਼ਸ਼ਿਸ਼ ਕੀਤੇ ਹਨ। ਇਸ ਨੂੰ ਰੱਖਣ ਦੀ ਕੋਸ਼ਿਸ਼ ਨਾ ਕਰੀਏ। ਰੱਖੇ ਆਪਣੇ ਆਪ ਜਾਣੇ ਹਨ।

ਜਦੋਂ ਤਸ਼ੱਦਦ ਦਾ ਦੌਰ ਚਲਿਆ ਤਾਂ ਰਤਨ ਸਿੰਘ ਭੰਗੂ ਨੇ ਦੋ ਕੁ ਤੁਕਾਂ ਕਹੀਆਂ। ਉਹ ਕਹਿੰਦੇ ਹਨ ਕਿ ਜਦੋਂ ਅਰਦਾਸ ਕਰਦੇ ਸਨ ਤੇ ਉਹਨਾਂ ਦੇ ਸ਼ਬਦ ਹੁੰਦੇ ਸਨ–ਦਾਤਾ! ਤੁਰਕਾਂ ਦਾ ਨਾਸ ਕਰੇ ਤਾਂ ਕਿ ਸਾਡੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭ ਜਾਏ। ਕੇਸ ਗੁਰੂ ਦੀ ਮੋਹਰ ਹਨ। ਪ੍ਰੋਫ਼ੈਸਰ ਪੂਰਨ ਸਿੰਘ ਨੇ ਲਿਖਿਆ ਹੈ। ਇਕ ਉਹਨਾਂ ਦਾ ਲੇਖ ਹੈ–ਆਦਰਸ਼ਕ ਮਾਵਾਂ। ਪ੍ਰੋਫ਼ੈਸਰ ਪੂਰਨ ਸਿੰਘ ਜੀ ਲਿਖਦੇ ਹਨ ਕਿ ਅੰਮ੍ਰਿਤ ਵੇਲਾ ਸੀ ਤੇ ਠੰਢੀ ਠੰਢੀ ਹਵਾ ਚਲਦੀ ਹੈ। ਸੁਆਣੀਆਂ ਦੁੱਧ ਰਿੜਕਦੀਆਂ ਪਈਆਂ ਹਨ। ਮੰਦਿਰ ਦੇ ਅੰਦਰ ਘੜਿਆਲ ਪਏ ਵੱਜਦੇ ਹਨ। ਹਾਲੀ ਲੋਕ ਹਲਾਂ ਨੂੰ ਖੇਤਾਂ ਵਿੱਚ ਲਿਜਾਂਦੇ ਪਏ ਹਨ। ਦੇਖਿਆ ਕਿ ਹਨੇਰਾ ਹੈ ਤੇ ਇਕ ਮਾਈ ਆਪਣੇ ਪੁੱਤਰ ਨੂੰ ਆਪਣੇ ਕੁੱਛੜ ਚੁੱਕ ਕੇ ਤੁਰੀ ਆਉਂਦੀ ਹੈ। ਕਹਿਣ ਲੱਗੇ ਕਿ ਦੀਵਾਨ ਕੌੜਾ ਮੱਲ ਸਿੱਖਾਂ ਦੇ ਹਿਮਾਇਤੀ ਹਨ। ਉਹ ਰਸਤੇ ਵਿੱਚ ਖਲੋਤੇ ਸਨ ਤੇ ਕਹਿਣ ਲੱਗੇ, ਮਾਈ ਕਿੱਥੇ ਚਲੀ ਹੈਂ ? ਮਾਈ ਕਹਿਣ ਲੱਗੀ ਕਿ ਗੁਰੂ ਨੇ ਮੇਹਰ ਕੀਤੀ ਹੈ ਤੇ ਮੈਂ ਅੰਮ੍ਰਿਤਸਰ ਚੱਲੀ ਹਾਂ, ਇਸ਼ਨਾਨ ਕਰਨ ਲਈ। ਉਹ ਕਹਿਣ ਲੱਗਾ ਕਿ ਤੈਨੂੰ ਪਤਾ ਹੈ, ਹਕੂਮਤ ਦਾ ਅੱਜ ਉਥੇ ਪਹਿਰਾ ਹੈ। ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ। ਉਹ ਮਾਈ ਕਹਿਣ

ਲੱਗੀ, ਚੱਲੀ ਹਾਂ ਗੁਰੂ ਦੇ ਦਰਸ਼ਨ ਕਰਨ ਲਈ। ਕਹਿਣ ਲੱਗੇ, ਆਪਣੇ ਬੱਚੇ ਨੂੰ ਨਾਲ ਲੈ ਕੇ ਚਲੀ ਹੈਂ, ਉਥੇ ਗੋਲੀਆਂ ਚਲਣੀਆਂ ਹਨ। ਮਾਈ ਕਹਿਣ ਲੱਗੀ ਤਾਂ ਹੀ ਲੈ ਕੇ ਚੱਲੀ ਹਾਂ ਕਿ ਜਦੋਂ ਗੋਲੀ ਕਿਤੇ ਸੀਨੇ ਵਿੱਚ ਮਾਂ ਪੁੱਤਰਾਂ ਦੇ ਲੱਗੇਗੀ ਤਾਂ ਸਾਡਾ ਖ਼ੂਨ ਅੰਮ੍ਰਿਤਸਰ ਦੇ ਜਲ ਵਿੱਚ ਮਿਲੇਗਾ ਤੇ ਗੋਲੀ ਲੱਗਦਿਆਂ ਸਾਰ ਪੁੱਤਰ ਨੂੰ ਸੀਨੇ ਦੇ ਨਾਲ ਲਾ ਕੇ ਕਹਾਂਗੀ, ਹੇ ਮੇਰੇ ਸਤਿਗੁਰੂ ! ਤੇਰੀ ਮੇਹਰ ਨਾਲ ਸਾਡੀ ਸਿੱਖੀ ਤੇਰੇ ਦਰ 'ਤੇ ਨਿਭ ਗਈ। ਜਿੰਨੀ ਦੇਰ ਤੱਕ ਸੁਆਸ ਚੱਲਦੇ ਹਨ, ਓਨੀ ਦੇਰ ਤੱਕ ਤੂੰ ਸਿੱਖੀ ਨੂੰ ਕਮਾਈ ਜਾਣਾ ਹੈ। ਇਸ ਦਾ ਮਤਲਬ ਸੀ ਕਿ ਦਾਅਵਾ ਨਾ ਕਰੀਂ।

ਜਿਨ੍ਹਾਂ ਨੇ ਸੁਆਸਾਂ ਤੇ ਕੇਸਾਂ ਨਾਲ ਸਿੱਖੀ ਨਿਭਾਹੀ, ਉਹ ਸਨ ਲਾਹੌਰ ਦੀਆਂ ਉਹ ਬਹਾਦਰ ਸਿੰਘਣੀਆਂ, ਜਿਨ੍ਹਾਂ ਨੇ ਗਲੇ ਵਿੱਚ ਆਪਣੇ ਬੱਚਿਆਂ ਦੇ ਟੁਕੜਿਆਂ ਦੇ ਹਾਰ ਪੁਆਏ। ਜਿਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ, ਉਹ ਸਨ ਸਤਿਕਾਰਯੋਗ ਭਾਈ ਮਨੀ ਸਿੰਘ, ਭਾਈ ਗੁਲਜ਼ਾਰਾ ਸਿੰਘ, ਭਾਈ ਭੂਪਤ ਸਿੰਘ, ਭਾਈ ਤਾਰੂ ਸਿੰਘ, ਸ਼ਹਿਬਾਜ਼ ਸਿੰਘ, ਸੁਬੇਗ ਸਿੰਘ। ਜਿਨ੍ਹਾਂ ਨੇ ਸਿੱਖੀ ਨਿਭਾਹੀ, ਉਹਨਾਂ ਵਿੱਚੋਂ ਸਨ–ਭਾਈ ਮਤੀ ਦਾਸ ਜੀ, ਭਾਈ ਦਇਆਲਾ ਜੀ। ਜਿਨ੍ਹਾਂ ਸਿੱਖੀ ਨਿਭਾਹੀ, ਉਹਨਾਂ ਵਿੱਚ ਸਨ ਉਹ ਸ਼ਹੀਦ ਜਿਨ੍ਹਾਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ ਅਤੇ ਆਪਣੇ ਧਰਮ 'ਤੇ ਕਾਇਮ ਰਹੇ। ਉਹਨਾਂ ਨੂੰ ਅੱਜ ਤੱਕ ਅਸੀਂ ਅਰਦਾਸ ਵਿੱਚ ਭੁੱਲਦੇ ਨਹੀਂ ਤੇ ਕਹਿੰਦੇ ਹਾਂ -

ਜਿਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ ।

ਕੇਸ ਕਾਇਮ ਰੱਖੇ। ਪ੍ਰੋਫ਼ੈਸਰ ਪੂਰਨ ਸਿੰਘ ਲਿਖਦੇ ਹਨ ਕਿ ਪਹਿਲਾਂ ਆਪ ਉਹਨਾਂ ਨੇ ਕੇਸ ਕਟੇ ਸਨ। ਜਦੋਂ ਭਾਈ ਵੀਰ ਸਿੰਘ ਮਿਲੇ, ਬੱਸ ਇਕੋ ਵਾਰੀ ਘੁੱਟ ਕੇ ਸੀਨੇ ਨਾਲ ਲਾਇਆ ਤੇ ਭਾਈ ਸਾਹਿਬ ਨੇ ਕੇਸਾਂ 'ਤੇ ਹੱਥ ਫੇਰ ਕੇ ਕਿਹਾ, ਬੇਟਾ! ਇੰਨੇ ਕੋਮਲ ਕੇਸ ਤੇ ਸਿੱਖੀ ਕੈਂਚੀ ਨਾਲ ਕੱਟਦਾ ਪਿਆ ਹੈਂ ? ਗੱਲ ਸ਼ੋਭਾ ਨਹੀਂ ਦਿੰਦੀ। ਸਾਰੀ ਰਾਤ ਚਰਚਾ ਕਰਦਾ ਰਿਹਾ। ਸਵੇਰੇ ਉਠਿਆ ਤੇ ਮੈਂ ਕਿਹਾ, ਕ੍ਰਿਪਾ ਕਰੋ, ਮੇਰੇ ਸਿਰ 'ਤੇ ਬੰਨ੍ਹਣ ਲਈ ਪੱਗ ਦੇ ਦਿਉ ਤੇ ਅਰਦਾਸ ਕਰੋ ਕਿ ਮੜ੍ਹੀਆਂ ਤੱਕ ਮੇਰੀ ਪੱਗ ਨਿਭ ਜਾਏ।

ਜਦੋਂ ਉਹਨਾਂ ਨੇ ਕੇਸ ਰੱਖੇ, ਜਦੋਂ ਉਹਨਾਂ ਦਾ ਦਾੜ੍ਹਾ ਪ੍ਰਕਾਸ਼ ਹੋਇਆ, ਕੇਸ ਵੱਡੇ ਹੋਏ ਤੇ ਅੰਬਾਲੇ ਕਾਨਫ਼ਰੰਸ ਹੋਈ ਤਾਂ ਪ੍ਰੋਫ਼ੈਸਰ ਪੂਰਨ ਸਿੰਘ ਗੁਰੂ ਕਲਗੀਧਰ ਜੀ ਦੇ ਜੀਵਨ 'ਤੇ ਬੋਲੇ। ਜਦੋਂ ਉਹ ਬੋਲੇ ਤਾਂ ਉਹਨਾਂ ਕਮਾਲ ਦੇ

ਸ਼ਬਦ ਕਹੇ। ਉਹਨਾਂ ਤਸਵੀਰ ਦੀ ਗੱਲ ਕੀਤੀ। ਕਹਿਣ ਲੱਗੇ, ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਕਾਗ਼ਜ਼ਾਂ ਉਪਰ ਨਹੀਂ ਬਣਦੀਆਂ। ਉਹ ਕਹਿੰਦੇ ਹਨ, ਜਿਥੇ ਮੂਰਤ ਬਣਦੀ ਹੈ, ਉਥੇ ਕਦੀ ਰੰਗ ਭਰਿਆ ਹੀ ਨਹੀਂ। ਬਾਹਰ ਕੈਲੰਡਰ ਵੇਚਦਾ ਪਿਆ ਹੈਂ। ਪੁੱਛਿਆ ਕਿਥੇ ? ਕਹਿਣ ਲੱਗੇ, ਕਾਗ਼ਜ਼ਾਂ 'ਤੇ ਨਹੀਂ, ਦੀਵਾਰਾਂ 'ਤੇ ਨਹੀਂ, ਚੇਤੇ ਰੱਖੀਂ, ਪੱਥਰ ਦੀਆਂ ਮੂਰਤੀਆਂ ਵਿੱਚ ਵੀ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੀ ਮੂਰਤ ਸਿੱਖ ਦੇ ਹਿਰਦੇ 'ਤੇ ਬਣਦੀ ਹੈ ਤੇ ਜਦੋਂ ਮੂਰਤ ਦਾ ਪਰਦਾ ਹਟਦਾ ਹੈ ਤਾਂ ਮੂਰਤੀ ਬੋਲਦੀ ਹੈ ਤੂੰ ਮੈਂ ਤੇ ਖਾਲਸਾ ਕਹਿੰਦਾ ਹੈ ਮੈਂ ਤੂੰ। ਕਹਿੰਦੇ ਹਨ ਕਿ ਉਸ ਮੂਰਤ ਨੂੰ ਦੇਖ ਕੇ ਗੁਰੂ ਕਹਿੰਦਾ ਹੈ-

ਹੌਂ ਖਾਲਸਿਹ ਕਹੁ ਖਾਲਸਾ ਮੇਰੋ ॥
ਓਤਪੋਤ ਸਾਗਰ ਬੂੰਦੇਰੋ ॥

ਉਹ ਕਹਿੰਦਾ ਹੈ ਕਿ ਆਦਰਸ਼ਕ ਮਾਂ ਆਪਣੇ ਪੁੱਤਰ ਦੀ ਸਿੱਖੀ ਨਿਭਾਉਣ ਦੇ ਲਈ ਗੋਲੀ ਵਾਲੇ ਪਾਸੇ ਤੁਰੀ ਜਾਂਦੀ ਹੈ। ਗੁਰਮੁਖੋ! ਆਓ ਜਿੰਨੇ ਕੁ ਸੁਆਸ ਦਾਤੇ ਨੇ ਦਿੱਤੇ ਹਨ, ਅਰਦਾਸ ਕਰੀਏ ਕਿ ਕੇਸ ਵੀ ਰਹਿਣ ਤੇ ਸਿੱਖੀ ਵੀ ਨਿਭ ਜਾਏ, ਪਰ ਦਾਅਵਾ ਨਹੀਂ। ਜੇ ਦਾਅਵਾ ਕਰਕੇ ਕਹੀਏ ਕਿ ਮੇਰੀ ਸਭ ਤੋਂ ਵੱਡੀ ਰਹਿਤ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਛੋ, ਦਾਤਾ! ਜਿਨ੍ਹਾਂ ਨੇ ਸਿੱਖੀ ਨਿਭਾਹੀ, ਉਹਨਾਂ ਬਾਰੇ ਤੁਹਾਡਾ ਕੀ ਖ਼ਿਆਲ ਹੈ ?

ਸਤਿਗੁਰੂ ਨੇ ਤਿੰਨ ਬਚਨ ਕਹੇ ਹਨ। ਹਮੇਸ਼ਾਂ ਜਦੋਂ ਮੈਂ ਉਦਾਹਰਣਾਂ ਦਿੰਦਾ ਹਾਂ ਤਾਂ ਸ਼ਬਦ ਹੀ ਤਿੰਨ ਸਾਹਮਣੇ ਆਉਂਦੇ ਹਨ। ਭਾਈ ਨੰਦ ਲਾਲ ਜੀ ਨੇ ਆਪਣੇ ਰਹਿਤਨਾਮੇ ਵਿੱਚ ਦਰਜ ਕੀਤੇ ਹਨ। ਭਾਈ ਨੰਦ ਲਾਲ ਧੰਨ ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਦੇ ਦਰ ਦਾ ਸੇਵਕ ਤੇ ਉਹੋ ਜਿਹਾ ਸ਼ਾਇਰ ਜਿਹੜਾ ਏਨਾ ਭਿੱਜ ਕੇ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ! ਮੈਨੂੰ ਥਾਂ ਚਾਹੀਦੀ ਹੈ। ਕਿੱਥੇ ? ਕਹਿੰਦੇ ਹਨ, ਜਿਥੇ ਕਿਲ੍ਹੇ ਦੇ ਪਿੱਛੇ ਕੁੱਤਿਆਂ ਨੂੰ ਰੋਟੀ ਦੀਆਂ ਬੁਰਕੀਆਂ ਤੋੜ ਕੇ ਪਾਉਂਦਾ ਹੈਂ, ਉਹਨਾਂ ਕੁੱਤਿਆਂ ਦੇ ਕੋਲ ਨੰਦ ਲਾਲ ਨੂੰ ਥਾਂ ਬਖ਼ਸ਼ ਦੇ। ਜਦੋਂ ਭਾਈ ਨੰਦ ਲਾਲ ਜੀ ਨੇ ਪੁੱਛਿਆ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ ਆਏ ਹੋ ਤਾਂ ਕੀ ਛੱਡਿਆ ਜੇ ? ਉਹ ਕਹਿਣ ਲੱਗੇ, ਅੱਜ ਤੋਂ ਬਾਅਦ ਮੈਂ ਅੰਮ੍ਰਿਤ ਵੇਲੇ ਸੌਣਾ ਛੱਡ ਦਿੱਤਾ ਹੈ।

ਭਾਈ ਨੰਦ ਲਾਲ ਨੇ ਫਿਰ ਗੁਰੂ ਗੋਬਿੰਦ ਸਿੰਘ ਜੀ ਨਾਲ ਜਦੋਂ ਬੈਠ ਕੇ ਰਹਿਤਨਾਮਾ ਲਿਖਿਆ ਤਾਂ ਭਾਈ ਸਾਹਿਬ ਪੁੱਛਦੇ ਹਨ, ਸਤਿਗੁਰੂ! ਤੁਹਾਡੇ ਦਰਸ਼ਨ ਕਿਵੇਂ ਹੋਣ ? ਸਾਹਿਬ ਕਹਿੰਦੇ ਹਨ, ਨੰਦ ਲਾਲ! ਗੁਰੂ ਤਿੰਨ ਥਾਵਾਂ

'ਤੇ ਰਹਿੰਦਾ ਹੈ। ਤਿੰਨ ਰੂਪ ਨੇ ਮੇਰੇ। ਨੰਦ ਲਾਲ ਪੁੱਛਦੇ ਹਨ, ਸਾਹਿਬ ਜੀ ! ਉਹ ਤਿੰਨ ਰੂਪ ਕਿਹੜੇ ਹਨ ? ਗੁਰੂ ਜੀ ਕਹਿੰਦੇ ਹਨ ਕਿ ਇਕ ਤਾਂ ਗੁਰੂ ਦਾ ਰੂਪ ਹੈ—ਨਿਰਗੁਣ। ਸਾਹਿਬ ਫ਼ਰਮਾਉਂਦੇ ਹਨ -

ਤੀਨ ਰੂਪ ਹੈ ਮੋਹਿ ਕੇ ਸੁਣੋ ਨੰਦ ਚਿਤ ਲਾਏ ॥
ਨਿਰਗੁਣ ਸਰਗੁਣ ਗੁਰੂ ਸ਼ਬਦ ਕਹੁ ਤੋਹੇ ਸਮਝਾਏ ॥

ਤਿੰਨ ਰੂਪ ਹਨ ਮੇਰੇ—ਇਕ ਨਿਰਗੁਣ, ਇਕ ਸਰਗੁਣ ਤੇ ਇਕ ਗੁਰੂ-ਸ਼ਬਦ। ਕਹਿਣ ਲੱਗੇ ਕਿ ਨਿਰਗੁਣ ਰੂਪ ਇਸ ਤਰ੍ਹਾਂ ਹੈ, ਜਿਵੇਂ ਘਟਿ ਘਟਿ ਦੇ ਵਿੱਚ ਆਸਮਾਨ ਦਿੱਸਦਾ ਹੈ। ਇਸੇ ਤਰ੍ਹਾਂ ਹਰ ਥਾਂ 'ਤੇ ਗੁਰੂ ਹੈ। ਕਹਿਣ ਲੱਗੇ, ਦੂਸਰਾ ਰੂਪ ਗੁਰੂ ਗ੍ਰੰਥ ਜੀ ਨੂੰ ਜਾਣੋ। ਇਹ ਮੇਰਾ ਅੰਗ ਹਨ, ਮੇਰਾ ਰੂਪ ਹਨ। ਅਗਲਾ ਸ਼ਬਦ ਕਹਿਣ ਲੱਗੇ ਕਿ ਇਹਨਾਂ ਦਾ ਇਕ-ਇਕ ਅੱਖਰ ਮੇਰਾ ਰੋਮ ਹੈ। ਸਿੱਖ ਦਾ ਕਿਤੇ ਕੰਮ ਰੁਕ ਜਾਏ ਤਾਂ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਤਿੰਨ ਕਰੇ ਪ੍ਰਕਰਮਾ ਤੇ ਫਿਰ ਕਰੇ ਅਰਦਾਸ। ਕਹਿਣ ਲੱਗੇ-

ਜੋ ਸਿਖ ਗੁਰ ਦਰਸ਼ਨ ਕੀ ਚਾਹੇ ।
ਦਰਸ਼ਨ ਕਰੇ ਗ੍ਰੰਥ ਹੀ ਆਹੇ ।
ਪ੍ਰਭਾਤ ਸਮੇਂ ਕਰਕੇ ਇਸ਼ਨਾਨ ।
ਤੀਨ ਪ੍ਰਦਖਣਾ ਕਰੇ ਸੁਜਾਨ ।

ਮਹਾਰਾਜ! ਤੀਜਾ ਰੂਪ ਕਿਹੜਾ ਹੈ ? ਕਹਿਣ ਲੱਗੇ ਕਿ ਜਿਹੜਾ ਸਵੇਰ ਤੋਂ ਸ਼ਾਮ ਤੱਕ ਬਾਣੀ ਨਾਲ ਰੱਤਾ ਹੈ ਤੇ ਜਿਸ ਨੇ ਜ਼ਿੰਦਗੀ ਵਿੱਚ ਗੁਰੂ ਦੇ ਹੁਕਮ ਨੂੰ ਕਮਾਇਆ ਹੈ, ਉਹ ਮੇਰਾ ਆਪਣਾ ਰੂਪ ਹੈ। ਏਨੀਆਂ ਹੀ ਬੇਨਤੀਆਂ ਪ੍ਰਵਾਨ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਜਿਉ ਭਾਵੈ ਤਿਉ ਰਾਖਿ ਲੈ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੀ ਸਤਿਕਾਰਯੋਗ ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਜਦੋਂ ਸਿੱਖ ਗੁਰੂ ਚਰਨਾਂ ਵਿੱਚ ਅਰਦਾਸ ਕਰਦਾ ਹੈ ਤਾਂ ਭਾਵੇਂ ਉਹ ਸੰਗਤੀ ਰੂਪ ਵਿੱਚ ਅਰਦਾਸ ਕਰਦਾ ਹੋਵੇ, ਭਾਵੇਂ ਇਕੱਲਾ ਇਕਾਂਤ ਵਿੱਚ ਨਿਭਾਏ ਹੋਏ ਆਪਣੇ ਨੇਮ ਤੋਂ ਬਾਅਦ ਅਰਦਾਸ ਕਰਦਾ ਹੋਵੇ। ਪੰਜ-ਦਸ ਮਿੰਟ ਦੇ ਅੰਦਰ ਇਕਾਗਰਤਾ ਨਾਲ ਜਦੋਂ ਉਹ ਅਰਦਾਸ ਕਰਦਾ ਹੈ ਤਾਂ ਇਸ ਅਰਦਾਸ ਦੇ ਅੰਦਰ ਗੁਰੂ ਦੇ ਸਿੱਖੋ! ਉਹ ਆਪਣੇ ਗੁਰੂ ਸਾਹਿਬਾਨ ਦੇ ਇਤਿਹਾਸ ਯਾਦ ਕਰਦਾ ਹੈ। ਦੁਨੀਆਂ ਅੰਦਰ ਹੋਰ ਕੋਈ ਵੀ ਧਰਮ ਅਜਿਹਾ ਨਹੀਂ ਮਿਲੇਗਾ ਜੋ ਕੇਵਲ ਪੰਜ-ਸੱਤ ਮਿੰਟ ਦੇ ਅੰਦਰ ਅੰਦਰ ਆਪਣੇ ਇਤਿਹਾਸ ਸਬੰਧੀ, ਆਪਣੇ ਪੰਥ ਦੇ ਸਬੰਧੀ, ਆਪਣੇ ਸ਼ਹੀਦਾਂ ਸਬੰਧੀ, ਆਪਣੇ ਗੁਰੂ ਦੇ ਮੁਰੀਦਾਂ ਸਬੰਧੀ ਪ੍ਰਮਾਤਮਾ ਦੇ ਚਰਨਾਂ ਵਿੱਚ ਜੁੜ ਕੇ ਜਾਚਨਾ ਕਰਦਾ ਹੋਵੇ।

ਅਸੀਂ ਗੁਰੂ ਸਾਹਿਬਾਨ, ਉਸ ਤੋਂ ਇਲਾਵਾ ਸ਼ਹੀਦਾਂ ਨੂੰ, ਕਰਨੀ ਵਾਲਿਆਂ ਨੂੰ, ਗੁਰੂ ਦੇ ਤਖ਼ਤਾਂ ਨੂੰ, ਗੁਰੂ ਸਾਹਿਬਾਨ ਦੇ ਪਵਿੱਤਰ ਅਸਥਾਨਾਂ ਨੂੰ ਗੁਰੂ ਦੇ ਚਰਨਾਂ ਵਿੱਚ ਜੁੜ ਕੇ ਜੋ ਬੇਨਤੀ ਕਰਦੇ ਹਾਂ, ਅਸੀਂ ਉਸ ਮਾਲਕ ਦੇ ਚਰਨਾਂ ਵਿੱਚ ਅਰਦਾਸ ਕਰਦਿਆਂ ਇਹ ਸਾਰੇ ਬਚਨ ਪੰਜ-ਸੱਤ ਮਿੰਟਾਂ ਵਿੱਚ ਹੀ ਦੁਹਰਾ ਦਿੰਦੇ ਹਾਂ। ਦਸਾਂ ਗੁਰੂ ਸਾਹਿਬਾਨ ਤੋਂ ਬਾਅਦ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਉਸ ਤੋਂ ਬਾਅਦ ਅਸੀਂ ਜ਼ਿਕਰ ਕਰਦੇ ਹਾਂ ਪੰਜਾਂ ਪਿਆਰਿਆਂ ਦਾ ਅਤੇ ਜੋ ਅਰਦਾਸ ਦਾ ਇਹ ਦੂਜਾ ਪਹਿਰਾ ਹੈ, ਇਸ ਦੇ ਵਿੱਚ ਕਮਾਈ ਵਾਲਿਆਂ ਦਾ ਧਿਆਨ ਧਰਿਆ ਜਾਂਦਾ ਹੈ।

ਹਜ਼ੂਰ ਦੇ ਚਰਨਾਂ ਵਿੱਚ ਅਰਦਾਸ ਕਰਦਿਆਂ ਅਸੀਂ ਕਹਿੰਦੇ ਹਾਂ-

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ਼ ਵਾਹੀ, ਦੇਖ ਕੇ ਅਣਡਿਠ ਕੀਤਾ

ਜਦੋਂ ਇਹਨਾਂ ਸਾਰਿਆਂ ਨੂੰ ਯਾਦ ਕਰ ਲੈਂਦੇ ਹਾਂ ਤਾਂ ਫਿਰ ਅਖ਼ੀਰ ਵਿੱਚ

ਸ਼ਬਦ ਵਰਤਦੇ ਹਾਂ -

ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ!

ਜਦੋਂ ਸ਼ਬਦ ਮੁਕਤੇ ਆਇਆ ਤੇ ਨਾਲ ਚਾਲੀ ਵੀ ਆਇਆ। ਜਦੋਂ ਮੁਕਤਿਆਂ ਦੇ ਇਤਿਹਾਸ ਨੂੰ ਅਸੀਂ ਪੜ੍ਹਦੇ ਹਾਂ ਤਾਂ ਪੰਜ ਮੁਕਤੇ ਵੀ ਆਏ ਹਨ, ਚਾਲੀ ਮੁਕਤੇ ਵੀ ਆਏ ਹਨ। ਤੁਸੀਂ ਕਹੋਗੇ ਕਿ ਪੰਜ ਮੁਕਤੇ ਕਿਥੋਂ ਆਏ ? ਜਦੋਂ ਅਸੀਂ ਇਤਿਹਾਸ ਨੂੰ ਪੜ੍ਹੀਏ ਤਾਂ ਕਵੀ ਸੰਤੋਖ ਸਿੰਘ ਦੇ ਬਚਨ ਪੜ੍ਹੋ। ਜਦੋਂ ਹਜ਼ੂਰ ਨੇ ਅੰਮ੍ਰਿਤ ਤਿਆਰ ਕੀਤਾ ਹੈ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਤਾਂ ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ–ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੋਹਕਮ ਸਿੰਘ। ਇਹਨਾਂ ਪੰਜ ਪਿਆਰਿਆਂ ਤੋਂ ਹਜ਼ੂਰ ਤੇ ਹਜ਼ੂਰ ਤੋਂ ਬਾਅਦ ਜਿਹੜੇ ਪੰਜ ਸਿੱਖਾਂ ਨੇ ਅੰਮ੍ਰਿਤ ਲਿਆ, ਉਹਨਾਂ ਨੂੰ ਪੰਜ ਮੁਕਤੇ ਕਿਹਾ ਹੈ। ਉਹ ਕਿਹੜੇ ਹਨ ? ਉਹ ਹਨ ਭਾਈ ਰਾਮ ਸਿੰਘ, ਭਾਈ ਦੇਵਾ ਸਿੰਘ, ਭਾਈ ਸਾਹਿਬ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਫਤਹਿ ਸਿੰਘ। ਇਹਨਾਂ ਨੂੰ ਪੰਜ ਮੁਕਤਿਆਂ ਦੀ ਪਦਵੀ ਦਿੱਤੀ ਗਈ।

ਹਜ਼ੂਰ ਕਲਗੀਆਂ ਵਾਲੇ ਕਹਿੰਦੇ ਹਨ, ਜਿਹੜੇ ਪੰਜ ਮੁਕਤੇ ਹਨ, ਇਹ ਮੇਰੇ ਪਿਆਰੇ ਹਨ। ਜੋ ਇਹ ਕਹਿੰਦੇ ਹਨ, ਮੈਨੂੰ ਪ੍ਰਵਾਨ ਹੈ। ਉਸ ਤੋਂ ਅੱਗੇ ਅਸੀਂ ਅਰਦਾਸ ਵਿੱਚ ਚਾਲ੍ਹੀ ਮੁਕਤਿਆਂ ਨੂੰ ਯਾਦ ਕਰਦੇ ਹਾਂ। ਚਾਲ੍ਹੀ ਮੁਕਤਿਆਂ ਦੀ ਜਦੋਂ ਗੱਲ ਚੱਲਦੀ ਹੈ ਤਾਂ ਵਿਦਵਾਨ ਉਹਨਾਂ ਚਾਲ੍ਹੀ ਸਿੱਖਾਂ ਦਾ ਵੀ ਜ਼ਿਕਰ ਕਰਦੇ ਹਨ ਜਿਨ੍ਹਾਂ ਨੇ ਚਮਕੌਰ ਦੀ ਗੜ੍ਹੀ ਅੰਦਰ 10 ਲੱਖ ਫ਼ੌਜ ਦਾ ਮੁਕਾਬਲਾ ਕੀਤਾ ਹੈ। ਉਹਨਾਂ ਲਈ ਵੀ ਸ਼ਬਦ ਮੁਕਤੇ ਵਰਤਿਆ ਜਾਂਦਾ ਹੈ।

ਜਦੋਂ ਅਸੀਂ ਗੁਰੂ ਕਲਗੀਧਰ ਜੀ ਦਾ ਜ਼ਫ਼ਰਨਾਮਾ ਪੜ੍ਹੀਏ ਤਾਂ ਸਤਿਗੁਰੂ ਨੇ ਖ਼ਾਸ ਕਰਕੇ ਚਾਲ੍ਹੀਆਂ ਦਾ ਜ਼ਿਕਰ ਕੀਤਾ ਹੈ। ਜ਼ਫ਼ਰਨਾਮਾ ਪੜ੍ਹਦੇ ਹਾਂ ਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜਿਥੇ ਇਹ ਸ਼ਬਦ ਔਰੰਗਜ਼ੇਬ ਨੂੰ ਮੁਖ਼ਾਤਬ ਕਰਕੇ ਕਹਿੰਦੇ ਹਨ–ਐ ਕਸਮਾਂ ਤੋੜਨ ਵਾਲੇ! ਅਚਨਚੇਤ ਮੇਰੇ ਅੱਗੇ ਉਹ ਸਿੱਖ ਆ ਗਏ ਹਨ। ਨਾਲ ਹੀ ਸ਼ਬਦ ਵਰਤਦੇ ਹਨ ਕਿ ਇਕ ਪਾਸੇ ਚਾਲ੍ਹੀ ਭੁੱਖੇ ਭਾਣੇ ਸਿੱਖ ਹਨ ਤੇ ਦੂਜੇ ਪਾਸੇ 10 ਲੱਖ ਦੀ ਗਿਣਤੀ ਵਿੱਚ ਫ਼ੌਜ ਆ ਕੇ ਇਹਨਾਂ 'ਤੇ ਟੁੱਟ ਪਈ ਤੇ ਇਸੇ ਵਿਸ਼ੇ ਵਿੱਚ ਹਜ਼ੂਰ ਨੇ ਸ਼ਬਦ ਵਰਤੇ ਕਿ ਚਾਲ੍ਹੀ ਉਹ ਵੀ ਹਨ ਜਿਹੜੇ ਭੁੱਖੇ ਭਾਣੇ ਚਮਕੌਰ ਦੀ ਗੜ੍ਹੀ ਵਿੱਚ ਟਾਕਰਾ ਪਏ ਕਰਦੇ ਹਨ। ਉਸ

ਤੋਂ ਅੱਗੇ ਸਾਹਿਬ ਸ਼ਬਦ ਵਰਤਦੇ ਹਨ ਕਿ ਜਦੋਂ ਇਹ ਭੁੱਖੇ-ਭਾਣਿਆਂ 'ਤੇ ਆ ਕੇ ਟੁੱਟੇ ਹਨ ਤਾਂ ਕਹਿੰਦੇ ਹਨ ਮੈਂ ਲਾਚਾਰ ਹੋ ਗਿਆ। ਕਹਿਣ ਲੱਗੇ, ਫਿਰ ਮੈਂ ਤੀਰ ਕਮਾਨ ਦੇ ਨਾਲ, ਸ਼ਸਤਰਾਂ ਦੇ ਨਾਲ ਜੰਗ ਵਿੱਚ ਉਤਰਿਆ।

ਅਕਸਰ ਜਦੋਂ 40 ਮੁਕਤੇ ਸ਼ਬਦ ਆਉਂਦਾ ਹੈ ਤਾਂ ਸਾਰੇ ਸਿੱਖ ਜਗਤ ਦਾ ਧਿਆਨ ਮੁਕਤਸਰ ਸਾਹਿਬ ਦੀ ਧਰਤੀ ਵੱਲ ਚਲਾ ਜਾਂਦਾ ਹੈ, ਜਿਥੇ ਚਾਲ੍ਹੀਆਂ ਨੇ ਸ਼ਹਾਦਤ ਦਾ ਜਾਮ ਪੀਤਾ ਹੈ। ਵਿਦਵਾਨਾਂ ਦੀ ਦੋ ਤਰ੍ਹਾਂ ਦੀ ਰਾਏ ਹੈ। ਕੁਝ ਸੱਜਣ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਜਦੋਂ ਪਹਾੜੀਆਂ ਨੇ ਤੇ ਮੁਗ਼ਲਾਂ ਦੀ ਸਾਰੀ ਫ਼ੌਜ ਨੇ ਘੇਰਾ ਪਾਇਆ ਤਾਂ ਉਸ ਵੇਲੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬੇਦਾਵਾ ਲਿਖ ਕੇ ਸਿੱਖ ਘਰਾਂ ਨੂੰ ਆ ਗਏ। ਦੂਜੇ ਸੱਜਣਾਂ ਦੀ ਇਹ ਰਾਏ ਹੈ ਕਿ ਜਦੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਹਜ਼ੂਰ ਖਿਦਰਾਣੇ ਦੀ ਢਾਬ ਵੱਲ ਜਾਂਦੇ ਹਨ ਤਾਂ ਮਾਝੇ ਦੀ ਧਰਤੀ ਦੇ ਨੌਜਵਾਨ ਆਏ ਤੇ ਉਸ ਵੇਲੇ ਪੰਚਾਇਤ ਦੇ ਕੁਝ ਬੰਦੇ ਵੀ ਨਾਲ ਆਏ ਤੇ ਗੁਰੂ ਸਾਹਿਬ ਨੂੰ ਸਮਝਾਉਣ ਦਾ ਯਤਨ ਕਰਨ ਲੱਗੇ। ਉਹ ਇਹ ਸਮਝਾਉਣ ਦਾ ਯਤਨ ਕਰਨ ਲੱਗੇ ਕਿ ਮਹਾਰਾਜ! ਤੁਸੀਂ ਜੰਗ ਨਾ ਕਰੋ। ਅਸੀਂ ਤੁਹਾਡੀ ਸੁਲਾਹ-ਸਫ਼ਾਈ ਕਰਾ ਦੇਂਦੇ ਹਾਂ। ਉਥੇ ਹਜ਼ੂਰ ਬੜਾ ਸੋਹਣਾ ਉੱਤਰ ਦੇਂਦੇ ਹਨ ਕਿ ਜੇਕਰ ਤੁਸੀਂ ਮੇਰੇ ਸਿੱਖ ਬਣ ਕੇ ਆਏ ਹੋ ਤਾਂ ਹੁਕਮ ਮੰਨਣ ਵਾਲੇ ਬਣ ਕੇ ਰਹੋ ਅਤੇ ਜੇ ਨਹੀਂ ਤਾਂ ਤੁਸੀਂ ਆਪਣੇ ਘਰਾਂ ਨੂੰ ਜਾ ਸਕਦੇ ਹੋ। ਸਿੱਖ ਗੁੱਸੇ ਵਿੱਚ ਆਏ ਤੇ ਕਈਆਂ ਨੇ ਕਿਹਾ, ਅਸੀਂ ਆਪਣੇ ਘਰਾਂ ਨੂੰ ਜਾਵਾਂਗੇ ਤੇ ਇਥੋਂ ਤੱਕ ਲਿਖ ਦਿੱਤਾ ਕਿ ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਇਹ ਕਹਿ ਕੇ ਵਾਪਸ ਚਲੇ ਗਏ।

ਜਦੋਂ ਪਹਾੜੀਏ ਹਾਥੀ ਦੇ ਮੱਥੇ 'ਤੇ ਤਵੀਆਂ ਬੰਨ੍ਹ ਕੇ ਲਿਆਏ ਤਾਕਿ ਉਹ ਮਸਤ ਹਾਥੀ ਦਰਵਾਜ਼ੇ ਨੂੰ ਤੋੜੇਗਾ। ਮੇਰੇ ਕਲਗੀ ਵਾਲੇ ਨੇ ਕਿਹਾ ਕਿ ਸਾਡਾ ਦੁਨੀ ਚੰਦ ਇਸ ਦਾ ਮੁਕਾਬਲਾ ਕਰੇਗਾ। ਦੁਨੀ ਚੰਦ ਗੁਰੂ ਘਰ ਦਾ ਮਸੰਦ ਸੀ। ਦੁਨੀ ਚੰਦ ਰਾਤ ਨੂੰ ਨੱਸ ਗਿਆ। ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿੱਚ ਇਸ ਬਿਦਾਵੇ ਦਾ ਜ਼ਿਕਰ ਕੀਤਾ ਹੈ। ਉਹ ਕਹਿੰਦੇ ਹਨ ਕਿ ਦੁਨੀ ਚੰਦ ਜਦੋਂ ਨੱਸਿਆ ਹੈ ਤਾਂ ਉਹ ਇਕੱਲਾ ਨਹੀਂ ਸੀ। ਉਸ ਨੂੰ ਰੱਸੇ ਨਾਲ ਬੰਨ੍ਹ ਕੇ ਉਤਾਰਿਆ। ਸਰੀਰ ਭਾਰਾ ਸੀ ਤੇ ਡਿੱਗ ਪਿਆ। ਉਸ ਦੀ ਲੱਤ ਟੁੱਟ ਗਈ। ਉਸ ਨੂੰ ਚੁੱਕ ਕੇ ਸਾਥੀ ਘਰ ਲੈ ਗਏ। ਘਰ ਪਹੁੰਚਿਆ ਤਾਂ ਸੱਪ ਲੜਿਆ ਤੇ ਉਸ ਦੀ ਮੌਤ ਹੋ ਗਈ। ਦੁਨੀ ਚੰਦ ਦੇ ਪੋਤਿਆਂ ਨੂੰ ਜਦੋਂ ਪਤਾ ਲੱਗਾ ਤਾਂ ਉਹ ਦੋਨੋਂ

ਨਿਰਮੋਹ ਗੜ੍ਹ ਦੀ ਜੰਗ ਵਿੱਚ ਆਏ ਹਨ ਤੇ ਆਪਣੇ ਬਾਬੇ ਦੇ ਕਲੰਕ ਨੂੰ ਉਹਨਾਂ ਨੇ ਸ਼ਹਾਦਤ ਦਾ ਜਾਮ ਪੀ ਕੇ ਧੋ ਦਿੱਤਾ।

ਸ੍ਰ: ਸੋਹਨ ਸਿੰਘ ਛਿਬਰ ਨੇ 'ਮਨੁੱਖਤਾ ਦਾ ਗੁਰੂ ਗੋਬਿੰਦ ਸਿੰਘ' ਦੇ ਵਿੱਚ ਕੁਝ ਗੱਲਾਂ ਦਾ ਜ਼ਿਕਰ ਕੀਤਾ ਹੈ। ਉਹ ਕਹਿੰਦੇ ਹਨ, ਉਸ ਵੇਲੇ ਅਨੰਦਪੁਰ ਨੂੰ ਚਾਰ ਚੁਫੇਰੇ ਘੇਰਾ ਪਿਆ ਹੈ। ਜਿਹੜੇ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਬਿਦਾਵਾ ਲਿਖ ਕੇ ਤੁਰਦੇ ਹਨ ਤਾਂ ਕੀ ਹਕੂਮਤ ਉਹਨਾਂ ਨੂੰ ਅਨੰਦਪੁਰ ਪਾਰ ਕਰਨ ਦੇਵੇਗੀ? ਉਹਨਾਂ ਕਈ ਸਵਾਲ ਖੜੇ ਕੀਤੇ। ਇਸ ਘਟਨਾ ਬਾਰੇ ਇਤਿਹਾਸਕਾਰ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬਿਦਾਵਾ ਦਿੱਤਾ ਤੇ ਮਾਝੇ ਦੀ ਧਰਤੀ ਵੱਲ ਚਲੇ ਗਏ।

ਹਜ਼ੂਰ ਨੇ ਸਰਸਾ ਨਦੀ ਪਾਰ ਕੀਤੀ। ਪਰਿਵਾਰ ਵਿਛੜਿਆ। ਚਮਕੌਰ ਸਾਹਿਬ ਦੀ ਧਰਤੀ 'ਤੇ ਗੁਰੂ ਜੀ ਦੇ ਵੱਡੇ ਲਾਲ ਸ਼ਹੀਦ ਹੋਏ। ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ। ਇਥੋਂ ਹਜ਼ੂਰ ਮਾਛੀਵਾੜੇ ਦੀ ਧਰਤੀ 'ਤੇ ਗਏ। ਮਾਛੀਵਾੜੇ ਦੀ ਧਰਤੀ ਤੋਂ ਅੱਗੇ ਹਜ਼ੂਰ ਖੇੜੀ ਪਿੰਡ ਤੱਕ ਗਏ। ਉਸ ਤੋਂ ਅੱਗੇ ਜ਼ਫ਼ਰਨਾਮਾ ਲਿਖ ਰਹੇ ਹਨ। ਜ਼ਫ਼ਰਨਾਮਾ ਲਿਖ ਕੇ ਕਲਗੀਧਰ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੂੰ ਦੇ ਕੇ ਔਰੰਗਜ਼ੇਬ ਵੱਲ ਤੋਰ ਦਿੱਤਾ। ਇਧਰ ਪਰਿਵਾਰ ਸ਼ਹੀਦ ਹੋ ਚੁੱਕਾ ਹੈ। ਵਜ਼ੀਰ ਖ਼ਾਂ ਦੇ ਅੰਦਰ ਅਜੇ ਵੀ ਇਹ ਗੱਲ ਧੁਖਦੀ ਪਈ ਹੈ ਕਿ ਕਿਸੇ ਤਰੀਕੇ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਤਮ ਕਰ ਦੇਵਾਂ ਜਾਂ ਜਿਉਂਦਾ ਪਕੜ ਲਵਾਂ। ਉਹ ਟਿਕ ਕੇ ਨਹੀਂ ਬੈਠਾ। ਆਪਣੀਆਂ ਫ਼ੌਜਾਂ ਲੈ ਕੇ ਸਰਹੰਦ ਤੋਂ ਮਾਲਵੇ ਦੀ ਧਰਤੀ ਵੱਲ ਪਿੱਛਾ ਕਰਨ ਲੱਗਾ।

ਦਾਤਾਰ ਰਾਏ ਕੱਲੇ ਕੋਲ ਵੀ ਰੁਕੇ। ਉਥੇ ਮਾਝੇ ਦੀ ਧਰਤੀ 'ਤੇ ਸਿੱਖ ਵਿਦਵਾਨ ਕਹਿੰਦੇ ਹਨ ਕਿ ਜਿਹੜੇ ਸਿੱਖ ਪਹੁੰਚੇ ਹਨ, ਬੀਬੀ ਭਾਗੋ ਦੀ ਅਗਵਾਈ ਵਿੱਚ ਪਹੁੰਚੇ ਹਨ। ਭਾਈ ਲੰਗਾਹ ਦੇ ਖ਼ਾਨਦਾਨ ਨਾਲ ਸਬੰਧਤ ਹੈ ਮਾਈ ਭਾਗੋ। ਇਸ ਦੀ ਅਗਵਾਈ ਵਿੱਚ ਭਾਈ ਮਹਾਂ ਸਿੰਘ, ਭਾਈ ਰਾਏ ਸਿੰਘ, ਭਾਈ ਘਰਬਾਰੀ ਸਿੰਘ, ਭਾਈ ਦਰਬਾਰੀ ਸਿੰਘ, ਭਾਈ ਖੁਸ਼ਹਾਲ ਸਿੰਘ ਪਹੁੰਚੇ ਹਨ। ਭਾਈ ਖੁਸ਼ਹਾਲ ਸਿੰਘ ਗੁਰੂ ਅਮਰਦਾਸ ਜੀ ਦੀ ਅੱਠਵੀਂ ਪੀੜ੍ਹੀ ਵਿੱਚੋਂ ਹਨ। ਭਾਈ ਘਰਬਾਰੀ ਸਿੰਘ ਤੇ ਭਾਈ ਦਰਬਾਰੀ ਸਿੰਘ ਦੋਵੇਂ ਭਰਾ ਹਨ ਤੇ ਬਾਬਾ ਮੋਹਰੀ ਦੀ ਅੰਸ਼ ਬੰਸ਼ ਵਿੱਚੋਂ ਹਨ। ਇਹ ਵੀ ਮਾਝੇ ਦੀ ਧਰਤੀ ਤੋਂ ਗੁਰੂ ਗੋਬਿੰਦ ਸਿੰਘ ਜੀ ਵੱਲ ਤੁਰੀ ਆਉਂਦੇ ਹਨ। ਜਿਹੜੇ ਵਿਛੜ ਗਏ ਸਨ, ਉਹਨਾਂ ਦੇ ਅੰਦਰ ਵਿਛੋੜੇ ਦਾ ਕਿੰਨਾ ਦੁੱਖ ਹੋਵੇਗਾ। ਜਿਹੜੇ ਵਿਛੜ ਗਏ ਉਹ ਘਰਾਂ ਨੂੰ ਤੁਰ ਗਏ।

ਜਦੋਂ ਕੰਨਾਂ ਵਿੱਚ ਖ਼ਬਰ ਪਈ ਕਿ ਗੁਰੂ ਕਲਗੀਧਰ ਜੀ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ। ਡਾਕਟਰ ਹਰਜਿੰਦਰ ਸਿੰਘ ਦਲਗੀਰ ਨੇ ਆਪਣੀ ਕਿਤਾਬ 'ਗੁਰੂ ਦੇ ਸ਼ੇਰ' ਵਿੱਚ ਲਿਖਿਆ ਹੈ ਕਿ ਪੱਟੀ ਦਾ ਬਜ਼ੁਰਗ ਸਰਦਾਰ ਸੀ ਭਾਈ ਦੇਤ ਰਾਜ। ਉਸ ਦੇ ਭੋਗ 'ਤੇ ਮਾਝੇ ਦੇ ਸਿਰਕੱਢ ਸੂਰਮੇ ਇਕੱਠੇ ਹੋਏ ਸਨ। ਭੋਗ 'ਤੇ ਗੱਲ ਚੱਲੀ ਕਿ ਗੁਰੂ ਕਲਗੀਧਰ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿੱਚ ਸ਼ਹੀਦ ਕਰ ਦਿੱਤੇ ਗਏ ਹਨ ਤੇ ਮਾਤਾ ਗੁਜਰੀ ਜੀ ਵੀ ਚਲਾਣਾ ਕਰ ਗਏ ਹਨ। ਆਪ ਹਜ਼ੂਰ ਲੱਖੀ ਜੰਗਲ ਵੱਲ ਤੁਰੇ ਜਾ ਰਹੇ ਹਨ। ਉਥੇ ਬੈਠਿਆਂ ਭੋਗ ਤੋਂ ਬਾਅਦ ਮਝੈਲ ਸਰਦਾਰਾਂ ਨੇ ਇਕ ਫ਼ੈਸਲਾ ਕੀਤਾ ਕਿ ਦੇਖੋ ਅਸੀਂ ਗੁਰੂ ਜੀ ਨੂੰ ਛੱਡ ਕੇ ਆ ਗਏ ਹਾਂ। ਦੁਨੀ ਚੰਦ ਵਰਗਾ ਬੰਦਾ ਤੇ ਉਸ ਦੇ ਨਾਲ ਕਈ ਹੋਰ ਵੀ ਛੱਡ ਕੇ ਆ ਗਏ। ਜੇਕਰ ਇਸ ਕਲੰਕ ਨੂੰ ਅਸਾਂ ਧੋਣਾ ਹੈ ਤਾਂ ਚਲੋ ਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚ ਜਾ ਕੇ ਹਾਜ਼ਰ ਹੋਈਏ।

ਗੁਰਮੁਖੋ! ਉਸ ਭੋਗ ਵਿੱਚ ਇਕ ਨਵੀਂ ਗੱਲ ਹੋਈ। ਪੱਟੀ ਦੇ ਇਲਾਕੇ ਦੇ ਪਿੰਡਾਂ ਦੇ ਪੰਚ ਲੰਬੜਦਾਰ ਇਕੱਠੇ ਹੋਏ ਸਨ, ਉਹ ਵੀ ਆਪਣੀ ਸਿਆਣਪ ਲੈ ਕੇ ਤੁਰੇ। ਕਹਿੰਦੇ ਹਨ ਚਲੋ ਅਸੀਂ ਵੀ ਤੁਹਾਡੇ ਨਾਲ ਚਲਦੇ ਹਾਂ। ਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਾਂਗੇ ਕਿ ਮਹਾਰਾਜ! ਤੁਸੀਂ ਗੁਰੂ ਨਾਨਕ ਸਾਹਿਬ ਵਾਲਾ ਰਾਹ ਅਪਣਾਉ। ਉਹਨਾਂ ਨੂੰ ਭੁਲੇਖਾ ਹੈ ਕਿ ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਦਾ ਰਸਤਾ ਕੁੱਝ ਹੋਰ ਹੈ। ਕਹਿਣ ਲੱਗੇ, ਅਸੀਂ ਉਹਨਾਂ ਨੂੰ ਜਾ ਕੇ ਕਹਾਂਗੇ ਕਿ ਅਸੀਂ ਸਰਕਾਰ ਨਾਲ ਤੁਹਾਡੀ ਸੁਲਾਹ ਕਰਵਾ ਦਿੰਦੇ ਹਾਂ। ਤੁਸੀਂ ਸਾਡੇ ਨਾਲ ਮਾਝੇ ਦੀ ਧਰਤੀ 'ਤੇ ਆ ਜਾਉ। ਤੁਸੀਂ ਚੁੱਪ ਕਰਕੇ ਸਾਡੇ ਗੁਰੂ ਬਣੇ ਰਹੋ ਤੇ ਅਸੀਂ ਤੁਹਾਡੇ ਸਿੱਖ ਬਣ ਕੇ ਰਹਿੰਦੇ ਹਾਂ। ਭਜਨ ਬੰਦਗੀ ਤੇ ਜਪ ਤਪ ਕਰੋ। ਕੀ ਲੈਣਾ ਹੈ ਲੜਾਈਆਂ ਕਰਕੇ। ਕੀ ਹਕੂਮਤ ਨਾਲ ਟੱਕਰ ਲੈ ਕੇ ਕਦੀ ਸੁਖ ਮਿਲ ਸਕਦਾ ਹੈ ?

ਕੁੱਝ ਸਿਆਣੇ ਪੰਚ ਤੇ ਸਰਪੰਚ ਨਾਲ ਤੁਰ ਪਏ। ਪਰ ਗੁਰਮੁਖੋ! ਭਾਈ ਮਹਾਂ ਸਿੰਘ ਵਰਗੇ ਉਹ ਨਹੀਂ ਜਿਹੜੇ ਗੁਰੂ ਨੂੰ ਸਮਝਾਉਣ ਤੁਰੇ ਹਨ। ਭਾਈ ਗੁਰਦਾਸ ਕਹਿੰਦੇ ਹਨ ਕਿ ਦਹੀਂ ਦੇ ਵਿੱਚ ਮੱਖਣ ਵੀ ਹੈ ਤੇ ਲੱਸੀ ਵੀ ਹੈ। ਜੇ ਲੱਸੀ ਇਹ ਸੋਚੇ ਕਿ ਮੇਰੀ ਕੀਮਤ ਬੜੀ ਹੈ ਤਾਂ ਕਹਿੰਦੇ ਹਨ ਕਿ ਮੱਖਣ ਕਰਕੇ ਤੇਰੀ ਬੜੀ ਕੀਮਤ ਹੈ ਤੇ ਜਦੋਂ ਮੱਖਣ ਨਿਕਲ ਜਾਏ ਤਾਂ ਮੱਖਣ ਤੋਂ ਬਿਨਾਂ ਲੱਸੀ ਦੀ ਕੀਮਤ ਨਹੀਂ ਰਹਿੰਦੀ।

ਉਦਾਹਰਣ ਅਸੀਂ ਲੈਣੀ ਹੈ ਕਿ ਕੀ ਗੁਰੂ ਤੋਂ ਵਿਛੜ ਕੇ ਸੁੱਖ ਮਿਲ ਸਕਦਾ ਹੈ ? ਕਹਿਣ ਲੱਗੇ ਕਿ ਮੱਖਣ ਨਿਕਲ ਜਾਏ ਤਾਂ ਲੱਸੀ ਛੁੱਟੜ ਹੋ ਜਾਂਦੀ ਹੈ। ਗੁਲਾਬ ਦੇ ਫੁੱਲ ਵਿੱਚੋਂ ਸੁਗੰਧੀ ਚਲੀ ਜਾਏ ਤਾਂ ਉਸ ਫੁੱਲ ਨੂੰ ਕੋਈ ਪਿਆਰ ਨਹੀਂ ਕਰਦਾ। ਮਜੀਠ ਦਾ ਰੰਗ ਨਿਕਲ ਜਾਏ ਤਾਂ ਉਸ ਦੀ ਫੋਕ ਨੂੰ ਕੋਈ ਨਹੀਂ ਸਾੜਦਾ। ਜੇਕਰ ਸਰੀਰ ਵਿੱਚੋਂ ਆਤਮਾ ਨਿਕਲ ਜਾਏ ਤਾਂ ਉਸ ਸਰੀਰ ਦੀ ਕੋਈ ਕੀਮਤ ਨਹੀਂ। ਜੇਕਰ ਗੰਨੇ ਵਿੱਚੋਂ ਰਸ ਨਿਕਲ ਜਾਏ ਤਾਂ ਉਸ ਗੰਨੇ ਦੀ ਕੋਈ ਕੀਮਤ ਨਹੀਂ। ਜਿਹੜਾ ਬੰਦਾ ਦਾਅਵਾ ਕਰੇ ਕਿ ਮੈਂ ਸਿੱਖ ਹਾਂ ਤੇ ਗੁਰੂ ਤੋਂ ਵਿਛੜ ਕੇ ਆ ਜਾਏ ਤਾਂ ਉਸ ਦੀ ਹਾਲਤ ਉਸ ਲੱਸੀ ਵਾਂਗ ਹੈ ਜਿਹੜੀ ਮੱਖਣ ਤੋਂ ਵਿਛੜ ਗਈ ਹੈ। ਉਸ ਦੀ ਹਾਲਤ ਤਾਂ ਰੱਸ ਤੋਂ ਬਿਨਾਂ ਉਸ ਛਿਲਕੇ ਵਾਂਗ ਹੈ। ਉਸ ਦੀ ਹਾਲਤ ਤਾਂ ਮਜੀਠ ਦੀ ਫੋਕ ਦੀ ਤਰ੍ਹਾਂ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ-

ਮਖਣੁ ਲਇਆ ਵਿਰੋਲਿ ਕੈ ਛਾਹਿ ਛੁਟੜਿ ਹੋਈ ।
ਪੀੜ ਲਈ ਰਸ ਗੰਨਿਅਹੁ ਛਿਲੁ ਛੁਹੈ ਨ ਕੋਈ ।
ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ ।
ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ ।
ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ ।
bpM syrM ija~vMYsB leI]12] (ਵਾਰ ੩੪, ਪਉੜੀ ੧੨)

ਅੱਜ ਮਾਝੇ ਦੀ ਧਰਤੀ ਤੋਂ ਅਣਖ ਵਾਲੇ ਸਰਦਾਰ ਵੀ ਤੁਰੇ ਹਨ ਤੇ ਕੁਝ ਆਪਣੇ ਆਪ ਨੂੰ ਚਤੁਰ ਸਿਆਸਤਦਾਨ ਸਮਝਣ ਵਾਲੇ ਵੀ ਤੁਰੇ ਹਨ। ਗੁਰੂ ਕਲਗੀਧਰ ਜੀ ਨੂੰ ਜਦੋਂ ਮਿਲੇ ਤਾਂ ਇਹਨਾਂ ਨੇ ਮਿਲਦਿਆਂ ਮੱਥੇ ਟੇਕੇ ਹਨ। ਉਥੇ ਇਹਨਾਂ ਨੇ ਆਪਣੇ ਵਲੋਂ ਹਮਦਰਦੀ ਵੀ ਪ੍ਰਗਟ ਕੀਤੀ ਕਿ ਸੱਚੇ ਪਾਤਸ਼ਾਹ! ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ। ਮਾਤਾ ਗੁਜਰੀ ਜੀ ਸ਼ਹੀਦ ਹੋ ਗਏ ਹਨ। ਇਸ ਦਾ ਸਾਨੂੰ ਖੇਦ ਹੈ। ਗੁਰੂ ਕਲਗੀਧਰ ਜੀ ਦੇ ਪਵਿੱਤਰ ਮੁੱਖ ਵਿੱਚੋਂ ਬਚਨ ਸਨ–ਪਾਰਬ੍ਰਹਮ ਦੀ ਲੀਲਾ ਹੈ। ਉਸ ਦੀ ਦਿੱਤੀ ਦਾਤ ਸੀ। ਜਿਸ ਨੇ ਦਿੱਤੀ ਸੀ, ਉਸ ਦੇ ਚਰਨਾਂ ਵਿੱਚ ਭੇਟ ਹੋ ਗਈ। ਖੇਦ ਨਹੀਂ, ਉਸ ਸਾਈਂ ਦੇ ਸ਼ੁਕਰ ਵਿੱਚ ਜੁੜ ਜਾਉ। ਉਹਨਾਂ ਕਿਹਾ, ਸਤਿਗੁਰੂ ਜੀ! ਤੁਸੀਂ ਗੁਰੂ ਨਾਨਕ ਸਾਹਿਬ ਵਾਲਾ ਰਾਹ ਅਪਣਾਉ। ਹਜ਼ੂਰ ਨੇ ਕਿਹਾ, ਕਿਹੜਾ ? ਤਾਂ ਉਹ ਕਹਿਣ ਲੱਗੇ ਕਿ ਤੁਸੀਂ ਸਾਡੇ ਨਾਲ ਮਾਝੇ ਦੀ ਧਰਤੀ 'ਤੇ ਚਲੋ। ਤੁਸੀਂ ਸਾਡੇ ਗੁਰੂ ਬਣ ਕੇ ਰਹੋ ਤੇ ਅਸੀਂ ਤੁਹਾਡੇ ਸਿੱਖ ਬਣ ਕੇ ਰਹਿੰਦੇ ਹਾਂ। ਆਪ ਆਰਾਮ ਨਾਲ ਭਜਨ

ਬੰਦਗੀ ਕਰੋ ਤੇ ਸਿੱਖਾਂ ਕੋਲੋਂ ਸਿਮਰਨ ਕਰਾਉ। ਅਸਾਂ ਹਕੂਮਤ ਨਾਲ ਲੜ ਕੇ ਕੀ ਲੈਣਾ ਹੈ। ਦੂਜੀ ਗੱਲ, ਜੇ ਅੱਜ ਵਜ਼ੀਰ ਖ਼ਾਂ ਆਉਂਦਾ ਹੈ ਤਾਂ ਅਸੀਂ ਸੂਬਾ ਸਰਹੰਦ ਤੇ ਔਰੰਗਜ਼ੇਬ ਨੂੰ ਜਾ ਕੇ ਮਿਲਾਂਗੇ ਤੇ ਸੁਲਾਹ ਸਫ਼ਾਈ ਕਰਵਾ ਦਿਆਂਗੇ।

ਜਦੋਂ ਇੰਨੇ ਸ਼ਬਦ ਉਹਨਾਂ ਸਰਪੰਚਾਂ ਨੇ ਕਹੇ ਤਾਂ ਮੇਰੇ ਕਲਗੀ ਵਾਲੇ ਦੇ ਪਵਿੱਤਰ ਮੁੱਖ ਤੋਂ ਚਾਰ ਬਚਨ ਰਤਨ ਸਿੰਘ ਭੰਗੂ ਨੇ ਕਹਾਏ ਹਨ ਕਿ ਤੁਸੀਂ ਸਿੱਖ ਬਣ ਕੇ ਆਏ ਹੋ ਜਾਂ ਗੁਰੂ ਬਣ ਕੇ ? ਕਹਿਣ ਲੱਗੇ, ਸਿੱਖ ਬਣ ਕੇ। ਗੁਰੂ ਜੀ ਕਹਿਣ ਲੱਗੇ ਕਿ ਅੱਜ ਤੁਹਾਡੀ ਚਲਦੀ ਹੈ ਸਰਕਾਰੇ ਦਰਬਾਰੇ, ਪਰ ਜਦੋਂ ਲਾਹੌਰ ਦੀ ਧਰਤੀ 'ਤੇ ਸੁਖਮਨੀ ਉਚਾਰਨ ਵਾਲੇ ਸ਼ਾਂਤੀ ਦੇ ਸੋਮੇ ਧੰਨ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾਇਆ ਸੀ, ਉਸ ਦਿਨ ਤੁਹਾਡੀ ਸਰਕਾਰੇ ਦਰਬਾਰੇ ਕਿਉਂ ਨਾ ਚੱਲੀ ? ਭਾਈ ਮਹਾਂ ਸਿੰਘ ਕੁਝ ਨਹੀਂ ਕਹਿ ਰਿਹਾ। ਦੂਜੀ ਗੱਲ ਕਹੀ ਕਿ ਜਿਸ ਦਿਨ ਪਿਤਾ ਜੀ ਦਿੱਲੀ ਗਏ ਤੇ ਉਹਨਾਂ ਸ਼ਹਾਦਤ ਦਾ ਜਾਮ ਪੀਤਾ ਹੈ ਤਾਂ ਮੇਰੇ ਬਾਪੂ ਦਾ ਸਿਰ ਵੀ ਕਿਸੇ ਨਹੀਂ ਸੀ ਚੁੱਕਿਆ। ਕੇਵਲ ਭਾਈ ਜੈਤਾ ਹੀ ਸੀਸ ਲੈ ਕੇ ਆਇਆ ਸੀ, ਉਸ ਦਿਨ ਤੁਹਾਡੀ ਸਰਕਾਰੇ ਦਰਬਾਰੇ ਕਿਉਂ ਨਾ ਚੱਲੀ ? ਜਿਸ ਦਿਨ ਮੇਰੇ ਛੋਟੇ ਛੋਟੇ ਬੱਚੇ ਚਮਕੌਰ ਦੀ ਗੜ੍ਹੀ ਵਿੱਚ ਤੇ ਸਰਹੰਦ ਵਿੱਚ ਸ਼ਹੀਦ ਕੀਤੇ ਗਏ, ਉਸ ਦਿਨ ਤੁਹਾਡੀ ਸਰਕਾਰੇ ਦਰਬਾਰੇ ਕਿਉਂ ਨਾ ਚੱਲੀ ? ਜਦੋਂ ਏਨੇ ਸ਼ਬਦ ਹਜ਼ੂਰ ਨੇ ਕਹੇ ਤਾਂ ਗੁਰਮੁਖੋ! ਇੰਨੀ ਦੇਰ ਨੂੰ ਪਤਾ ਲੱਗਾ ਕਿ ਸਰਹੰਦ ਤੋਂ ਫ਼ੌਜ ਆ ਰਹੀ ਹੈ। ਹਜ਼ੂਰ ਨੇ ਕਿਹਾ, ਜੇ ਤੁਸੀਂ ਰਹਿਣਾ ਹੈ ਤਾਂ ਰਹੋ ਨਹੀਂ ਤਾਂ ਲਿਖ ਕੇ ਦੇ ਦਿਉ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ।

ਕਹਿੰਦੇ ਹਨ, ਉਸ ਸਮੇਂ ਗੁਰੂ ਕਲਗੀਧਰ ਜੀ ਦੇ ਸਾਹਮਣੇ ਉਹਨਾਂ ਚੌਧਰੀਆਂ ਨੇ ਕਾਗ਼ਜ਼ 'ਤੇ ਲਿਖ ਕੇ ਦੇ ਦਿੱਤਾ—ਗੁਰੂ ਗੋਬਿੰਦ ਸਿੰਘ! ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਭਾਈ ਰਾਏ ਸਿੰਘ, ਭਾਈ ਮਹਾਂ ਸਿੰਘ ਤੇ ਮਾਈ ਭਾਗੋ ਜਦੋਂ ਹਜ਼ੂਰ ਅੱਗੇ ਤੁਰ ਪਏ ਤਾਂ ਇਹ ਸਾਰੇ ਸਲਾਹ ਕਰਦੇ ਹਨ। ਚੇਤੇ ਰੱਖੋ ਕਿ ਭਾਈ ਮਹਾਂ ਸਿੰਘ ਨਾਲ ਨਹੀਂ ਤੁਰਿਆ। ਭਾਈ ਸਾਹਿਬ ਦੇ ਸਾਰੇ ਪਰਿਵਾਰ ਨੂੰ ਤੇ 40 ਸਿੱਖਾਂ ਨੂੰ ਭਾਈ ਮਹਾਂ ਸਿੰਘ ਨੇ ਲਕੀਰ ਖਿੱਚ ਕੇ ਕਿਹਾ ਕਿ ਜਿਸ ਨੇ ਗੁਰੂ ਦੇ ਚਰਨਾਂ ਵਿੱਚ ਸ਼ਹੀਦ ਹੋਣਾ ਹੈ, ਉਹ ਇਸ ਪਾਸੇ ਆ ਜਾਉ ਮੇਰੇ ਪਿੱਛੇ ਤੇ ਜਿਸ ਨੇ ਚੌਧਰੀਆਂ ਪਿੱਛੇ ਜਾਣਾ ਹੈ, ਉਹ ਇਹਨਾਂ ਨਾਲ ਚਲੇ ਜਾਉ। ਹਜ਼ੂਰ ਦੇ ਪਿੱਛੇ ਭਾਈ ਮਹਾਂ ਸਿੰਘ ਤੁਰਿਆ ਹੈ। ਕਈ ਲਿਖ ਕੇ ਦੇ ਕੇ ਚਲੇ ਗਏ। ਖਿਦਰਾਣੇ ਦੀ

ਢਾਬ ਵਿੱਚ ਪਾਣੀ ਸੀ। ਹਜ਼ੂਰ ਨੇ ਜਾ ਕੇ ਉੱਚੀ ਟਿੱਬੀ 'ਤੇ ਟਿਕਾਣਾ ਕੀਤਾ। ਸਿੱਖਾਂ ਨੇ ਆਪਣੇ ਬਸਤਰ ਤੇ ਕਛਹਿਰੇ ਝਾੜੀਆਂ 'ਤੇ ਇਸ ਢੰਗ ਨਾਲ ਖਿਲਾਰ ਦਿੱਤੇ ਤਾਂ ਕਿ ਇਹ ਪਤਾ ਲੱਗੇ ਕਿ ਇਥੇ ਸਿੱਖਾਂ ਦੀ ਗਿਣਤੀ ਕਾਫ਼ੀ ਹੈ।

ਭਾਈ ਮਹਾਂ ਸਿੰਘ ਕਹਿਣ ਲੱਗੇ, ਗੁਰਮੁਖੋ! ਸ਼ਹਾਦਤ ਦੇ ਜਾਮ ਪੀਣ ਦਾ ਸਮਾਂ ਆ ਗਿਆ ਹੈ। ਆਉ ਗੁਰੂ ਕਲਗੀਧਰ ਦੇ ਨੇੜੇ ਜ਼ਾਲਮ ਦੇ ਜਾਣ ਤੋਂ ਪਹਿਲਾਂ ਅਸੀਂ ਇਹਨਾਂ ਦਾ ਮੁਕਾਬਲਾ ਕਰੀਏ। ਭਾਈ ਮਾਨ ਸਿੰਘ ਦੀ ਅਗਵਾਈ ਵਿੱਚ ਉਥੇ ਯੁੱਧ ਹੋਇਆ। ਪੰਜ-ਪੰਜ, ਦਸ-ਦਸ ਦੇ ਜੱਥੇ ਲੜ ਰਹੇ ਹਨ। ਜਦੋਂ ਜ਼ਾਲਮ ਥੱਕ ਗਏ ਤੇ ਇੱਧਰ ਚਾਲ੍ਹੀਆਂ ਨੇ ਸ਼ਹਾਦਤ ਦਾ ਜਾਮ ਪੀ ਲਿਆ ਹੈ ਤਾਂ ਵਜ਼ੀਰ ਖ਼ਾਂ ਨੇ ਕਪੂਰੇ ਨੂੰ ਕਿਹਾ ਕਿ ਪਾਣੀ ਨਾਲ ਮੇਰੇ ਸਿਪਾਹੀ ਬੇਹਾਲ ਹੋ ਰਹੇ ਹਨ ਤੇ ਪਾਣੀ ਕਿਥੋਂ ਮਿਲੇਗਾ ? ਕਪੂਰੇ ਨੇ ਇਥੇ ਸਿਆਣਪ ਕੀਤੀ। ਕਹਿੰਦਾ ਹੈ ਕਿ ਜੇ ਅੱਗੇ ਤੁਰੋਗੇ ਤਾਂ 30 ਕੋਹ ਤੇ ਪਿੱਛੇ ਜਾਉਗੇ ਤਾਂ 10 ਕੋਹ। ਪਿਆਸ ਨਾਲ ਵਿਆਕੁਲ ਹੋਏ ਸਿਪਾਹੀਆਂ ਨੇ ਪਿੱਛੇ ਮੁੜਨਾ ਚੰਗਾ ਸਮਝਿਆ। ਜਦੋਂ ਉਹ ਚਲੇ ਗਏ ਤਾਂ ਹੁਣ ਦੇਖੋ ਕਿ ਮੁਕਤਿਆਂ ਦੀ ਪਦਵੀ ਕੀ ਹੈ।

ਮੇਰੇ ਕਲਗੀ ਵਾਲੇ ਟਿੱਬੀ ਤੋਂ ਹੇਠਾਂ ਉੱਤਰੇ ਹਨ। ਉਹਨਾਂ ਨਾਲ ਜਿਹੜੇ ਸਿੱਖ ਸਨ, ਉਹ ਵੀ ਆਏ। ਪੁੱਛਦੇ ਹਨ, ਦਾਤਾ! ਇਹ ਕੌਣ ਯੁੱਧ ਕਰਦੇ ਰਹੇ ? ਹਜ਼ੂਰ ਥੱਲੇ ਆਏ। ਦੇਖਦੇ ਹਨ ਕਿ ਇਹ ਮਾਝੇ ਦੇ ਸਰਦਾਰ ਹਨ। ਇਹ ਤਾਂ ਉਹਨਾਂ ਨਾਲ ਚਲ ਕੇ ਆਏ ਸਨ ਜਿਹੜੇ ਲਿਖ ਕੇ ਦੇ ਗਏ ਹਨ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਭਾਈ ਵੀਰ ਸਿੰਘ ਕਹਿੰਦੇ ਹਨ ਕਿ ਸਿੱਖਾ ਦੇਖ, ਅੱਜ ਦਿਲੋਂ ਪ੍ਰੀਤ ਕਰਨ ਵਾਲਾ ਪ੍ਰੀਤਮ ਥੱਲੇ ਉਤਰਦਾ ਪਿਆ ਹੈ। ਕਹਿੰਦੇ ਹਨ, ਇਕ ਨੂੰ ਫੜਿਆ ਤੇ ਘੁੱਟ ਕੇ ਸੀਨੇ ਨਾਲ ਲਾ ਕੇ ਕਹਿੰਦੇ ਹਨ ਮੇਰਾ ਪੰਜ ਹਜ਼ਾਰੀ। ਦੂਜੇ ਨੂੰ ਫੜ ਕੇ ਕਹਿੰਦੇ ਹਨ ਮੇਰਾ ਦਸ ਹਜ਼ਾਰੀ। ਤੀਜੇ ਨੂੰ ਫੜ ਕੇ ਕਹਿੰਦੇ ਹਨ ਮੇਰਾ ਵੀਹ ਹਜ਼ਾਰੀ। ਕਿਸੇ ਨੂੰ ਕਹਿੰਦੇ ਹਨ ਮੇਰਾ ਮੁਲਤਾਨ ਦਾ ਬਾਦਸ਼ਾਹ। ਕਿਸੇ ਨੂੰ ਕਹਿੰਦੇ ਹਨ ਮੇਰੇ ਪਸ਼ੌਰ ਦਾ ਹਾਕਮ। ਇਕ ਇਕ ਸਿੱਖ ਨੂੰ ਪਦਵੀ ਦੇ ਰਹੇ ਹਨ। ਹਜ਼ੂਰ ਨੇ ਸਾਰਿਆਂ ਵਿੱਚੋਂ ਆਪਣੇ ਪਿਆਰੇ ਮਹਾਂ ਸਿੰਘ ਨੂੰ ਪਹਿਚਾਣ ਲਿਆ। ਹਜ਼ੂਰ ਨੇ ਭਾਈ ਮਹਾਂ ਸਿੰਘ ਦੇ ਸੀਸ ਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਾਇਆ ਅਤੇ ਆਪਣੇ ਬਸਤਰ ਦੇ ਨਾਲ ਉਸ ਦੇ ਚਿਹਰੇ ਨੂੰ ਸਾਫ਼ ਕੀਤਾ। ਭਾਈ ਵੀਰ ਸਿੰਘ 'ਗੁਰ ਚਮਤਕਾਰ' ਵਿੱਚ ਕਹਿੰਦੇ ਹਨ ਕਿ ਦੇਖ ਸਿੱਖਾ! ਤੇਰੇ ਗੁਰੂ ਦਾ ਹਿਰਦਾ ਤੇਰੇ ਲਈ ਕਿੰਨਾ ਪਿਆਰ ਨਾਲ ਭਰਿਆ ਹੋਇਆ ਹੈ।

ਕਹਿੰਦੇ ਹਨ ਕਿ ਉਸ ਗੁਰੂ ਦੇ ਨੇਤਰਾਂ ਵਿੱਚ ਵੀ ਨੀਰ ਸੀ ਜਦੋਂ ਅਨੰਦਪੁਰ ਸਾਹਿਬ ਨੂੰ ਛੱਡਿਆ। ਉਦੋਂ ਵੀ ਨੀਰ ਨਹੀਂ ਸੀ ਜਦੋਂ ਸਾਹਮਣੇ ਦੋ ਪੁੱਤਰ ਸ਼ਹੀਦ ਹੋਏ ਹਨ। ਉਦੋਂ ਵੀ ਨੀਰ ਨਹੀਂ ਸੀ ਜਦੋਂ ਹਜ਼ੂਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਮਿਲੀ ਸ਼ਹੀਦ ਹੋਣ ਬਾਰੇ। ਕਹਿੰਦੇ ਹਨ ਕਿ ਜਿਨ੍ਹਾਂ ਨੇ ਬੇਦਾਵੇ ਦਿੱਤੇ ਸਨ, ਬੇਦਾਵਾ ਦੇਣ ਵਾਲਿਆਂ ਨੂੰ ਇੰਨਾ ਪਿਆਰ ਕਰਦਾ ਹੈ ਤੇ ਜਿਹੜੇ ਦਾਅਵਾ ਕਰਕੇ ਕਹਿੰਦੇ ਹੋਣਗੇ ਕਿ ਗੁਰੂ ਗੋਬਿੰਦ ਸਿੰਘ! ਤੂੰ ਸਾਡਾ ਹੈਂ ਤੇ ਅਸੀਂ ਤੇਰੇ ਹਾਂ ਤਾਂ ਉਹਨਾਂ ਨੂੰ ਕਿੰਨਾ ਕੁ ਪਿਆਰ ਕਰੇਗਾ।

ਹਜ਼ੂਰ ਭਾਈ ਮਹਾਂ ਸਿੰਘ ਕੋਲ ਆਏ। ਭਾਈ ਮਹਾਂ ਸਿੰਘ ਦੇ ਦੋਨੋਂ ਹੱਥ ਜੁੜ ਗਏ। ਅੰਦਰੋਂ ਗਲੇ ਤੋਂ ਕੁਝ ਬੋਲਣਾ ਚਾਹੁੰਦੇ ਹਨ, ਪਰ ਜ਼ੁਬਾਨ ਵਿੱਚੋਂ ਸ਼ਬਦਾਂ ਦਾ ਜਨਮ ਨਹੀਂ ਹੋ ਰਿਹਾ। ਹਜ਼ੂਰ ਨੇ ਜਦੋਂ ਇਕ-ਇਕ ਨੂੰ ਸੀਨੇ ਨਾਲ ਲਾਇਆ ਤਾਂ ਇਥੇ ਕਿਸੇ ਸਿੱਖ ਨੇ ਕਿਹਾ ਕਿ ਮਹਾਰਾਜ! ਇਹ ਤਾਂ ਉਹ ਹਨ ਜਿਹੜੇ ਬੇਦਾਵਾ ਦੇ ਗਏ ਸਨ। ਤਾਂ ਹਜ਼ੂਰ ਕਹਿੰਦੇ ਹਨ ਕਿ ਗੁਰਮੁਖਾ! ਇਕ ਪਾਸਿਉਂ ਟੁੱਟੀ ਸੀ, ਦੂਜੇ ਪਾਸਿਉਂ ਨਹੀਂ। ਉਹਨਾਂ ਕਿਹਾ, ਮਹਾਰਾਜ! ਇਸ ਦਾ ਕੀ ਅਰਥ ਹੈ ? ਗੁਰੂ ਜੀ ਕਹਿਣ ਲੱਗੇ ਕਿ ਇਹ ਲਿਖ ਕੇ ਦੇ ਗਏ ਸਨ ਕਿ ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ, ਪਰ ਮੈਂ ਤਾਂ ਕਿਤੇ ਲਿਖ ਕੇ ਨਹੀਂ ਦਿੱਤਾ ਕਿ ਤੁਸੀਂ ਮੇਰੇ ਸਿੱਖ ਨਹੀਂ ਤੇ ਮੈਂ ਤੁਹਾਡਾ ਗੁਰੂ ਨਹੀਂ। ਉਸ ਵੇਲੇ ਭਾਈ ਮਹਾਂ ਸਿੰਘ ਨੇ ਕਿਹਾ, ਦਾਤਾ! ਬਖ਼ਸ਼ ਲੈ। ਹਜ਼ੂਰ ਨੇ ਉਥੇ ਬਚਨ ਕੀਤਾ—ਮਹਾਂ ਸਿੰਘ ਮੇਰੇ ਲਾਲ, ਕੁਝ ਮੰਗ। ਤਾਂ ਉਹ ਅੱਗੋਂ ਕਹਿਣ ਲੱਗਾ-

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥

(ਆਸਾ ਦੀ ਵਾਰ)

ਮਹਾਂ ਸਿੰਘ ਕਹਿਣ ਲੱਗਾ, ਦਾਤਾ! ਟੁੱਟੀ ਗੰਢ ਲੈ। ਹਜ਼ੂਰ ਨੇ ਉਸੇ ਵੇਲੇ ਕਮਰਕਸੇ ਵਿੱਚੋਂ ਕਾਗ਼ਜ਼ ਕੱਢਿਆ ਤੇ ਉਸ ਦੇ ਟੁਕੜੇ ਕਰ ਦਿੱਤੇ। ਕਹਿਣ ਲੱਗਾ, ਦਾਤਿਆ! ਮੇਰੇ ਭਰਾਵਾਂ ਨੂੰ ਵੀ ਬਖ਼ਸ਼ ਲਈਂ। ਹਜ਼ੂਰ ਨੇ ਕਿਹਾ, ਮਹਾਂ ਸਿੰਘ! ਤੂੰ ਮਾਝੇ ਦੀ ਰੱਖ ਲਈ ਹੈ ਸਰਦਾਰਾ। ਟੁੱਟੀ ਨਿਖੁੱਟੀ। ਹਜ਼ੂਰ ਨੇ ਘੁੱਟ ਕੇ ਸੀਨੇ ਨਾਲ ਲਗਾਇਆ ਤੇ ਭਾਈ ਮਹਾਂ ਸਿੰਘ ਦਾ ਅੰਤਲਾ ਸੁਆਸ ਗੁਰੂ ਦੇ ਸੀਨੇ ਵਿੱਚ ਸਮਾ ਗਿਆ। ਭਾਈ ਸਾਹਿਬ ਨੇ ਸ਼ਹਾਦਤ ਦਾ ਜਾਮ ਪੀਤਾ।

ਇੰਨੀ ਦੇਰ ਨੂੰ ਇਕ ਸਿੱਖ ਨੇ ਕਿਹਾ, ਮਹਾਰਾਜ! ਇਕ ਮਾਈ ਵੀ ਹੈ, ਜ਼ਖ਼ਮੀ ਹੋਈ ਪਈ ਹੈ। ਹਜ਼ੂਰ ਨੇ ਦੇਖਿਆ ਤਾਂ ਮਾਈ ਭਾਗੋ ਨੂੰ ਹੋਸ਼ ਆਈ। ਹੱਥ ਜੋੜ ਕੇ ਕਹਿੰਦੀ ਹੈ, ਦਾਤਾ! ਕ੍ਰਿਪਾ ਕਰੀਂ। ਕਿਹਾ ਬੀਬੀ, ਕੁੱਝ ਮੰਗ। ਕਹਿਣ

ਲੱਗੀ, ਦਾਤਾ! ਮੇਰੇ ਪਰਿਵਾਰ ਨੂੰ, ਮੇਰੀ ਧਰਤੀ ਨੂੰ ਮਿਹਰ ਕਰਕੇ ਬਖ਼ਸ਼ ਦੇ। ਹਜ਼ੂਰ ਨੇ ਕਿਹਾ, ਬਖ਼ਸ਼ ਦਿੱਤਾ। ਕਹਿਣ ਲੱਗੀ, ਉਹ ਜਨਮ ਮਰਨ ਦੇ ਬੰਧਨਾਂ ਤੋਂ ਮੁਕਤ ਹੋ ਜਾਣ। ਹਜ਼ੂਰ ਨੇ ਕਿਹਾ, ਬੀਬਾ! ਅੱਜ ਤੋਂ ਬਾਅਦ ਜਿਨ੍ਹਾਂ ਨੇ ਇਥੇ ਸ਼ਹਾਦਤ ਦਾ ਜਾਮ ਪੀਤਾ ਹੈ, ਉਹ ਜੀਉਂਦੇ ਵੀ ਮੁਕਤ ਤੇ ਮਰਨ ਤੋਂ ਬਾਅਦ ਵੀ ਮੁਕਤ ਤੇ ਰਹਿੰਦੀ ਦੁਨੀਆਂ ਤੱਕ ਲੋਕ ਇਸ ਧਰਤੀ ਨੂੰ ਸਿਜਦੇ ਕਰਨਗੇ। ਉਸ ਅਸਥਾਨ ਦਾ ਨਾਮ ਰੱਖਿਆ ਮੁਕਤਸਰ। ਹਜ਼ੂਰ ਨੇ ਆਪਣੇ ਹੱਥੀਂ ਸ਼ਹੀਦ ਹੋਏ ਸਿੱਖਾਂ ਦਾ ਸਸਕਾਰ ਕੀਤਾ।

ਗੁਰਸਿੱਖਾ! ਤੂੰ ਅਰਦਾਸ ਵਿੱਚ ਇਕੱਲਾ ਨਹੀਂ। ਜੇ ਤੂੰ ਸਨਮੁੱਖ ਹੋਣਾ ਹੈ ਤਾਂ ਚਾਲ੍ਹੀ ਮੁਕਤਿਆਂ ਨੂੰ ਸਾਹਮਣੇ ਰੱਖੀਂ। ਏਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਹਠ, ਜਪ ਤੇ ਤਪ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੀ ਸਤਿਕਾਰਯੋਗ ਸਾਧ ਸੰਗਤ ਜੀਓ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਤਿੰਨ ਸ਼ਬਦ ਅੱਜ ਅਸੀਂ ਅੱਗੇ ਹੋਰ ਪੜ੍ਹਨੇ ਹਨ। ਇਹ ਤਿੰਨ ਸ਼ਬਦ ਅਸੀਂ ਜਦੋਂ ਵਿਚਾਰਦੇ ਹਾਂ ਤਾਂ ਕਈ ਵਾਰੀ ਸਾਨੂੰ ਇਹਨਾਂ ਸ਼ਬਦਾਂ ਦੇ ਅਰਥ ਪਹਿਲਾਂ ਸਮਝਣੇ ਪੈਂਦੇ ਹਨ। ਇਹ ਤਿੰਨ ਸ਼ਬਦ ਹਨ—ਹਠੀਆਂ, ਜਪੀਆਂ, ਤਪੀਆਂ। ਇਹ ਤਿੰਨੋਂ ਦੇ ਤਿੰਨੋਂ ਸ਼ਬਦ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਆਏ ਹਨ। ਹਠ ਸ਼ਬਦ ਵੀ ਆਇਆ ਹੈ, ਜਪ ਸ਼ਬਦ ਤੇ ਤਪ ਸ਼ਬਦ ਵੀ ਆਇਆ ਹੈ। ਪਹਿਲਾਂ ਹਠੀ ਕਿਹੜੇ ਹਨ ? ਹਠ ਦੇ ਅੱਖਰੀ ਅਰਥ ਵਿਦਵਾਨਾਂ ਨੇ ਦੋ ਤਰੀਕੇ ਨਾਲ ਕੀਤੇ ਹਨ। ਇਕ ਅਰਥ ਹੈ—ਜ਼ਿੱਦੀ। ਦੂਜਾ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਕੇਵਲ ਫੋਕੇ ਕਰਮ-ਕਾਂਡ ਕਰਨ ਵਾਲੇ ਲਈ ਵਰਤਿਆ ਹੈ ਕਿ ਇਹ ਹਠ ਕਰਮ ਕਰਦਾ ਹੈ। ਤੀਸਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਅਸੀਂ ਪੜ੍ਹਦੇ ਹਾਂ ਕਿ-

ਹਠ ਮੰਝਾਹੂ ਮੈ ਮਾਣਕੁ ਲਧਾ ॥ ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ ॥
(ਅੰਕ ੯੬੪)

ਉਥੇ ਹਠ ਦਾ ਅਰਥ ਹੈ ਹਿਰਦਾ। ਹਿਰਦੇ ਵਿੱਚ ਮੈਨੂੰ ਨਾਮ ਦਾ ਕੀਮਤੀ ਮਣਕ ਲੱਭ ਗਿਆ ਹੈ।

ਕਈ ਸੱਜਣ ਕਹਿੰਦੇ ਹਨ ਕਿ ਹਠ ਨੂੰ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ ਤੇ ਇਥੇ ਹਠੀਆਂ ਦੀ ਕਮਾਈ ਦਾ ਅਸੀਂ ਧਿਆਨ ਕਿਉਂ ਧਰਦੇ ਹਾਂ ? ਤਪ ਨੂੰ ਤਾਂ ਗੁਰੂ ਨੇ ਸਵੀਕਾਰਿਆ ਨਹੀਂ, ਫਿਰ ਇਥੇ ਤਪੀਆਂ ਸ਼ਬਦ ਕਿਉਂ ਵਰਤਿਆ ? ਜਪ ਨੂੰ ਤਾਂ ਗੁਰਮਤਿ ਨੇ ਮੰਨਿਆ ਹੈ, ਫਿਰ ਇਥੇ ਜਪੀਆਂ ਦਾ ਧਿਆਨ ਕਿਉਂ ਧਰਦੇ ਹਾਂ ?

ਪਹਿਲਾ ਸ਼ਬਦ ਵਰਤਿਆ ਹੈ ਹਠ। ਹਠ ਦਾ ਅਰਥ ਜ਼ਿੱਦੀ ਵੀ ਹੈ। ਹਠ ਦਾ ਅਰਥ ਆਪ ਹੁਦਰਾ ਵੀ ਹੈ। ਹਠ ਦਾ ਅਰਥ ਕਰਮ-ਕਾਂਡੀ ਵੀ ਹੈ। ਹਠ ਦਾ ਅਰਥ ਹਿਰਦਾ ਵੀ ਹੈ। ਜਦੋਂ ਅਸੀਂ ਸਿਧ ਸਿਧਾਂਤ ਪੰਗਤੀ ਪੜ੍ਹਦੇ ਹਾਂ ਤਾਂ ਉਸ

ਦੇ ਵਿੱਚ ਸ਼ਬਦ ਆਉਂਦਾ ਹੈ ਹਠ ਜੋਗ। ਉਥੇ ਉਹਨਾਂ ਨੇ ਹਠ ਦੇ ਅੱਖਰੀ ਅਰਥ ਕੀਤੇ ਹਨ। ਜਦੋਂ ਬਾਣੀ ਪੜ੍ਹਦੇ ਹਾਂ, ਇਹ ਸ਼ਬਦ ਦੋ ਅੱਖਰਾਂ ਨਾਲ ਬਣਿਆ ਹੈ 'ਹ' ਤੇ 'ਠ'। ਉਹਨਾਂ ਨੇ ਇਸ ਦੇ ਅੱਖਰੀ ਅਰਥ ਕੀਤੇ ਹਨ। 'ਹ' ਦੇ ਅਰਥ ਕਰਦੇ ਹਨ ਸੂਰਜ ਅਤੇ 'ਠ' ਦੇ ਅਰਥ ਕਰਦੇ ਹਨ ਚੰਦਰਮਾ। ਆਪ ਕਹੋਗੇ ਕਿ ਇਹ ਅਰਥ ਕਿਵੇਂ ਬਣ ਗਏ ? ਜੋਗੀਆਂ ਦਾ ਇਹ ਖ਼ਿਆਲ ਹੈ ਕਿ ਸਾਡੇ ਸਰੀਰ ਅੰਦਰ ਜੋ ਹਵਾ ਟਿਕੀ ਹੋਈ ਹੈ, ਇਹ ਹਵਾ ਕਈ ਤਰੀਕਿਆਂ ਦੀ ਹੈ, ਪਰ ਉਹਨਾਂ ਨੇ ਆਮ ਤੌਰ 'ਤੇ ਦੋ ਨਾੜੀਆਂ ਦਾ ਨਾਮ ਵੀ ਸੂਰਜ ਨਾੜੀ ਤੇ ਚੰਦਰ ਨਾੜੀ ਰੱਖਿਆ ਹੈ।

ਜਦੋਂ ਉਹ ਹਵਾ ਦੀ ਗੱਲ ਕਰਦੇ ਹਨ ਤਾਂ ਉਹਨਾਂ ਨੇ ਚੰਦਰਮਾ ਤੇ ਸੂਰਜ ਇਹਨਾਂ ਦੇ ਸ਼ਬਦਾਂ ਨਾਲ ਸਰੀਰ ਅੰਦਰ ਹਵਾ ਦੇ ਵੀ ਦੋ ਹਿੱਸੇ ਕੀਤੇ ਹਨ। ਇਕ ਹਿੱਸਾ, ਸੂਰਜ ਦੀ ਜਦੋਂ ਵਿਆਖਿਆ ਕਰਦੇ ਹਨ 'ਹ' ਦੀ ਨਾਭੀ ਦੇ ਉੱਤੋਂ ਉਹ ਕਹਿੰਦੇ ਹਨ ਕਿ ਨਾਭੀ ਹਵਾ ਦਾ ਮੂਲ ਸ੍ਰੋਤ ਹੈ। ਇਸ ਨਾਭੀ ਦੇ ਉੱਪਰ ਜਿਹੜੀ ਹਵਾ ਹੈ, ਇਸ ਨੂੰ ਕਿਹਾ ਜਾਂਦਾ ਹੈ ਪ੍ਰਾਣ। ਇਸ ਨਾਭੀ ਤੋਂ ਥੱਲੇ ਜੋ ਸਰੀਰ ਵਿੱਚ ਹਵਾ ਹੈ, ਇਸ ਨੂੰ ਕਿਹਾ ਜਾਂਦਾ ਹੈ ਅਪਾਣ। ਉਹ ਕਹਿੰਦੇ ਹਨ ਕਿ ਜਿਹੜੀ ਨਾਭੀ ਤੋਂ ਉਪਰ ਸਰੀਰ ਦੇ ਅੰਗਾਂ ਵਿੱਚ ਹਵਾ ਟਿਕੀ ਹੈ, ਡਕਾਰ ਆਵੇ, ਨਿੱਛ ਆਵੇ, ਕੰਨਾਂ ਰਾਹੀਂ ਹਵਾ ਕਿਤੇ ਬਾਹਰ ਨਿਕਲੇ ਤਾਂ ਇਹ ਸਾਰੇ ਸੂਰਜ ਨਾੜੀ ਨਾਲ ਸਬੰਧਤ ਪ੍ਰਾਣ ਹਨ ਅਤੇ ਜੋ ਨਾਭੀ ਤੋਂ ਥੱਲੇ ਜਾਂਦੇ ਹਨ, ਇਸ ਨੂੰ ਕਿਹਾ ਜਾਂਦਾ ਹੈ ਕਿ ਇਹ ਅਪਾਣ ਹਨ। ਇਹ ਮੰਨਿਆ ਜਾਂਦਾ ਹੈ ਕਿ ਉਹ ਆਪਣੀ ਸਾਧਨਾ ਰਾਹੀਂ ਹਠ ਸ਼ਬਦ ਉਥੇ ਵਰਤਦੇ ਹਨ, ਜਿਥੇ ਪ੍ਰਾਣ ਤੇ ਅਪਾਣ ਦਾ ਮੇਲ ਹੋਵੇ। ਜਿਥੇ ਸੂਰਜ ਅਤੇ ਚੰਦਰਮਾ ਮਿਲਣ, ਉਸ ਨੂੰ ਕਿਹਾ ਜਾਂਦਾ ਹੈ ਹਠ। ਪਰ ਹਜ਼ੂਰ ਨੇ ਸ਼ਬਦ ਵਰਤਿਆ ਹੈ ਸਿੱਖਾਂ ਲਈ ਜੋ ਅਸੀਂ ਪੜ੍ਹਦੇ ਹਾਂ ਹਠੀਆਂ।

ਗੁਰਮੁਖੋ! ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਮਹਾਨ ਕੋਸ਼ ਪੜ੍ਹਿਓ। ਉਸ ਦੇ ਵਿੱਚ ਹਠੀ ਅੱਖਰ ਦੇ ਅਰਥ ਉਹਨਾਂ ਕੀਤੇ ਹਨ। ਕਹਿਣ ਲੱਗੇ ਕਿ ਹਠ ਦੋ ਤਰ੍ਹਾਂ ਦਾ ਹੈ। ਇਕ ਹੈ ਮੈਲਾ ਹਠ, ਦੂਜਾ ਹੈ ਉੱਤਮ ਹਠ। ਉਹ ਅਰਜ਼ ਕਰਦੇ ਹਨ ਕਿ ਦੋ ਤਰ੍ਹਾਂ ਦਾ ਭੈਅ ਗੁਰਮਤਿ ਨੇ ਮੰਨਿਆ ਹੈ। ਇਕ ਹੈ ਮੈਲਾ ਭੈਅ ਅਤੇ ਦੂਜਾ ਹੈ ਨਿਰਮਲ ਭਉ। ਆਪ ਬਾਣੀ ਵਿੱਚ ਪੜ੍ਹਦੇ ਵੀ ਹੋ-

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ... (ਅੰਕ ੨੨੪)

ਮਲੀਨ ਹਠ ਕੀ ਹੈ? ਭਾਈ ਕਾਨ੍ਹ ਸਿੰਘ ਨਾਭਾ ਕਹਿੰਦੇ ਹਨ ਕਿ ਕੁਝ ਲੋਕ ਜਿਹੜੇ ਯਥਾਰਥ ਨੂੰ ਸਮਝ ਜਾਂਦੇ ਹਨ। ਯਥਾਰਥ ਦਾ ਅਰਥ ਹੈ—ਅਸਲੀਅਤ।

ਜਿਹੜੇ ਲੋਕ ਅਸਲੀਅਤ ਨੂੰ ਸਮਝ ਜਾਂਦੇ ਹਨ, ਪਰ ਅਗਿਆਨ ਵੱਸ ਆਪਣੇ ਕੀਤੇ ਹੋਏ ਉੱਪਰ ਕਾਇਮ ਰਹਿੰਦੇ ਹਨ ਤੇ ਇਕ ਖਿਨ ਵੀ ਛੱਡਣ ਲਈ ਤਿਆਰ ਨਹੀਂ, ਉਹਨਾਂ ਨੂੰ ਕਿਹਾ ਜਾਂਦਾ ਹੈ ਕਿ ਇਹ ਮਲੀਨ ਹਠੀ ਹਨ। ਅਸਲੀਅਤ ਦਾ ਪਤਾ ਹੈ, ਪਰ ਫਿਰ ਵੀ ਕਰਮ-ਕਾਂਡੀ ਬਣੇ ਫਿਰਦੇ ਹਨ, ਇਹ ਹਨ ਮਲੀਨ ਤਰ੍ਹਾਂ ਦੇ ਹਠੀ। ਉੱਤਮ ਹਠੀ ਉਹ ਹਨ, ਜਿਨ੍ਹਾਂ ਨੂੰ ਅਸੀਂ ਅਰਦਾਸ ਵਿੱਚ ਚੇਤੇ ਕਰਦੇ ਹਾਂ। ਕਹਿਣ ਲੱਗੇ, ਇਕ ਆਦਰਸ਼ ਨੂੰ ਸਾਹਮਣੇ ਰੱਖ ਕੇ ਆਪਣੇ ਕਿਸੇ ਭੈਅ ਹੇਠ ਕਿਸੇ ਲਾਲਚ ਦੇ ਅਧੀਨ ਨਾ ਹੋ ਕੇ ਸੱਚ 'ਤੇ ਪਹਿਰਾ ਦਿੰਦਿਆਂ ਆਪਣੇ ਤਨ ਦੀ ਬਾਜ਼ੀ ਵੀ ਲਾ ਦੇਣੀ, ਇਹਨਾਂ ਲੋਕਾਂ ਨੂੰ ਅਸੀਂ ਅਰਦਾਸ ਵਿੱਚ ਕਹਿੰਦੇ ਹਾਂ ਹਠੀ। ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੋ। ਹਜ਼ੂਰ ਕਹਿਣ ਲੱਗੇ-

ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥ (ਅੰਕ ੪੩੬)

ਇਥੇ ਹਠ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਅੰਗਦ ਸਾਹਿਬ ਨੇ ਇਕ ਸਲੋਕ ਵਰਤਿਆ ਹੈ। ਕਹਿਣ ਲੱਗੇ-

ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ (ਅੰਕ ੭੮੭)

ਕਹਿੰਦੇ ਹਨ, ਜੇ ਤੂੰ ਮਨ ਹਠ ਕਰੇਂ, ਸੱਚ ਨੂੰ ਸਮਝੇਂ ਨਾ, ਕੇਵਲ ਆਪਣੀ ਹੀ ਚਲਾਈ ਜਾਏਂ ਕਿ ਮੈਂ ਚੰਗੇ ਅਸੂਲ 'ਤੇ ਕਾਇਮ ਹਾਂ ਤਾਂ ਗੁਰੂ ਅੰਗਦ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਰੱਬ ਵਾਲਾ ਪਾਸਾ ਜਿੱਤਿਆ ਨਹੀਂ ਜਾਂਦਾ-

ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥ (ਅੰਕ ੭੮੭)

ਜੇ ਹਠ ਕਰਕੇ ਬੰਦਾ ਮੰਨ ਵੀ ਜਾਏ, ਹੋਵੇ ਯਥਾਰਥ ਨਾ ਤਾਂ ਹਜ਼ੂਰ ਨੇ ਬਾਣੀ ਵਿੱਚ ਬਚਨ ਕਿਹਾ ਹੈ-

ਹਠੁ ਕਰਿ ਮਰੈ ਨ ਲੇਖੈ ਪਾਵੈ ॥ (ਅੰਕ ੨੨੬)

ਜਿਹੜੇ ਅਰਦਾਸ ਵਿੱਚ ਹਠੀ ਹਨ, ਉਹ ਕਿਹੜੇ ਹਨ, ਭਗਤਾਂ ਦੇ ਕੁੱਝ ਬਚਨ ਮੈਂ ਆਪ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲੀ ਗੱਲ ਇਹ ਹੈ ਕਿ ਜਦੋਂ ਕੋਈ ਹਠ ਨੂੰ ਲੈ ਕੇ ਤੁਰਦਾ ਹੈ ਤਾਂ ਭਗਤ ਪ੍ਰਹਿਲਾਦ ਜੀ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਧੰਨ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਜੀ, ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਦਾ ਧਿਆਨ ਕਰੀਦਾ ਹੈ। ਦੇਖੋ ਪ੍ਰਹਿਲਾਦ ਦੇ ਸਾਹਮਣੇ ਕੇਵਲ ਇਕੋ ਗੱਲ ਆਈ ਹੈ। ਉਦਾਹਰਨ ਨੂੰ ਸਮਝਣ ਲਈ ਮੈਂ ਪ੍ਰਮਾਣ ਅਰਜ਼ ਕਰ ਰਿਹਾ ਹਾਂ ਕਿ ਹਠੀ ਸ਼ਬਦ ਕੀ ਹੈ। ਸਾਹਮਣੇ ਇਕੋ

ਗੱਲ ਆਈ ਹੈ ਕਿ ਤੂੰ ਰਾਮ ਨਾਮ ਨੂੰ ਤਿਆਗ ਦੇ, ਜੋ ਤੇਰਾ ਬਾਪ ਕਹਿ ਰਿਹਾ ਹੈ, ਇਸ ਨੂੰ ਸਵੀਕਾਰ ਕਰ ਲੈ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਬਚਨ ਪੜ੍ਹਦੇ ਹਾਂ ਤਾਂ ਸਭ ਤੋਂ ਪਹਿਲਾਂ ਹਠੀ ਪ੍ਰਹਿਲਾਦ ਹੈ ਕਿ ਸੱਕੀ ਮਾਂ, ਸੱਕਾ ਬਾਪ, ਇਥੋਂ ਤੱਕ ਕਿ ਪੜ੍ਹਾਉਣ ਵਾਲੇ ਉਸਤਾਦ ਵੀ ਜੋ ਉਸ ਨੂੰ ਅਸੂਲ ਤੋਂ ਡੇਗਣ ਦਾ ਯਤਨ ਕਰਦੇ ਹਨ ਤਾਂ ਰੱਬ ਦੇ ਭੈਅ ਵਿੱਚ ਰਹਿਣ ਵਾਲਾ ਇੰਨਾ ਕੁ ਹਠੀ ਹੈ ਕਿ ਉਸ ਨੂੰ ਤਨ ਆਪਣਾ ਖ਼ਤਮ ਕਰਵਾਉਣਾ ਪ੍ਰਵਾਨ ਹੋ ਸਕਦਾ ਹੈ, ਪਰ ਕਦੀ ਉਹ ਰਾਮ ਨਾਮ ਨੂੰ ਛੱਡੇਗਾ ਨਹੀਂ। ਹਜ਼ੂਰ ਬਾਣੀ ਵਿੱਚ ਕਹਿਣ ਲੱਗੇ-

ਸੰਡਾ ਮਰਕਾ ਸਭਿ ਜਾਇ ਪੁਕਾਰੇ ॥

ਸੰਡਾ ਤੇ ਮਰਕਾ ਪ੍ਰਹਿਲਾਦ ਦੇ ਉਸਤਾਦ ਹਨ। ਕਹਿਣ ਲੱਗੇ, ਜਦੋਂ ਇਹਨਾਂ ਨੂੰ ਕਿਹਾ ਕਿ ਇਸ ਬੱਚੇ ਨੂੰ ਸਮਝਾਉਣ ਕਿ ਇਹ ਰਾਮ ਨਾਮ ਨਾ ਜਪੇ। ਸਾਹਿਬ ਕਹਿੰਦੇ ਹਨ-

ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ॥
ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥
ਰਾਮ ਨਾਮਾ ਜਪਿਬੋ ਕਰੈ ॥ ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥
ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥

(ਅੰਕ ੧੧੬੫)

ਪਟਰਾਨੀ ਦਾ ਅਰਥ ਹੈ ਮਾਂ। ਮਾਂ ਆ ਕੇ ਬੇਨਤੀ ਕਰਦੀ ਹੈ ਕਿ ਮੈਂ ਤੈਨੂੰ ਆਪਣਾ ਦੁੱਧ ਚੁੰਘਾਇਆ ਹੈ। ਗੁਰਮੁਖੋ! ਮਾਂ ਨੇ ਆਪਣੇ ਦੁੱਧ ਦਾ ਵਾਸਤਾ ਪਾਇਆ ਹੈ। ਮਾਂ ਨੇ ਆਪਣੀ ਕੁੱਖ ਦਾ ਵਾਸਤਾ ਪਾਇਆ ਹੈ ਕਿ ਪੁੱਤਰ, ਮੇਰੇ ਪੀਤੇ ਹੋਏ ਅੰਮ੍ਰਿਤ ਵਰਗੇ ਸ਼ੀਰ ਦਾ ਤੇ ਮੇਰੀਆਂ ਲੋਰੀਆਂ ਤੇ ਮੇਰੀ ਗੋਦ ਦਾ ਵਾਸਤਾ ਹੈ ਕਿ ਜੋ ਬਾਪ ਤੇਰਾ ਕਹਿੰਦਾ ਹੈ, ਉਹ ਮੰਨ ਜਾ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਪਹਿਲੇ ਹਠੀ ਨੇ ਉੱਤਰ ਦਿੱਤਾ ਸੀ-

ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥
ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥

(ਅੰਕ ੧੧੬੫)

ਉਹ ਕਹਿੰਦਾ ਹੈ, ਮਾਂ! ਠੀਕ ਹੈ, ਤੂੰ ਜਨਮ ਦਿੱਤਾ ਹੈ, ਪਰ ਇਕ ਗੱਲ ਚੇਤੇ ਰੱਖੀਂ, ਜਿਸ ਅਸੂਲ 'ਤੇ ਮੈਂ ਖਲੋਤਾ ਹਾਂ, ਮੈਂ ਤੇਰੇ ਬਚਨ ਨੂੰ ਤਾਂ ਵਾਪਸ ਮੋੜ ਸਕਦਾ ਹਾਂ, ਪਰ ਮੈਂ ਰੱਬ ਦੇ ਨਾਮ ਤੋਂ ਕਦੀ ਹੱਟਾਂਗਾ ਨਹੀਂ। ਇਹ ਹੈ ਹਠੀ ਦੀ ਉਦਾਹਰਣ। ਭਗਤ ਨਾਮਦੇਵ ਜੀ ਦਾ ਬਚਨ ਆਉਂਦਾ ਹੈ-

ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥

(ਅੰਕ ੧੧੯੫)

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥

ਦੁਨੀਆਂ ਭਾਵੇਂ ਮਜ਼ਾਕ ਉਡਾਏ, ਪਰ ਬੰਦਗੀ ਕਰਨ ਵਾਲਾ ਬੰਦਗੀ ਦਾ ਕਦੀ ਆਸਰਾ ਨਾ ਛੱਡੇ, ਇਹ ਹੈ ਹਠ, ਕਹਿਣ ਲੱਗੇ-

ਚਰਨ ਕਮਲ ਮੇਰੇ ਹੀਅਰੇ ਬਸੈਂ ॥ (ਅੰਕ ੧੧੯੫)

ਤੇਰੇ ਚਰਨ ਕਮਲ ਮੇਰੇ ਹਿਰਦੇ ਵਿੱਚ ਵਸਦੇ ਨੇ ਮਾਲਕਾ। ਤੇਰੀ ਭਗਤੀ ਨਹੀਂ ਮੈਂ ਛੱਡਣੀ। ਬਾਬਾ ਕਬੀਰ ਜੀ ਕਹਿੰਦੇ ਹਨ -

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥ (ਅੰਕ ੧੧੨੩)

ਇਸ ਖੇਤ ਵਿੱਚ, ਇਸ ਮਨੁੱਖਾ ਜਨਮ ਵਿੱਚ ਜੂਝ। ਸਾਹਿਬ ਕਹਿੰਦੇ ਹਨ, ਇਹ ਕਾਰਨ ਹੈ ਕਿ ਜਦੋਂ ਪੰਜਾਂ ਦੀ ਚੋਣ ਕੀਤੀ ਤਾਂ ਅਖ਼ੀਰ ਵਾਲਾ ਜਿਹੜਾ ਨਾਮ ਦਿੱਤਾ, ਉਹ ਮੋਹਕਮ ਸੀ। ਮੋਹਕਮ ਦਾ ਅੱਖਰੀ ਅਰਥ ਵੀ ਦ੍ਰਿੜ੍ਹ ਹੁੰਦਾ ਹੈ। ਕਹਿਣ ਲੱਗੇ, ਜੇ ਤੂੰ ਸਾਹਿਬ ਦੀ ਪਦਵੀ 'ਤੇ ਪਹੁੰਚਣਾ ਚਾਹੁੰਦਾ ਹੈਂ ਤਾਂ ਸੱਚ ਜਾਣੀਂ ਤੇਰੇ ਕੋਲ ਦਇਆ ਹੋਵੇ। ਤੇਰੇ ਕੋਲ ਹਿੰਮਤ ਹੋਵੇ, ਧਰਮ ਹੋਵੇ। ਇਹਨਾਂ ਚੀਜ਼ਾਂ ਵਿੱਚ ਬਿਲਕੁਲ ਦ੍ਰਿੜ੍ਹ ਰਹੀਂ। ਨਾ ਤੂੰ ਦਇਆ ਤੋਂ ਡੋਲੀਂ, ਨਾ ਧਰਮ ਤੋਂ ਡੋਲੀਂ ਤੇ ਸੱਜਣਾ! ਹਿੰਮਤ ਕਦੀ ਛੱਡੀਂ ਨਾ। ਜੇ ਇੰਨਾ ਪ੍ਰਪੱਕ ਹੋ ਕੇ ਸ਼ਹੀਦ ਵੀ ਹੋ ਜਾਏਂਗਾ ਤਾਂ ਸੱਚ ਜਾਣੀਂ, ਤੂੰ ਇਕ ਦਿਨ ਸਾਹਿਬ ਦੇ ਚਰਨਾਂ ਵਿੱਚ ਪਹੁੰਚ ਜਾਏਂਗਾ।

ਗੁਰੂ ਅਰਜਨ ਦੇਵ ਜੀ ਨੇ ਤਾਂ ਮਨ ਨੂੰ ਜਿੱਤਣ ਲਈ ਵੀ ਹਠ ਦਾ ਜ਼ਿਕਰ ਕੀਤਾ ਹੈ। ਅਸੀਂ ਇਕ ਤੁਕ ਪੜ੍ਹਦੇ ਹਾਂ-

ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥
ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ ॥

(ਅੰਕ ੪੦੪)

ਜਿਨ੍ਹਾਂ ਨੇ ਸੰਗਤ ਦੀ ਟੇਕ ਲੈ ਕੇ ਨਾਮ ਦੀ ਕਮਾਈ ਕੀਤੀ, ਉਹ ਸਨ ਹਠੀ। ਕੀ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਤੱਤੀ ਤਵੀ ਤੋਂ ਬੱਚ ਨਹੀਂ ਸੀ ਸਕਦੇ ? ਜਹਾਂਗੀਰ ਦੇ ਨਾਲ ਸਮਝੌਤਾ ਨਹੀਂ ਸੀ ਕਰ ਸਕਦੇ ? ਸਵਾਲ ਹੀ ਨਹੀਂ ਪੈਦਾ ਹੁੰਦਾ। ਤੱਤੀ ਤਵੀ, ਤੱਤਾ ਰੇਤਾ, ਉਬਲਦੀ ਦੇਗ ਤੇ ਬੱਲਦੀ ਹੋਈ ਅੱਗ ਨੂੰ ਪ੍ਰਵਾਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਮਝੌਤਾ ਨਹੀਂ

ਕੀਤਾ। ਇਹ ਸਨ ਹਠੀ।

ਗੁਰੂ ਕਲਗੀਧਰ ਜੀ ਗੁਰੂ ਤੇਗ਼ ਬਹਾਦਰ ਜੀ ਦੇ ਸਬੰਧੀ ਕਹਿੰਦੇ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀਅ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥ (ਬਚਿੱਤ੍ਰ ਨਾਟਕ)

ਆਪਣੇ ਸਿਰ ਨੂੰ ਤਾਂ ਦੇ ਦਿੱਤਾ, ਪਰ ਅਡੋਲਤਾ ਕਾਇਮ ਰੱਖੀ। ਕੁਝ ਲੋਕ ਕਹਿੰਦੇ ਹਨ, ਜਿਹੜੇ ਸਮੇਂ ਨੂੰ ਦੇਖ ਕੇ ਢੱਲ ਜਾਂਦੇ ਹਨ, ਪਰ ਹਠੀ ਉਹ ਹੈ, ਜਿਹੜਾ ਸਮੇਂ ਨੂੰ ਬਦਲ ਕੇ ਰੱਖ ਦਿੰਦਾ ਹੈ। ਇਕ ਉਰਦੂ ਦਾ ਅਦੀਬ ਕਹਿੰਦਾ ਹੈ-

ਏਕ ਵਹੁ ਹੈਂ ਜੋ ਬਦਲਤੇ ਹੈਂ ਜ਼ਮਾਨੇ ਕੇ ਸਾਥ ਸਾਥ।
ਏਕ ਵਹੁ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।

ਸਾਹਿਬ ਨੇ ਕਿਹਾ, ਉਹਨਾਂ ਹਠੀਆਂ ਦਾ ਰੋਜ਼ ਧਿਆਨ ਧਰਿਆ ਕਰੋ, ਜਿਨ੍ਹਾਂ ਨੇ ਤਨ ਦੀ ਪ੍ਰਵਾਹ ਨਹੀਂ ਕੀਤੀ। ਜਿਨ੍ਹਾਂ ਨੇ ਧਨ ਦੀ ਪ੍ਰਵਾਹ ਨਹੀਂ ਕੀਤੀ।

ਹਠੀਆਂ ਤੋਂ ਬਾਅਦ ਸ਼ਬਦ ਆਉਂਦਾ ਹੈ—ਜਪੀਆਂ ਤੇ ਤਪੀਆਂ। ਜਪੀ ਕੌਣ ਹੁੰਦਾ ਹੈ? ਜਪੀ ਦੇ ਅੱਖਰੀ ਅਰਥ ਅਸੀਂ ਕਰਾਂਗੇ—ਨਾਮ ਜਪਣ ਵਾਲਾ, ਬਾਣੀ ਪੜ੍ਹਨ ਵਾਲਾ। ਜਪ ਨੂੰ ਪੁਰਾਣੇ ਗ੍ਰੰਥਾਂ ਵਿੱਚ ਤਿੰਨ ਤਰੀਕਿਆਂ ਨਾਲ ਕਿਹਾ ਹੈ। ਪਹਿਲਾ ਜਪ ਹੈ ਵਾਸਕ ਜਪ। ਦੂਜਾ ਜਪ ਹੈ ਉਪਾਸੂ ਤੇ ਤੀਜਾ ਜਪ ਹੈ ਮਾਨਸ ਜਪ। ਅਸੀਂ ਕਹਾਂਗੇ ਜਪੀ ਕੌਣ ਸਨ ? ਵਾਸਕ ਜਪ ਦਾ ਅਰਥ ਹੁੰਦਾ ਹੈ, ਆਪਣੀ ਜ਼ੁਬਾਨ ਤੋਂ ਜਪਣਾ ਤੇ ਜਪਦਿਆਂ ਹੋਇਆਂ ਜਦੋਂ ਉਹ ਬੋਲੇ ਤੇ ਦੂਜੇ ਨੂੰ ਆਵਾਜ਼ ਸੁਣਾਈ ਦੇਵੇ। ਅੱਗੇ ਹੈ ਉਪਾਸੂ ਜਪ। ਇਸ ਜਪ ਨੂੰ ਕਹਿੰਦੇ ਹਨ, ਬੰਦਾ ਜਪਦਾ ਹੋਵੇ, ਪਰ ਕੋਲ ਬੈਠੇ ਨੂੰ ਆਵਾਜ਼ ਸੁਣਾਈ ਨਾ ਦੇਵੇ, ਸਿਰਫ਼ ਬੁਲ ਹਿਲਦੇ ਹੋਣ, ਇਹ ਹੈ ਉਪਾਸੂ ਜਪ। ਤੀਜਾ ਹੈ ਮਾਨਸ ਜਪ, ਬੰਦੇ ਦੇ ਬੁੱਲ ਵੀ ਨਾ ਹਿੱਲਣ, ਕਿਸੇ ਨੂੰ ਆਵਾਜ਼ ਵੀ ਨਾ ਸੁਣਾਈ ਦੇਵੇ ਤੇ ਮਨ ਦੇ ਵਿੱਚ ਹੀ ਜਾਪ ਕਰਦਾ ਹੈ, ਉਸਨੂੰ ਕਿਹਾ ਜਾਂਦਾ ਹੈ ਮਾਨਸ ਜਪ। ਹੁਣ ਅਸੀਂ ਕਹਾਂਗੇ ਕਿ ਜਪੀ

ਕੌਣ ਹੈ? ਬਾਬਾ ਜਪ ਰੱਬ ਦੇ ਘਰ ਵਿੱਚੋਂ ਲੈ ਕੇ ਆਇਆ ਹੈ। ਜਦੋਂ ਅਸੀਂ ਜਪ ਦੀ ਆਰੰਭਤਾ ਕਰਦੇ ਹਾਂ ਤੇ ਜਪ ਦਾ ਸੰਬੰਧ ਸਾਡੀ ਰਸਨਾ ਦੇ ਨਾਲ ਹੈ। ਦੋ ਸ਼ਬਦ ਹਨ, ਇਕ ਜਪ ਤੇ ਦੂਜਾ ਜਾਪ। ਅਰਥ ਬੜੇ ਨੇੜੇ ਢੁੱਕਦੇ ਹਨ। ਦੇਖੋ ਜਾਪ ਕਿਸ ਦਾ ਕਰਨਾ ਹੈ ? ਕਹਿਣ ਲੱਗੇ, ਜਪ ਕਰ -

ਆਦਿ ਸਚੁ ਜੁਗਾਦਿ ਸਚੁ ॥

ਗੁਰੂ ਕਲਗੀਧਰ ਕਹਿੰਦੇ ਹਨ, ਮੈਂ ਤੈਨੂੰ ਦੱਸਾਂ ਜਾਪ ਕਿਵੇਂ ਕਰਨਾ ਹੈ। ਸ਼ਬਦ ਵਰਤੇ-

ਚੱਕ੍ਰ ਚਿਹਨ ਅਰ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤਿ ਸੁਮਤਿ ॥

(ਜਾਪੁ ਸਾਹਿਬ)

ਉਸ ਦਾ ਜਾਪ ਕਰੀਂ, ਜਿਸ ਨੂੰ ਜੰਗਲ ਦੇ ਤਿਣਕੇ ਵੀ ਜਪਦੇ ਹੋਣ। ਬਾਬਾ ਜੀ, ਕਿੰਨਾ ਕੁ ਜਪੀਏ ? ਜਪਣ ਦਾ ਸੰਬੰਧ ਗੁਰਮੁਖੋ ਰਸਨਾ ਨਾਲ ਹੈ। ਇਸ ਛੋਟੇ ਜਿਹੇ ਮਾਸ ਦੇ ਟੁਕੜੇ ਨੇ ਬੜਾ ਕੁਝ ਸਰੀਰ ਦਾ ਸਵਾਰਨਾ ਹੈ। ਜੇ ਕਿਤੇ ਦੁਰਵਰਤੋਂ ਹੋ ਜਾਏ ਤਾਂ ਇਹੀ ਸਰੀਰ ਦੀ ਤਬਾਹੀ ਕਰ ਸਕਦਾ ਹੈ। ਜੇ ਜੀਭ ਉੱਪਰ ਭੋਜਨ ਰੱਖੀਏ ਤਾਂ ਸੁਆਦ ਚੱਖ ਕੇ ਉਹ ਭੋਜਨ ਸਾਡੇ ਸਰੀਰ ਨੂੰ ਤਾਕਤ ਦਿੰਦਾ ਹੈ। ਨਾਮ ਦੀ ਜੇ ਕਦਰ ਪੁੱਛਣੀ ਹੈ ਤਾਂ ਜਪੀਆਂ ਕੋਲੋਂ ਪੁੱਛੋ। ਜੇ ਰਸਨਾ 'ਤੇ ਗੁਰੂ ਨਾਨਕ ਦਾ ਬਖ਼ਸ਼ਿਆ ਜਪ ਰਖੇਂਗਾ ਤਾਂ ਤੇਰੀ ਆਤਮਾ ਨੂੰ ਤਾਕਤ ਦੇਵੇਗਾ। ਪੁੱਛੀਏ ਸਾਹਿਬ ਜੀ! ਕਿੰਨਾ ਕੁ ਜਪੀਏ ? ਕਹਿੰਦੇ ਹਨ, ਏਨਾ ਕੁ ਜਪੀਂ-

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ (ਅੰਕ ੭)

ਕਹਿਣ ਲੱਗੇ ਕਿ ਮਿਲੇਗਾ ਕੀ?-

ਰਸਨਾ ਜਪੀਐ ਏਕੁ ਨਾਮ ॥
ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥ (ਅੰਕ ੨੧੧)

ਉਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥
ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥
(ਅੰਕ ੨੯੬)

ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥ (ਅੰਕ ੩੧੩)

ਜਦੋਂ ਸ਼ਬਦ ਜਪੀ ਆ ਗਿਆ ਤਾਂ ਇਥੇ ਵਿਤਕਰਾ ਕੋਈ ਨਹੀਂ ਰਿਹਾ। ਚੇਤੇ ਰੱਖੀਂ, ਅਰਦਾਸ ਵਿੱਚ ਜਪੀਆਂ ਵਿੱਚ ਬਾਬਾ ਬੁੱਢਾ ਵੀ ਤੇਰੇ ਨਾਲ ਖਲੋਤਾ ਹੈ। ਭਾਈ ਗੁਰਦਾਸ ਵੀ ਖਲੋਤਾ ਹੈ ਜਪੀ। ਭਾਈ ਮਰਦਾਨਾ ਖਲੋਤਾ ਹੈ ਜਪੀ। ਭਾਈ ਬਿਧੀ ਚੰਦ ਖਲੋਤਾ ਹੈ ਜਪਣ ਵਾਲਾ। ਭਾਈ ਮੰਝ ਖਲੋਤਾ ਹੈ ਜਪਣ ਵਾਲਾ। ਭਾਈ ਨੰਦ ਲਾਲ ਖਲੋਤਾ ਹੈ ਜਪਣ ਵਾਲਾ। ਭਾਈ ਜੇਠਾ, ਭਾਈ ਪਰਾਣਾ, ਭਾਈ ਪੈੜਾ, ਇਹ ਸਾਰੇ ਜਪਣ ਵਾਲੇ ਹਨ। ਜਪੀਆਂ ਲਈ ਉਹ ਸ਼ਬਦ ਇੰਨਾ ਖੁਲ੍ਹਾ ਹੈ ਕਿ ਅਰਦਾਸ ਵਿੱਚ ਉਹਨਾਂ ਸਾਰਿਆਂ ਦਾ ਧਿਆਨ ਧਰੋ, ਜਿਨ੍ਹਾਂ ਨੇ ਮੇਰੇ ਵਾਹਿਗੁਰੂ ਦੇ ਨਾਮ ਨੂੰ ਜਪਿਆ ਹੈ। ਜਪਦਿਆਂ-ਜਪਦਿਆਂ ਉਹ ਇਥੋਂ ਤੱਕ ਪਹੁੰਚ ਗਏ-

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ (ਅੰਕ ੯੪੧)

ਜਿਸ ਦਿਨ ਸਿੱਖਾਂ ਕੋਲੋਂ ਸਿਮਰਨ ਚਲਾ ਜਾਵੇਗਾ, ਜਿਸ ਦਿਨ ਤੁਹਾਡੇ ਕੋਲੋਂ ਜਪ ਚਲਾ ਜਾਏਗਾ, ਉਸ ਦਿਨ ਕੇਵਲ ਇਕ ਸਰੀਰ ਰਹਿ ਜਾਵੇਗਾ। ਇਸ ਤਰ੍ਹਾਂ ਕਿ ਜਿਵੇਂ ਆਤਮਾ ਨਿਕਲਣ ਤੋਂ ਬਾਅਦ ਲਾਸ਼ ਰਹਿ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਕਹਿਣ ਲੱਗੇ ਕਿ ਜਿਸ ਕੋਲ ਜਪ ਨਹੀਂ-

ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰ ਜੂਠਨ ਮਹਿ ਪਾਇ ॥੧॥
ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥
(ਅੰਕ ੨੪੦)

ਜਪ ਕੇ ਮਿਲੇਗਾ ਕੀ ? ਕਹਿਣ ਲੱਗੇ-
ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥ (ਅੰਕ ੧੪੨੫)

ਜਿਹੜੇ ਜਾਗੇ ਹਨ, ਉਹਨਾਂ ਨਾਮ ਉਚਾਰਿਆ ਹੈ। ਉਹ ਜਪੀ ਬਣ ਗਏ।

ਗੁਰੂ ਨਾਨਕ ਦੇਵ ਜੀ ਰਾਤ ਵੇਲੇ ਸਾਈਂ ਦੀ ਯਾਦ ਵਿੱਚ ਜੁੜੇ ਹਨ। ਬੜੇ ਪਿਆਰ ਨਾਲ ਭਿੱਜ ਕੇ ਸਾਈਂ ਨੂੰ ਪੁਕਾਰਦੇ ਹਨ। ਮਾਂ ਨੇ ਆਵਾਜ਼ ਦਿੱਤੀ, ਬੇਟਾ!

ਸਾਰੇ ਲੋਕ ਸੌਂ ਗਏ ਹਨ, ਦੋ ਘੜੀਆਂ ਤੂੰ ਆਰਾਮ ਨਹੀਂ ਕਰੇਂਗਾ? ਅਜੇ ਵੀ ਆਵਾਜ਼ ਆਉਂਦੀ ਪਈ ਸੀ ਵਾਹਿਗੁਰੂ ਦੀ। ਗੁਰੂ ਨਾਨਕ ਸਾਹਿਬ ਨੇ ਸੁਣਿਆ ਤੇ ਇਕੋ ਦਮ ਪਪੀਹਾ ਬੋਲਿਆ, ਪੀਆ ਪੀਆ। ਆਵਾਜ਼ ਦਿੱਤੀ, ਮਾਂ ਸਾਰੇ ਨਹੀਂ ਸੌਂਦੇ। ਉਹ ਸੌਂਦੇ ਨੇ, ਜਿਨ੍ਹਾਂ ਦਾ ਪਿਆਰੇ ਨਾਲ ਇਸ਼ਕ ਨਹੀਂ। ਜਪ ਵਾਲੇ ਨਹੀਂ ਸੌਂਦੇ। ਇਹਨਾਂ ਜਪੀਆਂ ਨੂੰ ਅਸੀਂ ਚੇਤੇ ਕਰਦੇ ਹਾਂ, ਪਾਖੰਡੀਆਂ ਨੂੰ ਨਹੀਂ। ਹਜ਼ੂਰ ਕਹਿਣ ਲੱਗੇ -

ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥ (ਅੰਕ ੧੨੭੪)

ਲੋਚਨ ਤਾਰ ਲਲਤਾ ਬਿਲਲਾਤੀ

ਅੱਖਾਂ ਦੇ ਵਿੱਚ ਪਿਆਰੇ ਨੂੰ ਪਾਉਣ ਦੀ ਲਿਵ ਲੱਗੀ ਹੈ। ਲਲਤਾ ਦਾ ਅਰਥ ਹੈ ਜੀਭ। ਜੀਭ ਉਸ ਦਾ ਜਪ ਪਈ ਕਰਦੀ ਹੈ-

ਦਰਸਨ ਪਿਆਸ ਰਜਾਈ ॥............

ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਉ ਬਿਨ ਮਿਲੇ ਨੀਦ ਨ ਪਾਈ ॥
(ਅੰਕ ੧੨੭੪)

ਅਗਲਾ ਸ਼ਬਦ ਅਸੀਂ ਪੜ੍ਹਦੇ ਹਾਂ ਤਪੀਆਂ। ਅਸੀਂ ਕਹਾਂਗੇ, ਤਪ ਨੂੰ ਸਵੀਕਾਰ ਨਹੀਂ ਕੀਤਾ। ਗੁਰਮੁਖੋ! ਤਪ ਦੇ ਅੱਖਰੀ ਅਰਥ ਹਨ—ਆਪਣੇ ਤਨ ਨੂੰ ਤਪਾਉਣਾ। ਸਾਹਿਬ ਧੰਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੋ। ਕਿਹੜੇ ਤਪ ਨੂੰ ਨਿੰਦਿਆ ਹੈ ਤੇ ਕਿਹੜੇ ਨੂੰ ਸਵੀਕਾਰ ਕੀਤਾ ਹੈ ? ਬਾਬਾ ਫਰੀਦ ਜੀ ਦੇ ਅਸੀਂ ਇਕ ਬਚਨ ਪੜ੍ਹਦੇ ਹਾਂ। ਕਹਿਣ ਲੱਗੇ-

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥ (ਅੰਕ ੧੩੮੪)

ਬਾਬੇ ਨਾਮਦੇਵ ਨੂੰ ਪੁੱਛੋ। ਕਹਿਣ ਲੱਗੇ-

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥
(ਅੰਕ ੯੭੩)

ਕਿਹੜੇ ਤਪੀਆਂ ਦਾ ਖੰਡਨ ਕੀਤਾ ਹੈ ?-

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੇ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
(ਅੰਕ ੬੪੨)

ਤਪ ਕਈ ਪ੍ਰਕਾਰ ਦੇ ਹਨ। ਇਹਨਾਂ ਲਈ ਸ਼ਬਦ ਵਰਤ ਵੀ ਵਰਤਦੇ ਹਾਂ। ਆਹਾਰ ਦਾ ਵਰਤ, ਮੋਹਨ ਦਾ ਵਰਤ, ਬਸਤਰਾਂ ਦਾ ਵਰਤ। ਹਜ਼ੂਰ ਨੇ ਕਿਹਾ, ਇਹੋ ਜਿਹੇ ਤਪ ਹਨ। ਕਿਹੜਾ ਤਪ ਕਰਨਾ ਹੈ ਸਿੱਖ ਨੇ ? ਤਪ ਦਾ ਅਰਥ ਕਰਾਂਗੇ—ਸਾਧਨਾ ਕਰਨ ਵਾਲੇ ਪਾਸੇ ਤੁਰਨਾ। ਜਿਸ ਤਪੀ ਨੂੰ ਅਸੀਂ ਚੇਤੇ ਕਰਦੇ ਹਾਂ, ਉਸ ਤਪੀ ਦੀ ਪਰਿਭਾਸ਼ਾ, ਜਪੁ ਜੀ ਸਾਹਿਬ ਦੀ 38ਵੀਂ ਪਉੜੀ ਵਿੱਚ ਪੜ੍ਹਿਉ। ਕਹਿਣ ਲੱਗੇ, ਤੂੰ ਉਸ ਤਪੀ ਨੂੰ ਚੇਤੇ ਕਰੀਂ, ਜਿਸ ਦੇ ਕੋਲ ਧੀਰਜ ਸੁਨਿਆਰ ਵਰਗਾ ਹੋਵੇ। ਉਸ ਤਪੀ ਨੂੰ ਚੇਤੇ ਕਰੀਂ, ਜਿਹੜਾ ਇੰਦਰੀ ਜਿੱਤ ਹੋਵੇ। ਅੱਠ ਗੁਣ ਜਿਸ ਕੋਲ ਹਨ, ਉਸ ਤਪੀ ਨੂੰ ਚੇਤੇ ਰੱਖੀਂ। ਕਹਿਣ ਲੱਗੇ-

ਜਤੁ ਪਾਹਾਰਾ ਧੀਰਜੁ ਸੁਨਿਆਰੁ ॥

ਸੁਨਿਆਰ ਦੀ ਦੁਕਾਨ ਉੱਤੇ ਆਚਰਣ ਨੂੰ ਬਣਾਈਂ। ਧੀਰਜ ਸੁਨਿਆਰ ਵਰਗਾ ਰੱਖੀਂ।

ਅਹਰਣਿ ਮਤਿ ਵੇਦੁ ਹਥੀਆਰੁ ॥

ਮਤ ਨੂੰ ਅਹਰਣ ਬਣਾਈਂ। ਗਿਆਨ ਨੂੰ ਥੋੜ੍ਹਾ ਬਣਾਈਂ।

ਭਉ ਖਲਾ ਅਗਨਿ ਤਪ ਤਾਉ ॥

ਗੁਰਮੁਖਾ! ਰੱਬ ਦੇ ਭੈਅ ਨੂੰ ਤੂੰ ਧੋਖਲੀ ਬਣਾਈਂ, ਜਿਸ ਦੇ ਰਾਹੀਂ ਉਹ ਅੱਗ ਬਾਲਦਾ ਹੈ। ਤੂੰ ਸਰੀਰ ਨੂੰ ਗਹਿਣਾ ਬਣਾ। ਜਿਵੇਂ ਇੰਨੀ ਘਾਲਣਾ ਤੋਂ ਬਾਅਦ ਗਹਿਣੇ ਦੀ ਕੀਮਤ ਪੈਂਦੀ ਹੈ। ਇੰਨੇ ਤਪ ਤੋਂ ਬਾਅਦ ਤੇਰੀ ਵੀ ਕਮਾਈ ਦਾ ਧਿਆਨ ਧਰਿਆ ਜਾਏ।

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ (ਅੰਕ ੮)

ਜਿਨ੍ਹਾਂ ਨੇ ਆਪਣੀ ਮਰਜ਼ੀ ਨਾਲ ਨਹੀਂ, ਗੁਰੂ ਦੀ ਨਦਰ ਲੈ ਕੇ ਕਮਾਈ ਕੀਤੀ, ਉਹਨਾਂ ਤਪੀਆਂ ਨੂੰ ਅਸੀਂ ਰੋਜ਼ ਅਰਦਾਸ ਵਿੱਚ ਚੇਤੇ ਕਰਦੇ ਹਾਂ। ਅੱਠ

ਗੁਣ ਉਸ ਤਪੀਏ ਵਿੱਚ ਹਨ। ਪਹਿਲੀ ਗੱਲ, ਉਸ ਤਪੀਏ ਦੇ ਅੰਦਰ ਸੰਤੋਖ ਹੋਵੇ। ਦੂਜੀ ਗੱਲ, ਉਸ ਤਪੀਏ ਕੋਲ ਸੱਚ ਦਾ ਸਿਮਰਨ ਹੋਵੇ। ਤੀਜੀ ਗੱਲ, ਉਹ ਕਿਰਤ ਕਰਦਾ ਹੋਵੇ। ਚੌਥੀ ਗੱਲ, ਅੰਨ ਪਾਣੀ ਥੋੜ੍ਹਾ ਖਾਂਦਾ ਹੋਵੇ। ਪੰਜਵੀਂ ਗੱਲ, ਉਹ ਦੁਨੀਆਂ ਦੇ ਬੰਧਨਾਂ ਤੋਂ ਨਿਰਲੇਪ ਰਹੇ। ਛੇਵਾਂ ਉਸ ਨੂੰ ਯਕੀਨ ਹੋਵੇ ਕਿ ਮੇਰਾ ਸਾਈਂ ਮੇਰੇ ਉਪਰ ਮੇਹਰ ਕਰਨ ਵਾਲਾ ਹੈ। ਕਹਿਣ ਲੱਗੇ-

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥ (ਅੰਕ ੪੬੭)

ਹਠ ਨਹੀਂ ਤਾਂ ਪੰਜਾਂ ਦਾ ਮੁਕਾਬਲਾ ਨਹੀਂ ਕਰੇਗਾ, ਰੋਜ਼ ਬੇਇੱਜ਼ਤੀ ਕਰਾਏਗਾ।

ਗੁਰੂ ਅਮਰਦਾਸ ਜੀ ਨੂੰ ਪੁੱਛ ਕੇ ਦੇਖੋ ਤਪ ਕੀ ਹੈ ? 60 ਸਾਲ ਦੇ ਬੁੱਢੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਸੰਗਤ ਛੱਡ ਜਾਂਦੇ ਹਨ। 60 ਸਾਲ ਦੀ ਉਮਰ ਵਿੱਚ ਬਾਪੂ ਅਮਰਦਾਸ ਤੁਰੇ ਹਨ। 12 ਸਾਲ ਗਾਗਰ ਢੋਈ ਹੈ। 12 ਸਾਲਾਂ ਤੋਂ ਬਾਅਦ ਭੱਟਾਂ ਨੂੰ ਕਹਿਣਾ ਪਿਆ ਸੀ ਕਿ ਇਸ ਤਪੀਏ ਨੂੰ ਅਰਦਾਸ ਵਿੱਚ ਚੇਤੇ ਕਰੀਂ। ਇਸ ਦੇ ਵਰਗਾ ਦੁਨੀਆਂ 'ਤੇ ਕੋਈ ਨਹੀਂ ਹੋਇਆ। ਗੁਰੂ ਮੇਹਰ ਕਰੇ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾਂ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਜੁੜ ਬੈਠੀ ਸਤਿਕਾਰਯੋਗ ਸਾਧ ਸੰਗਤ ਜੀਓ!

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਗੁਰਮੁਖੋ! ਜਦੋਂ ਵੀ ਅਸੀਂ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਦਸ ਗੁਰੂ ਸਾਹਿਬਾਨਾਂ ਨੂੰ ਚੇਤੇ ਕਰਦੇ ਹਾਂ, ਫਿਰ ਦਸਾਂ ਪਾਤਿਸ਼ਾਹੀਆਂ ਦੀ ਜੋਤ ਧੰਨ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਪਾਠ ਦੀਦਾਰ ਦਾ ਜ਼ਿਕਰ ਆਉਂਦਾ ਹੈ। ਉਸ ਤੋਂ ਬਾਅਦ ਗੁਰੂ ਪੰਥ ਦਾ ਜ਼ਿਕਰ ਕਰਦੇ ਹਾਂ।

ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ ਦਾ ਜ਼ਿਕਰ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਜਿੱਥੇ ਪਰਮ ਪਿਤਾ ਪਰਮੇਸ਼ਰ ਦੀ ਸਿਫ਼ਤ ਵਿੱਚ ਅਕਾਲ ਦੇ ਨਾਮ ਨੂੰ ਜਪਣ ਲਈ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਵਿੱਚ ਜਗਿਆਸੂ ਨੂੰ ਹਿਦਾਇਤ ਕੀਤੀ ਗਈ, ਉਥੇ ਦਾਤਾਰ ਨੇ ਗੁਰੂ ਦੇ ਚਰਨਾਂ ਵਿੱਚ ਜੁੜ ਕੇ ਕਮਾਈ ਕਰਨ ਵਾਲੇ ਜਿਹੜੇ ਸਿੱਖ ਹਨ, ਜਿਹੜੇ ਭਾਵਨਾ ਧਾਰ ਕੇ ਗੁਰੂ ਦੇ ਬਚਨ ਨੂੰ ਕਮਾਉਂਦੇ ਹਨ, ਸਤਿਗੁਰੂ ਨੇ ਉਹਨਾਂ ਨੂੰ ਵੀ ਬੜੀ ਉੱਚੀ ਥਾਂ ਦਿੱਤੀ। ਹਜ਼ੂਰ ਦੇ ਅੰਮ੍ਰਿਤ ਬਚਨਾਂ ਵਿੱਚੋਂ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਦਾਤਾਰ ਨੇ ਉਥੇ ਗੁਰੂ ਦੇ ਸਿੱਖ ਦੇ ਮਿਲਾਪ ਲਈ ਇਕ ਤੜਪ ਪੈਦਾ ਕਰਨ ਲਈ ਤੇ ਗੁਰੂ ਦੇ ਸਿੱਖ ਨੂੰ ਮਿਲਣ ਲਈ ਆਪਣੇ ਅੰਦਰੋਂ ਇਕ ਬੇਨਤੀ ਕੀਤੀ। ਹਜ਼ੂਰ ਦਾ ਅੰਮ੍ਰਿਤ ਬਚਨ ਅਸੀਂ ਪੜ੍ਹਦੇ ਹਾਂ-

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥ (ਅੰਕ ੭੨੫)

ਇਥੇ ਪਹਿਲਾਂ ਹਰੀ ਦੀ ਕਥਾ ਕਹਾਣੀ ਦਾ ਜ਼ਿਕਰ ਕੀਤਾ ਹੈ ਕਿ ਗੁਰੂ ਮਿੱਤਰ ਨੇ ਕ੍ਰਿਪਾ ਕਰਕੇ ਮੈਨੂੰ ਪ੍ਰਮਾਤਮਾ ਦੀ ਅਕਥ ਕਹਾਣੀ ਸੁਣਾਈ। ਫਿਰ ਕਹਿੰਦੇ ਹਨ ਕਿ ਮੈਂ ਇਹ ਸੁਣੀ ਕਿਵੇਂ ? ਆਪਣੇ ਗੁਰੂ ਤੋਂ ਕੁਰਬਾਨ ਜਾਂਦਾ ਹੈ, ਜਿਸ ਨੇ ਆਪਣੇ ਕੋਲ ਬਿਠਾ ਕੇ ਮੈਨੂੰ ਅਕੱਥ ਕਹਾਣੀ ਸੁਣਾਈ ਤੇ ਸਾਹਿਬ ਕਹਿੰਦੇ ਹਨ, ਉਏ ਗੁਰੂ ਕੇ ਸਿੱਖਾ! ਮੈਂ ਤੇਰੇ ਤੋਂ ਕੁਰਬਾਨ ਜਾਂਦਾ ਹਾਂ, ਤੂੰ ਆ ਕੇ

ਇਕ ਵਾਰੀ ਮਿਲ ਤਾਂ ਸਹੀ।

ਆਇ ਮਿਲੁ ਗੁਰਸਿਖ ਆਇ ਮਿਲੁ

ਕਹਿੰਦੇ ਹਨ, ਹੇ ਗੁਰੂ ਕੇ ਸਿੱਖ! ਤੂੰ ਆ ਕੇ ਮਿਲ ਤਾਂ ਸਹੀ।

ਤੂ ਮੇਰੇ ਗੁਰੂ ਕੇ ਪਿਆਰੇ ॥ (ਅੰਕ ੭੨੫)

ਹੇ ਗੁਰੂ ਦੇ ਸਿੱਖ! ਮੇਰੇ ਸਤਿਗੁਰੂ ਨੂੰ ਸਭ ਤੋਂ ਪਿਆਰੇ ਲੱਗਣ ਵਾਲੇ ਗੁਰੂ ਦੇ ਸਿੱਖਾ! ਤੂੰ ਇਕ ਵਾਰੀ ਮੈਨੂੰ ਆ ਕੇ ਮਿਲ ਤਾਂ ਸਹੀ। ਗੁਰੂ ਅਮਰਦਾਸ ਜੀ ਕਹਿੰਦੇ ਹਨ, ਜਿਸ ਗੁਰੂ ਦੇ ਪਿਆਰੇ ਸਿੱਖ ਨੇ ਗੁਰੂ ਦੀ ਰਜ਼ਾ ਨੂੰ ਸਤਿ ਕਰਕੇ ਮੰਨ ਲਿਆ ਹੈ ਤੇ ਜਿਸ ਨੂੰ ਕਦੀ ਵੀ ਆਪਣੇ ਗੁਰੂ ਦੇ ਕੀਤੇ ਹੋਏ 'ਤੇ ਸ਼ੱਕ ਨਹੀਂ ਤਾਂ ਸਾਹਿਬ ਕਹਿੰਦੇ ਹਨ ਕਿ ਉਹਨਾਂ ਭਾਣਾ ਮੰਨਣ ਵਾਲੇ ਗੁਰਸਿੱਖਾਂ ਨੂੰ ਮੈਨੂੰ ਮਿਲਾ ਤੇ ਉਹਨਾਂ ਨੂੰ ਮਿਲ ਕੇ ਮੇਰੇ ਦਾਤਾ! ਮੇਰਾ ਚਿੱਤ ਕਰਦਾ ਹੈ ਕਿ ਮੈਂ ਉਹਨਾਂ ਦੇ ਚਰਨਾਂ ਦੀ ਧੂੜ ਆਪਣੇ ਮਸਤਕ ਉੱਪਰ ਲਾਵਾਂ। ਸਾਹਿਬ ਗੁਰੂ ਅਮਰਦਾਸ ਜੀ ਦੇ ਬਚਨ ਹਨ-

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥

(ਅੰਕ ੧੪੨੪)

ਕਿਤੇ ਜਪਣ ਵਾਲੇ ਦੇ ਚਰਨਾਂ ਦੀ ਧੂੜ ਦੇ ਦੇਵੇ ਤਾਂ ਸਾਡੇ ਵਰਗੇ ਪਾਪੀਆਂ ਦਾ ਪਾਰ ਉਤਾਰਾ ਹੋ ਜਾਏਗਾ। ਭਾਈ ਗੁਰਦਾਸ ਜੀ ਦਾ ਇਕ ਬਚਨ ਆਉਂਦਾ ਹੈ -

ਸਿਰ ਉਚਾ ਨੀਵੇਂ ਚਰਨ ਸਿਰਿ ਪੈਰੀ ਪਾਂਦੇ।

ਪਿਆਰਿਆ! ਦੇਖ ਮਨੁੱਖ ਦਾ ਮੱਥਾ ਉੱਚਾ ਹੈ ਤੇ ਪੈਰ ਨੀਵੇਂ ਹਨ। ਜਿਸ ਦਿਨ ਵੀ ਝੁਕਦਾ ਹੈ, ਸਿਰ ਪੈਰਾਂ ਵਿੱਚ ਝੁਕਦਾ ਹੈ। ਪੈਰਾਂ ਨੂੰ ਇੰਨਾ ਉੱਚਾ ਰੁਤਬਾ ਕਿਉਂ ?

ਮੁਹੁ ਅਖੀ ਨਕੁ ਕੰਨ ਹਥ ਦੇਹ ਭਾਰ ਉਚਾਂਦੇ।

ਇਕ ਤਾਂ ਪੈਰਾਂ ਨੇ ਬੰਦੇ ਦੇ ਸਰੀਰ ਦਾ ਭਾਰ ਚੁੱਕਿਆ ਹੈ। ਕਹਿਣ ਲੱਗੇ, ਫਿਰ ਮੈਨੂੰ ਇਕ ਗੱਲ ਦੱਸ-

ਸਭ ਚਿਹਨ ਛਡਿ ਪੂਜੀਅਨਿ ਕਉਣੁ ਕਰਮ ਕਮਾਂਦੇ।

ਅੱਖਾਂ ਨੇ ਕਿਹੜਾ ਕਰਮ ਨਹੀਂ ਕੀਤਾ। ਹੱਥ ਕੋਈ ਘੱਟ ਕੰਮ ਕਰਦੇ ਹਨ।

ਕੀ ਗੱਲ ਹੱਥਾਂ ਦੀ ਗੱਲ ਨਾ ਕੀਤੀ ? ਮੁਕਦੀ ਗੱਲ ਕਿ ਸਾਰੇ ਅੰਗਾਂ ਨੂੰ ਤਿਆਗ ਕੇ ਚਰਨਾਂ ਨੂੰ ਪੂਜਿਆ ਜਾਂਦਾ ਹੈ, ਇਹਨਾਂ ਨੇ ਕਿਹੜਾ ਚੰਗਾ ਕੰਮ ਕਰ ਲਿਆ ? ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਸ ਕਰਕੇ ਇਨ੍ਹਾਂ ਨੂੰ ਪੂਜਿਆ ਜਾਂਦਾ ਹੈ-

ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ।

ਪਿਆਰਿਆ! ਅੱਖਾਂ ਅਜੇ ਗੁਰੂ ਦੇ ਦੀਦਾਰ ਬਾਅਦ ਵਿੱਚ ਕਰਦੀਆਂ ਹਨ। ਚੇਤੇ ਰੱਖੀਂ, ਹੱਥਾਂ ਨਾਲ ਲੰਗਰ ਵਿੱਚ ਭਾਂਡੇ ਬਾਅਦ ਵਿੱਚ ਮਾਂਜਦਾ ਹੈਂ, ਕੰਨਾਂ ਵਿੱਚ ਕੀਰਤਨ ਦੀ ਆਵਾਜ਼ ਬਾਅਦ ਵਿੱਚ ਪੈਂਦੀ ਹੈ, ਪਰ ਜਦੋਂ ਤੂੰ ਆਪਣੇ ਘਰ ਤੋਂ ਪੈਰਾਂ ਨਾਲ ਗੁਰੂ ਦਰ 'ਤੇ ਚੱਲਣ ਲੱਗ ਪੈਂਦਾ ਹੈਂ, ਸੱਚ ਜਾਣੀਂ, ਪੈਰਾਂ ਦੀ ਹਾਜ਼ਰੀ ਉਦੋਂ ਲੱਗ ਜਾਂਦੀ ਹੈ।

ਗੁਰ ਸਰਣੀ ਸਾਧਸੰਗਤੀ ਨਿਤ ਚਲਿ ਚਲਿ ਜਾਂਦੇ।
ਵਤਨਿ ਪਰਉਪਕਾਰ ਨੋ ਕਰਿ ਪਾਰਿ ਵਸਾਂਦੇ।

ਕਹਿੰਦੇ ਹਨ, ਉਏ ਕਰਨੀ ਵਾਲੇ ਸਿੱਖੋ! ਜਿਹੜੇ ਤੁਸੀਂ ਰੋਜ਼ ਗੁਰੂ ਦਰ 'ਤੇ ਆਉਂਦੇ ਹੋ, ਕ੍ਰਿਪਾ ਕਰੇ ਮੇਰਾ ਵਾਹਿਗੁਰੂ-

ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ।

ਕਹਿੰਦੇ ਹਨ ਕਿ ਮੇਰੀ ਖਲ ਦੀ ਜੁੱਤੀ ਬਣਾ ਲਉ ਤੇ ਉਹਨਾਂ ਸਿੱਖਾਂ ਦੇ ਚਰਨਾਂ ਵਿੱਚ ਪਾ ਦਿਉ, ਜਿਹੜੇ ਰੋਜ਼ ਮੇਰੇ ਸਾਈਂ ਦੇ ਦਰ 'ਤੇ ਆਉਂਦੇ ਹਨ। ਕੀ ਇਹ ਸਿੱਖ ਦੀ ਉਪਮਾ ਨਹੀਂ ? ਪਰ ਕਹਿੰਦੇ ਹਨ, ਦਾਤਿਆ! ਮਿਲਦੀ ਧੂੜ ਉਹਨਾਂ ਨੂੰ ਹੀ ਹੈ-

ਮਸਤਕ ਲਗੇ ਸਾਧ ਰੇਣੁ ਵਡਭਾਗਿ ਜਿਨ੍ਹਾਂ ਦੇ ॥ (ਵਾਰ ੯, ਪਉੜੀ ੧੮)

ਜਿਨ੍ਹਾਂ ਦੇ ਭਾਗ ਵੱਡੇ ਹਨ, ਉਹਨਾਂ ਨੂੰ ਹੀ ਇਹ ਚਰਨ ਧੂੜ ਮਿਲਦੀ ਹੈ।

30 ਮਾਰਚ ਸੰਨ 1699 ਨੂੰ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਮੇਰੇ ਕਲਗੀ ਵਾਲੇ ਪ੍ਰੀਤਮ ਨੇ, ਗੁਰਮੁਖ ਪਿਆਰੇ ਦੱਸਦੇ ਹਨ ਕਿ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਕੇਸਗੜ੍ਹ ਦੀ ਪਹਾੜੀ ਉਪਰ ਖਲੋ ਕੇ ਹਜ਼ੂਰ ਨੇ ਉਸ ਦਿਨ 80 ਹਜ਼ਾਰ ਦਾ ਇਕੱਠ ਮੰਨਿਆ। ਆਪਣੀ ਮਿਆਨ ਤੋਂ ਕ੍ਰਿਪਾਨ ਬਾਹਰ ਕੱਢੀ ਹੈ। ਖਲੋ ਕੇ ਕਿਹਾ, ਅੱਜ ਮੈਨੂੰ ਸਿਰ ਦੀ ਲੋੜ ਹੈ। ਇਸ ਇਕੱਠ ਵਿੱਚ ਮਸੰਦ ਵੀ ਸਨ। ਇਸ ਇਕੱਠ ਵਿੱਚ ਕਾਇਰ ਤੇ ਬੁਜ਼ਦਿਲ ਵੀ ਸਨ। ਇਸ ਇਕੱਠ ਵਿੱਚ ਉਹ ਵੀ ਸਨ, ਜਿਹੜੇ ਕੇਵਲ ਦਰਬਾਰ ਦੀ ਮੁਖ਼ਬਰੀ ਕਰਨ ਲਈ ਇਥੇ ਆਏ

ਸਨ। ਧੰਨ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਵਿਸਾਖੀ ਵਾਲੇ ਦਿਨ ਕਿਰਪਾਨ ਕੱਢ ਕੇ ਸਿੱਖਾਂ ਦੇ ਸਿਰਾਂ ਦੀ ਮੰਗ ਕੀਤੀ। ਲੋਕ ਹੈਰਾਨ ਹੋ ਗਏ। ਕਿਰਪਾਨ ਨੰਗੀ ਦੇਖ ਕੇ ਮਸੰਦਾਂ ਦੇ ਅੰਦਰ ਕੰਬੇ। ਪਹਿਲੀ ਆਵਾਜ਼ ਦਿੱਤੀ, "ਕੋਈ ਹੈ ਸਿੱਖ ਜੋ ਆਪਣਾ ਸਿਰ ਦੇਵੇ?" ਦੂਜੀ ਆਵਾਜ਼ ਦਿੱਤੀ। ਤੀਜੀ ਆਵਾਜ਼ ਜਦੋਂ ਦਿੱਤੀ ਤਾਂ ਸੰਗਤ ਵਿੱਚੋਂ ਇਕ 30 ਸਾਲ ਦਾ ਗੁਰਮੁਖ ਪਿਆਰਾ, ਜਿਹੜਾ ਲਾਹੌਰ ਦੀ ਧਰਤੀ ਦਾ ਰਹਿਣ ਵਾਲਾ ਹੈ ਤੇ ਜਿਹੜਾ ਭਾਈ ਧਾਰੋ ਪਰਮ ਹੰਸ ਦੀ ਕੁਲ ਵਿੱਚੋਂ ਹੈ, ਜਿਸ ਨੂੰ ਪਾਤਿਸ਼ਾਹ ਨੇ ਕਿਹਾ ਸੀ, ਭਾਈ ਧਾਰੋ! ਤੈਨੂੰ ਅਸੀਂ ਗੁਰਤਾ ਗੱਦੀ ਦੇ ਦੇਈਏ? ਹੱਥ ਜੋੜ ਕੇ ਕਿਹਾ ਸੀ ਦਾਤਾ! ਗੁਰਤਾ ਗੱਦੀ ਨਹੀਂ, ਕ੍ਰਿਪਾ ਕਰਕੇ ਮੈਨੂੰ ਸਿੱਖੀ ਕਮਾਉਣ ਦੀ ਦਾਤ ਦੇ ਦਿਉ।

ਭਾਈ ਦਇਆ ਰਾਮ ਜੀ ਸਭ ਤੋਂ ਪਹਿਲਾਂ ਉਠੇ, ਕਹਿੰਦੇ ਹਨ, ਦਾਤਿਆ! ਅਸਲ ਵਿੱਚ ਮੇਰੇ ਉੱਠਣ ਵਿੱਚ ਦੇਰੀ ਹੋ ਗਈ ਹੈ। ਮੈਨੂੰ ਤਾਂ ਸਮਝ ਹੀ ਹੁਣ ਪਈ ਹੈ ਕਿ ਜੇ ਗੁਰੂ ਨੂੰ ਰੀਝਾ ਕੇ ਪ੍ਰਮੇਸ਼ਰ ਨੂੰ ਖ਼ੁਸ਼ ਕਰਨਾ ਹੈ ਤਾਂ ਸਿੱਖਾ! ਜਦੋਂ ਵੀ ਗੁਰੂ ਤਨ ਮੰਗੇ, ਧਨ ਮੰਗੇ, ਮਨ ਮੰਗੇ, ਉਸ ਨੂੰ ਦਿੰਦਿਆਂ ਕਦੀ ਦੇਰੀ ਨਾ ਕਰੀਂ। ਕ੍ਰਿਪਾਲੂ ਸਤਿਗੁਰ ਜੀ! ਇਹ ਮੇਰਾ ਸੀਸ ਤੇਰੇ ਚਰਨਾਂ ਵਿੱਚ ਹਾਜ਼ਿਰ ਹੈ। ਉਥੇ ਸਿੱਖ ਵਿਦਵਾਨ ਕਹਿੰਦੇ ਹਨ ਕਿ ਦਾਤਾਰ ਨੇ ਬਾਂਹ ਫੜੀ ਤੇ ਅੰਦਰ ਲੈ ਗਏ। ਅੰਦਰ ਕਿਰਪਾਨ ਚੱਲੀ ਹੈ ਤੇ ਕਿਰਪਾਨ ਖ਼ੂਨ ਨਾਲ ਭਿੱਜੀ ਹੋਈ ਸੀ।

ਸਾਹਿਬ ਦੂਜੀ ਵਾਰ ਫਿਰ ਕਿਰਪਾਨ ਲੈ ਕੇ ਬਾਹਰ ਆਏ ਤੇ ਇਕ ਹੋਰ ਸੀਸ ਮੰਗਿਆ। ਫਿਰ ਭਾਈ ਧਰਮ ਸਿੰਘ ਉੱਠੇ ਦਿੱਲੀ ਦੇ ਰਹਿਣ ਵਾਲੇ। ਤੀਜੀ ਵਾਰ ਫਿਰ ਸਾਹਿਬ ਨੇ ਸੀਸ ਮੰਗਿਆ ਤਾਂ ਭਾਈ ਹਿੰਮਤ ਸਿੰਘ ਜੀ ਆਏ ਜਗਨ ਨਾਥ ਪੁਰੀ ਤੋਂ। ਫਿਰ ਦਾਤਾਰ ਨੇ ਚੌਥੀ ਵਾਰ ਸੀਸ ਮੰਗਿਆ ਤਾਂ ਭਾਈ ਮੁਹਕਮ ਜੀ ਉੱਠੇ ਦੁਆਰਕਾ ਤੋਂ। ਪੰਜਵਾਂ ਸੀਸ ਜਦੋਂ ਸੱਚੀ ਸਰਕਾਰ ਨੇ ਮੰਗਿਆ ਤਾਂ ਸਾਹਿਬ ਚੰਦ ਜੀ ਉੱਠੇ ਹਨ ਬਿਦਰ ਤੋਂ। ਪੰਜਾਂ ਨੇ ਮੇਰੀ ਸਰਕਾਰ ਦੇ ਚਰਨਾਂ ਵਿੱਚ ਆਪਣੇ ਸੀਸ ਭੇਟ ਕੀਤੇ।

ਇਨ੍ਹਾਂ ਪੰਜਾਂ ਦੀ ਜਦੋਂ ਅਸੀਂ ਜ਼ਾਤ ਨੂੰ ਦੇਖੀਏ ਤਾਂ ਇਕ ਖੱਤਰੀ ਹੈ, ਦੂਜਾ ਜੱਟ ਹੈ, ਤੀਸਰਾ ਝਿਊਰ ਹੈ, ਚੌਥਾ ਛੀਂਬਾ ਹੈ, ਪੰਜਵਾਂ ਨਾਈ ਹੈ। ਮੇਰੇ ਕਲਗੀ ਵਾਲੇ ਪਾਤਿਸ਼ਾਹ ਨੇ ਆਪ ਬਾਟੇ ਵਿੱਚ ਜਲ ਪਾਇਆ ਤੇ ਪਤਾਸੇ ਪਾਏ ਮਾਤਾ ਜੀਤੋ ਜੀ ਨੇ। ਉਹਨਾਂ ਪੰਜਾਂ ਲਈ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਹੈ। ਸਤਲੁਜ ਦਾ ਨਿਰਮਲ ਜਲ ਹੈ, ਵਿੱਚ ਮਿਠਾਸ ਪਤਾਸੇ ਹਨ। ਦਾਤਾਰ ਨੇ ਕ੍ਰਿਪਾ ਕਰਕੇ ਸਰਬ ਲੋਹ ਦਾ ਬਾਟਾ ਤੇ ਸਰਬ ਲੋਹ ਦਾ ਖੰਡਾ ਲਿਆ ਹੈ। ਹਜ਼ੂਰ ਨੇ ਆਪ

ਅੰਮ੍ਰਿਤ ਤਿਆਰ ਕੀਤਾ। ਪੰਜਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਤੇ ਪਿੱਛੋਂ ਆਪ ਉਹਨਾਂ ਕੋਲੋਂ ਅੰਮ੍ਰਿਤ ਛਕਿਆ ਤੇ ਕਿਹਾ, ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ਪੰਜ ਚੁਲੇ ਛਕਾਏ। ਪੰਜ ਨੇਤਰਾਂ ਵਿੱਚ ਪਾਏ ਤੇ ਪੰਜ ਉਸ ਦੇ ਸੀਸ ਦੇ ਅੰਦਰ ਪਾਏ।

ਹੁਣ ਇਥੇ ਕਰਮ-ਕਾਂਡ ਥੋੜ੍ਹਾ ਸੀ। ਮਨੁੱਖ ਦੇ ਅੰਦਰ ਅੰਮ੍ਰਿਤ ਹੈ। ਦਾਤਾਰ ਨੇ ਅੰਮ੍ਰਿਤ ਦੀ ਦਾਤ ਦੇ ਕੇ ਕਿਹਾ, ਗੁਰੂ ਕੇ ਸਿੱਖਾ! ਇਹ ਚੁਲਾ ਜਿਹੜਾ ਤੇਰੇ ਅੰਦਰ ਅੰਮ੍ਰਿਤ ਦਾ ਗਿਆ ਹੈ, ਜਦੋਂ ਅੰਮ੍ਰਿਤ ਵੇਲੇ ਇਕਾਗਰ ਹੋ ਕੇ ਤੂੰ ਗੁਰੂ ਦੀ ਬਾਣੀ ਦਾ ਚਿੰਤਨ ਕਰੇਂਗਾ ਤਾਂ ਤੇਰੇ ਅੰਦਰੋਂ ਰੋਜ਼ ਇਕ ਅੰਮ੍ਰਿਤ ਦਾ ਸੰਚਾਰ ਹੋਵੇਗਾ। ਪੰਜ ਕਕਾਰਾਂ ਦੀ ਰਹਿਤ ਦਿੱਤੀ। ਦਾਤਾਰ ਨੇ ਨਿਤਨੇਮ ਦੀਆਂ ਬਾਣੀਆਂ ਬਖ਼ਸ਼ਿਸ਼ ਕੀਤੀਆਂ। ਉਥੇ ਕਿਹਾ, ਜਿਥੇ ਤੂੰ ਗੁਰੂ ਦੀ ਬਾਣੀ ਨਾਲ ਜੁੜਨਾ ਹੈ, ਉਥੇ ਪਿਆਰਿਆ! ਗੁਰਮੰਤਰ ਨੂੰ ਆਪਣੀ ਜ਼ਿੰਦਗੀ ਵਿੱਚ ਕਮਾਉਣਾ ਸ਼ੁਰੂ ਕਰੀਂ।

ਭਰੇ ਇਕੱਠ ਵਿੱਚ ਜਦੋਂ ਇਹ ਪੰਜ ਆਏ, ਉਥੇ ਪਿਆਰਿਉ! ਸ਼ਬਦੀ ਤੌਰ 'ਤੇ, ਪ੍ਰੈਕਟੀਕਲ ਤੌਰ 'ਤੇ ਸੰਗਤ ਵਿੱਚੋਂ ਜੋ ਪਦਵੀ ਮਿਲੀ, ਉਹ ਸੀ ਪਿਆਰੇ। ਇਕ ਗੁਰਸਿੱਖ ਨੇ ਕਿਹਾ, ਪਿਆਰੇ ਭਾਈ ਦਇਆ ਸਿੰਘ ਉਪਰ ਜਿੰਨਾ ਮਾਣ ਕਰੋਗੇ, ਓਨਾ ਥੋੜ੍ਹਾ ਹੈ। ਪੁੱਛਿਆ ਕਿਉਂ? ਉਹ ਕਹਿੰਦੇ ਹਨ, ਦਾਤਾਰ! ਉਸ ਦਿਨ ਮਸੰਦ ਵੀ ਭੱਜ ਗਏ। ਕਮਜ਼ੋਰ ਦਿਲ ਵਾਲੇ ਵੀ ਤੇਰੇ 'ਤੇ ਸ਼ੱਕ ਕਰਨ ਲੱਗ ਪਏ। ਕੇਵਲ ਭਾਈ ਦਇਆ ਸਿੰਘ ਹੈ, ਜਿਸ ਨੇ ਸਿਦਕ ਦੇ ਨਾਲ ਸਿੱਖੀ ਨੂੰ ਪਾਲਿਆ। ਤੇਰੇ ਚਰਨਾਂ ਵਿੱਚ ਪਹਿਲਾ ਸੀਸ ਉਸ ਨੇ ਭੇਟ ਕੀਤਾ। ਉਸ ਦੀ ਬਦੌਲਤ ਮੇਰੇ ਦਾਤਾ। ਅੱਜ ਸਿੱਖ ਦਾ ਮਾਣ ਤੇਰੇ ਘਰ ਵਿੱਚ ਬਣਿਆ ਹੋਇਆ ਹੈ। ਪਿਆਰੇ ਭਾਈ ਦਇਆ ਸਿੰਘ, ਪਿਆਰੇ ਭਾਈ ਧਰਮ ਸਿੰਘ, ਪਿਆਰੇ ਭਾਈ ਹਿੰਮਤ ਸਿੰਘ, ਪਿਆਰੇ ਭਾਈ ਮੋਹਕਮ ਸਿੰਘ ਤੇ ਪਿਆਰੇ ਭਾਈ ਸਾਹਿਬ ਸਿੰਘ, ਪੰਜਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਨਾਲ ਸ਼ਬਦ ਸਿੰਘ ਲਾਇਆ। ਹਜ਼ੂਰ ਨੇ ਉਥੇ ਭਰੇ ਦੀਵਾਨ ਵਿੱਚ ਕਿਹਾ, ਇਹ ਹਨ ਮੇਰੇ ਪਿਆਰੇ ਤੇ ਮੈਂ ਆਪਣੇ ਪਿਆਰਿਆਂ ਲਈ ਇਕ ਸ਼ਬਦ ਕਹਿੰਦਾ ਹਾਂ ਕਿ ਅੱਜ ਤੋਂ ਬਾਅਦ-

ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ ॥
ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨਾ ਲਾਗਤ ਨੀਕੋ ॥
ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥

(ਖਾਲਸਾ ਮਹਿਮਾ)

ਕਹਿੰਦੇ ਹਨ, ਮੇਰੇ ਘਰ ਦੇ ਅੰਦਰ ਸੇਵਾ ਕਰਨੀ ਹੈ ਤਾਂ ਪੰਜਾਂ ਦੀ ਕਰੀਂ। ਦਾਨ ਦੇਣ ਦਾ ਅਰਥ ਇਹੀ ਹੈ ਕਿ ਜੇ ਤੂੰ ਉਹਨਾਂ ਦੇ ਚਰਨਾਂ ਵਿੱਚ ਜੁੜ ਕੇ ਸੇਵਾ ਕੀਤੀ ਹੈ ਤਾਂ ਕਿਸੇ ਪਾਖੰਡੀ ਡੰਮੀ ਨੂੰ ਦਾਨ ਦੇਣ ਦੀ ਬਜਾਏ ਇਹਨਾਂ ਭਾਗਾਂ ਵਾਲਿਆਂ ਦੀ ਸੇਵਾ ਕਰੀਂ। ਕਹਿੰਦੇ ਹਨ, ਗੁਰੂ ਦੇ ਪੰਜ ਪਿਆਰਿਉ! ਮੈਂ ਆਪਣਾ ਸਿਰ ਵੀ ਤੁਹਾਡੇ ਚਰਨਾਂ ਵਿੱਚ ਭੇਟ ਕਰ ਦਿੰਦਾ ਹਾਂ। ਸਾਹਿਬ ਨੂੰ ਪੁੱਛਿਆ। ਮਹਾਰਾਜ! ਇੰਨੀ ਉੱਚੀ ਪਦਵੀ ਕਿਉਂ ? ਉਥੇ ਦੂਜਾ ਬਚਨ ਕੀਤਾ-

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,

ਕਹਿੰਦੇ ਹਨ, ਇਹਨਾਂ ਦੀ ਕ੍ਰਿਪਾ ਨਾਲ ਹੀ ਮੈਦਾਨੇ ਜੰਗ ਵਿੱਚ ਜਿੱਤ ਕੇ ਆਉਣਾ ਹੈ।

ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀ ਮੋ ਸੋ ਗਰੀਬ ਕਰੋਰ ਪਰੇ ॥ (ਖਾਲਸਾ ਮਹਿਮਾ)

ਸਾਹਿਬ ਨੇ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ। ਫਿਰ ਕਿਹਾ, ਹੇ ਪਿਆਰਿਉ! ਪਹਿਲਾਂ ਮੈਂ ਅੰਮ੍ਰਿਤ ਦੀ ਦਾਤ ਦਿੱਤੀ ਤੇ ਤੁਸੀਂ ਗੋਡੇ ਟੇਕ ਕੇ ਬੀਰ ਆਸਣ ਵਿੱਚ ਦਾਤ ਪ੍ਰਾਪਤ ਕੀਤੀ, ਹੁਣ ਮੈਂ ਤੁਹਾਡੇ ਚਰਨਾਂ ਵਿੱਚ ਹੱਥ ਜੋੜ ਕੇ ਕਹਿੰਦਾ ਹਾਂ ਕਿ ਜਿਹੜੀ ਅੰਮ੍ਰਿਤ ਦੀ ਦਾਤ ਤੁਸੀਂ ਲਈ ਹੈ, ਕ੍ਰਿਪਾ ਕਰਕੇ ਇਹ ਅੰਮ੍ਰਿਤ ਦੀ ਦਾਤ ਗੋਬਿੰਦ ਰਾਏ ਨੂੰ ਵੀ ਬਖਸ਼ ਦਿਉ।

ਇਥੇ ਭਾਈ ਸੰਤੋਖ ਸਿੰਘ ਕਹਿੰਦੇ ਹਨ ਕਿ ਪੰਜਾਂ ਪਿਆਰਿਆਂ ਨੇ ਕਿਹਾ, ਦਾਤਾਰ! ਤੂੰ ਸਤਿਗੁਰੂ ਤੇ ਅਸੀਂ ਤੇਰੇ ਸਿੱਖ। ਹਜ਼ੂਰ ਨੇ ਕਿਹਾ, ਅੱਜ ਮੈਂ ਇਸ ਮਰਿਆਦਾ ਨੂੰ ਸੰਪੂਰਨਤਾ ਦੇਣ ਲੱਗਾ ਹਾਂ। ਪੁੱਛਿਆ, ਕਿਹੜੀ ? ਕਹਿਣ ਲੱਗੇ, ਜਿਵੇਂ ਗੁਰੂ ਨਾਨਕ ਸਾਹਿਬ ਦੇ ਦਰ 'ਤੇ ਭਾਈ ਲਹਿਣਾ ਆਇਆ ਸੀ, ਪਰ ਪਤਾ ਉਸ ਦਿਨ ਲੱਗਾ, ਜਿਸ ਦਿਨ ਭਰੀ ਸੰਗਤ ਵਿੱਚ ਮੱਥਾ ਟੇਕ ਕੇ ਉਸਨੂੰ ਗੁਰੂ ਅੰਗਦ ਬਣਾ ਦਿੱਤਾ। ਆਇਆ ਬਾਬਾ ਅਮਰਦਾਸ ਸੀ, ਪਰ ਪਤਾ ਉਸ ਦਿਨ ਲੱਗਾ, ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰਤਾ ਗੱਦੀ ਦੇ ਦਿੱਤੀ । ਆਇਆ ਭਾਈ ਜੇਠਾ ਸੀ, ਪਰ ਪਤਾ ਉਸ ਦਿਨ ਲੱਗਾ, ਜਿਸ ਨੂੰ ਲੋਕ ਯਤੀਮ

ਕਹਿੰਦੇ ਸਨ, ਉਸ ਨੂੰ ਧੰਨ ਗੁਰੂ ਰਾਮਦਾਸ ਬਣਾ ਦਿੱਤਾ। ਹਜ਼ੂਰ ਕਹਿੰਦੇ ਹਨ ਕਿ ਉਸੇ ਮਰਿਆਦਾ ਨੂੰ ਕਾਇਮ ਰੱਖਦਿਆਂ ਖਾਲਸਾ ਗੁਰੂ ਹੈ ਤੇ ਗੁਰੂ ਨੇ ਖਾਲਸਾ ਬਣਨਾ ਹੈ। ਵਾਹਿਗੁਰੂ ਨੇ ਹੁਕਮ ਦਿੱਤਾ ਹੈ ਤੇ ਤੁਸੀਂ ਗੁਰੂ ਨੂੰ ਆਪਾ ਸਮਰਪਿਤ ਕੀਤਾ ਹੈ, ਇਸ ਲਈ ਤੁਸੀਂ ਹੁਣ ਮੈਨੂੰ ਅੰਮ੍ਰਿਤ ਦੀ ਦਾਤ ਦਿਉ। ਭਾਈ ਨੰਦ ਲਾਲ ਇੱਥੇ ਇਕ ਬਚਨ ਕਰਦੇ ਹਨ। ਕਹਿੰਦੇ ਹਨ, ਹੇ ਸੰਸਾਰ ਦੇ ਲੋਕੋ!

ਹੱਕ ਰਾ ਮਹਿਬੂਬ ਗੁਰੂ ਗੋਬਿੰਦ ਸਿੰਘ ॥

ਗੁਰੂ ਗੋਬਿੰਦ ਸਿੰਘ! ਤੂੰ ਉਸ ਹੱਕ ਪ੍ਰਮੇਸ਼ਰ ਨੂੰ ਪਿਆਰ ਕਰਨ ਵਾਲਾ ਹੈਂ।

ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ ॥

ਹੇ ਗੁਰੂ ਗੋਬਿੰਦ ਸਿੰਘ! ਤੂੰ ਆਪ ਹੀ ਚਾਹਤ ਹੈਂ ਤੇ ਆਪ ਹੀ ਚਾਹਵਾਨ ਹੈਂ।

ਸਾਜਿਦੋ ਮਸਜੂਦ ਗੁਰ ਗੋਬਿੰਦ ਸਿੰਘ ॥ (ਗੰਜਨਾਮਾ ਭਾਈ ਨੰਦ ਲਾਲ)

ਹੇ ਸਤਿਗੁਰੂ! ਤੂੰ ਆਪ ਹੀ ਮੱਥਾ ਟੇਕਣ ਵਾਲਾ ਹੈਂ ਤੇ ਆਪ ਹੀ ਮੱਥਾ ਟਿਕਾਉਣ ਵਾਲਾ ਹੈਂ। ਕਹਿਣ ਤੋਂ ਮੁਰਾਦ ਹੈ, ਆਪ ਹੀ ਤੂੰ ਪੰਜਾਂ ਨੂੰ ਅੰਮ੍ਰਿਤ ਦੇਣ ਵਾਲਾ ਹੈਂ ਤੇ ਆਪ ਹੀ ਤੂੰ ਚੇਲਾ ਬਣ ਕੇ ਪੰਜਾਂ ਕੋਲੋਂ ਅੰਮ੍ਰਿਤ ਲੈਣ ਵਾਲਾ ਹੈਂ। ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਭਾਈ ਗੁਰਦਾਸ ਜੀ ਨੇ ਪਹਿਲੀ ਪਉੜੀ ਵਿੱਚ ਇਕ ਗੱਲ ਕਹੀ ਹੈ। ਪੁੱਛਿਆ ਹੈ ਕਿ ਕਲਿਜੁਗ ਦੇ ਲੱਛਣ ਕੀ ਹਨ ? ਉਹ ਕਹਿੰਦੇ ਹਨ ਕਿ ਸੱਚ ਦੱਸੀਂ, ਕਲਿਜੁਗੀ ਬੰਦਾ ਪੁੱਛਣਾ ਚਾਹੁੰਦਾ ਹੈ ਜਾਂ ਕਲਜੁਗ ? ਉਹ ਕਹਿੰਦਾ ਹੈ, ਦੋਵੇਂ ਦੱਸ ਦਿਉ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕਲਿਜੁਗੀ ਤੇ ਕਲਿਜੁਗ ਉਹ ਹੈ, ਜਿਸ ਦਿਨ ਆਪਣੇ ਇਸ਼ਟ ਗ੍ਰੰਥ ਉਪਰ ਸ਼ੱਕ ਹੋ ਜਾਏ ਤੇ ਜਿਸ ਦਿਨ ਬੰਦਾ ਆਪਣੇ ਗੁਰੂ ਦੇ ਕੀਤੇ ਹੋਏ ਉਪਰ ਤਰਕ ਕਰਨ ਲੱਗ ਪਏ ਤਾਂ ਇਸ ਤੋਂ ਵੱਡਾ ਕਲਿਜੁਗ ਹੋਰ ਕੋਈ ਵਾਪਰਨਾ ਨਹੀਂ।

ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤ ਦੀ ਦਾਤ ਲਈ। ਅੱਜ ਪਿਆਰਿਉ! ਇਹਨਾਂ ਨੂੰ ਇੰਨਾ ਕੁ ਉੱਚਾ ਮਾਣ ਹੈ, ਜਿਹੜਾ ਸਾਹਿਬ ਨੇ ਕ੍ਰਿਪਾ ਕਰਕੇ ਬਚਨ ਕਦੀ ਕਿਹਾ ਸੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ, ਭਗਤ ਰਵਿਦਾਸ ਜੀ ਨੇ, ਅੱਜ ਮਾਨੋ ਉਸ ਨੂੰ ਪ੍ਰੈਕਟੀਕਲ ਰੂਪ ਦੇ ਦਿੱਤਾ ਗਿਆ ਹੈ। ਉਹ ਬਚਨ ਸੀ ਕਿ ਦਾਤਾ! ਗ਼ਰੀਬਾਂ ਨੂੰ ਧੱਕੇ ਮਾਰਨ ਵਾਲੇ ਬੜੇ ਹਨ, ਪਰ ਚੁੱਕਣ ਵਾਲਾ ਕੋਈ ਨਹੀਂ। ਜੇ ਮੇਰੇ ਮਾਲਕ, ਸਾਡੇ ਪਰਛਾਵੇਂ ਤੋਂ ਲੋਕ ਨਫ਼ਰਤ

ਕਰਦੇ ਹਨ, ਪਰ ਕੋਲ ਬਿਠਾਉਣ ਵਾਲਾ ਕੋਈ ਨਹੀਂ। ਅੱਜ ਜਿਨ੍ਹਾਂ ਨੂੰ ਝਿਊਰ, ਛੀਂਬੇ, ਨਾਈ, ਖਤਰੀ, ਜੱਟ ਕਹਿ ਕੇ ਦੁਰਕਾਰਦੇ ਸਨ, ਅੱਜ ਉਹੀ ਉੱਚੀ ਥਾਂ 'ਤੇ ਖੜੋਤੇ ਹਨ। ਮਾਨੋ ਜਦੋਂ ਕਲਗੀ ਵਾਲੇ ਨੇ ਕਿਹਾ ਕਿ ਮੈਨੂੰ ਅੰਮ੍ਰਿਤ ਦੀ ਦਾਤ ਦਿਉ ਤਾਂ ਅੱਖਾਂ ਵਿਚੋਂ ਨੀਰ ਛਲਕ ਆਇਆ ਸੀ। ਕਹਿੰਦੇ ਹਨ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ (ਅੰਕ ੧੧੦੬)

ਹੇ ਮੇਰੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ! ਤੁਹਾਡੇ ਤੋਂ ਬਿਨਾਂ ਸਾਨੂੰ ਗ਼ਰੀਬਾਂ ਨੂੰ ਕਿਸ ਨੇ ਮਾਣ ਦੇਣਾ ਸੀ ?

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ (ਅੰਕ ੧੧੦੬)

ਪੁੱਛਿਆ ਮਹਾਰਾਜ! ਤੁਸੀਂ ਖਾਲਸਾ ਅੱਜ ਸਾਜ ਦਿੱਤਾ ਹੈ ? ਗੁਰੂ ਜੀ ਨੇ ਕਿਹਾ, ਮੇਰੇ ਖਾਲਸੇ ਦੇ ਕੁਝ ਗੁਣ ਹਨ -

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ ॥

ਮੇਰਾ ਖਾਲਸਾ ਉਹ ਹੋਵੇਗਾ, ਜਿਹੜਾ ਸਿਮਰਨ ਕਰ ਕਰ ਕੇ-

ਪੂਰਨ ਜੋਤ ਜਗੈ ਘਟਿ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥

ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ! ਜਿਹੜਾ ਇਹੋ ਜਿਹੇ ਜੀਵਨ ਵਾਲਾ ਬਣ ਜਾਏਗਾ, ਹੋਰ ਉਸ ਦਾ ਦਰਜਾ ਕੀ ਹੈ ? ਕਹਿੰਦੇ ਹਨ, ਫਿਰ ਜਿਹੜਾ ਇਹੋ ਜਿਹੇ ਜੀਵਨ ਵਾਲਾ ਬਣੇਗਾ, ਉਹ ਆਤਮ ਰਸੀਆ ਹੋਵੇਗਾ। ਉਸ ਨੂੰ ਸਾਹਿਬ ਨੇ ਕਿਹਾ-

ਆਤਮ ਰਸ ਜੇ ਜਾਨਹੀ ਸੋ ਹੈ ਖ਼ਾਲਸ ਦੇਵ ॥
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਿਕ ਨਾਹਿਨ ਭੇਵ ॥

ਮੇਰੇ ਮਾਲਕ ਜੀ! ਜਿਹੜਾ ਤੁਸੀਂ ਖ਼ਾਲਸਾ ਪੈਦਾ ਕੀਤਾ ਹੈ, ਇਹ ਕਿਵੇਂ ਬਣਾਇਆ ਹੈ ? ਉਥੇ ਉਹ ਬਚਨ ਕਰਦੇ ਹਨ-

ਪ੍ਰਗਟਿਉ ਖਾਲਸਾ ਪ੍ਰਮਾਤਮਾ ਕੀ ਮਉਜ ॥

ਪੰਜਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਇਹਨਾਂ ਨੂੰ ਪਿਆਰਿਆਂ ਦੀ ਪਦਵੀ

ਦਿੱਤੀ ਸੀ। ਗੁਰਮੁਖੋ! ਇਤਿਹਾਸ ਵਿੱਚ ਇਕ ਬਚਨ ਪੜ੍ਹਿਆ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਜਦੋਂ ਕੋਈ ਨਾਮ ਸਬੰਧੀ ਪੁੱਛਦਾ ਸੀ ਤਾਂ ਹਜ਼ੂਰ ਕਹਿੰਦੇ ਸਨ ਕਿ ਜਿਸ ਨੇ ਮੇਰੇ ਕੋਲੋਂ ਨਾਮ ਸਬੰਧੀ ਪੁੱਛਣਾ ਹੈ, ਉਹ ਪਿਆਰੇ ਭਾਈ ਦਇਆ ਸਿੰਘ ਜੀ ਕੋਲੋਂ ਪੁੱਛ ਲਿਆ ਕਰੇ।

ਹਜ਼ੂਰ ਦੇ ਆਨੰਦਪੁਰ ਦੇ ਘੇਰੇ ਪਏ, ਪਰ ਪੰਜ ਪਿਆਰੇ ਸਤਿਗੁਰ ਦੇ ਚਰਨਾਂ ਵਿੱਚ ਹੀ ਰਹੇ। ਦਾਤਾਰ ਨੇ ਜਦੋਂ ਸਰਸਾ ਨੂੰ ਪਾਰ ਕੀਤਾ ਤੇ ਚਮਕੌਰ ਸਾਹਿਬ ਦੀ ਧਰਤੀ 'ਤੇ ਗਏ ਹਨ ਤਾਂ ਇਹ ਪੰਜ ਪਿਆਰੇ ਉਸ ਦਿਨ ਵੀ ਨਾਲ ਸਨ। ਪਿਆਰਿਉ! ਚਮਕੌਰ ਦੀ ਗੜ੍ਹੀ ਨੂੰ ਦੇਖਦੇ ਹਾਂ, ਅੱਜ ਇਹ ਪਿਆਰੇ ਧਰਤੀ 'ਤੇ ਸੁੱਤੇ ਪਏ ਹਨ। ਗੁਰੂ ਦੇ ਪੁੱਤਰ ਵੀ ਜ਼ਮੀਨ 'ਤੇ ਸੁੱਤੇ ਪਏ ਹਨ ਤੇ ਸਵੇਰੇ ਇਥੇ ਦੁਨੀਆ ਦਾ ਅਨੋਖਾ ਇਕ ਜੰਗ ਹੋਣਾ ਹੈ ਕਿ ਬਾਪੂ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਪੁੱਤਰਾਂ ਨੂੰ ਸ਼ਹੀਦ ਹੁੰਦਿਆਂ ਦੇਖਣਾ ਹੈ ਤੇ ਇਹਨਾਂ ਪਿਆਰਿਆਂ ਦਾ ਰੁਤਬਾ ਕਦੀ ਦੇਖੋ। ਪਿਆਰੇ ਭਾਈ ਦਇਆ ਸਿੰਘ ਨੇ ਸਾਹਿਬ ਦੇ ਬਿਸਰਾਮ ਲਈ ਉਸ ਦਿਨ ਵੀ ਪ੍ਰਬੰਧ ਕੀਤਾ ਹੈ।

ਅੱਲਾ ਯਾਰ ਖ਼ਾਂ ਨੂੰ ਪੁੱਛੋ। ਕਹਿੰਦਾ ਹੈ, ਅੱਜ ਮੇਰੇ ਕਲਗੀ ਵਾਲੇ ਜਿਹੜੇ ਵਿਸ਼ਰਾਮ ਕਰਦੇ ਪਏ ਹਨ, ਉਹਨਾਂ ਦੇ ਨੰਗੇ ਚਰਨਾਂ ਵਿਚੋਂ ਖ਼ੂਨ ਨਿਕਲਦਾ ਹੈ ਤੇ ਕਰਦੇ ਕੀ ਹਨ :

ਸਾਫੇ ਕਭੀ ਸਿੰਘੋਂ ਕੇ ਉਠਾਤੇ ਥੇ ਜ਼ਮੀਂ ਸੇ।

ਉਹਨਾਂ ਪਿਆਰਿਆਂ ਦੇ ਸਿਰ ਦੇ ਸਾਫਿਆਂ ਨੂੰ ਗੁਰੂ ਜੀ ਝਾੜਦੇ ਪਏ ਹਨ। ਉਹਨਾਂ ਦੇ ਕੇਸਾਂ ਤੋਂ ਮਿੱਟੀ ਪਏ ਝਾੜਦੇ ਹਨ। ਚਮਕੌਰ ਦੀ ਗੜ੍ਹੀ ਵਿੱਚ ਸਾਹਿਬ ਦੇ ਚਰਨਾਂ ਵਿੱਚ ਭਾਈ ਦਇਆ ਸਿੰਘ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਜ਼ਿੰਦਗੀ ਦੇ ਓਨੇ ਸਮਾਚਾਰ ਨਹੀਂ ਮਿਲੇ, ਜਿੰਨੀ ਵੱਡੀ ਇਨ੍ਹਾਂ ਦੀ ਕਮਾਈ ਸੀ। ਉਹ ਕਹਿੰਦੇ ਹਨ, ਥੋੜ੍ਹੇ ਜਿਹੇ ਸਮਾਚਾਰ ਮਿਲੇ ਹਨ। ਜਦੋਂ ਸਵੇਰੇ ਦਿਨ ਚੜ੍ਹਿਆ ਸੀ, ਜੰਗ ਭਖਿਆ ਸੀ ਤਾਂ ਪਿਆਰੇ ਦਇਆ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੀ ਦਾਤਾ! ਮੈਂ ਤੇਰੇ ਚਰਨਾਂ ਵਿੱਚ ਇਕ ਬੇਨਤੀ ਕਰਦਾ ਹਾਂ ਤੇ ਆਪਣੇ ਸਿੱਖ ਦੀ ਬੇਨਤੀ ਸਵੀਕਾਰ ਕਰੀਂ। ਪੁੱਛਿਆ ਕੀ ? ਕਹਿੰਦੇ ਹਨ, ਸਤਿਗੁਰੂ! ਅਸੀਂ ਜੂਝਾਂਗੇ, ਤੁਸੀਂ ਗੜ੍ਹੀ ਵਿਚੋਂ ਕਿਸੇ ਤਰੀਕੇ ਨਾਲ ਨਿਕਲ ਜਾਉ। ਉਥੇ ਮੇਰੇ ਸਤਿਗੁਰੂ ਨੇ ਪਿਆਰੇ ਭਾਈ ਦਇਆ ਸਿੰਘ ਵੱਲ ਦੇਖ ਕੇ ਕਿਹਾ ਸੀ—ਦਇਆ ਸਿੰਘ! ਮੈਂ ਪੁੱਤਰਾਂ ਵਿੱਚ ਤੇ ਸਿੱਖਾਂ ਵਿੱਚ ਵਿਤਕਰਾ ਨਹੀਂ ਜਾਣਿਆ। ਕਿਹੜੇ ਪੁੱਤਰਾਂ ਦੀ ਗੱਲ ਕਰਦਾ ਹੈਂ? ਕੀ ਤੂੰ ਮੇਰਾ ਪੁੱਤਰ

ਨਹੀਂ ? ਕੀ ਸੰਗਤ ਮੇਰੀ ਪੁੱਤਰ ਨਹੀਂ ? ਜਦੋਂ ਦਇਆ ਸਿੰਘ ਜੀ ਨੇ ਇਹ ਬਚਨ ਕਿਹਾ ਸੀ ਤਾਂ ਬਾਬਾ ਅਜੀਤ ਸਿੰਘ ਨੇ ਕਿਹਾ ਸੀ, ਪਿਤਾ ਜੀ! ਹੁਕਮ ਦਿਉ, ਆਪ ਦਾ ਬੱਚਾ ਮੈਦਾਨੇ ਜੰਗ ਵਿੱਚ ਜੂਝਣਾ ਚਾਹੁੰਦਾ ਹੈ। ਹਜ਼ੂਰ ਨੇ ਪੁੱਤਰ ਤੋਰੇ। ਜਿਨ੍ਹਾਂ ਪਿਆਰਿਆਂ ਨੇ ਸੀਸ ਭੇਟ ਕੀਤੇ ਸਨ, ਉਹਨਾਂ ਵਿਚੋਂ ਤਿੰਨ ਪਿਆਰੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ। ਉਹਨਾਂ ਵਿੱਚ ਪਿਆਰੇ ਭਾਈ ਹਿੰਮਤ ਸਿੰਘ, ਪਿਆਰੇ ਭਾਈ ਮੋਹਕਮ ਸਿੰਘ ਤੇ ਪਿਆਰੇ ਭਾਈ ਸਾਹਿਬ ਸਿੰਘ। ਵਾਹ ਗੁਰੂ ਦੇ ਸਿੱਖੋ! ਤੁਸੀਂ ਘਾਲਣਾ ਘਾਲ ਗਏ। ਅੱਜ ਤੁਹਾਡੀ ਕਮਾਈ ਨੂੰ ਲੈ ਕੇ ਸਿੱਖ ਤੁਹਾਡੇ ਤੋਂ ਸਿੱਖਾਂ ਦੀ ਅਰਦਾਸ ਸ਼ੁਰੂ ਕਰਦਾ ਹੈ। ਪੁੱਤਰਾਂ ਦੇ ਨਾਮ ਬਾਅਦ ਵਿੱਚ ਆਉਂਦੇ ਹਨ।

ਜਦੋਂ ਸ਼ਾਮ ਨੂੰ ਚਮਕੌਰ ਦੀ ਗੜ੍ਹੀ ਛੱਡੀ ਤਾਂ ਪਿਆਰੇ ਭਾਈ ਦਇਆ ਸਿੰਘ, ਪਿਆਰੇ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਤਿੰਨ ਨਿਕਲੇ ਹਨ। ਮਾਛੀਵਾੜੇ ਦੇ ਜੰਗਲ ਵਿੱਚ ਜਾ ਕੇ ਮੇਰੇ ਸਾਹਿਬਾਂ ਦੇ ਚਰਨਾਂ ਵਿੱਚ ਇਹ ਵੀ ਪਹੁੰਚ ਗਏ ਹਨ। ਹਜ਼ੂਰ ਇਥੋਂ ਤੁਰੇ ਸਨ ਤਾਂ ਤਿੰਨ ਨਾਲ ਗਏ। ਹਜ਼ੂਰ ਨੇ ਪਿਆਰੇ ਭਾਈ ਦਇਆ ਸਿੰਘ ਤੇ ਪਿਆਰੇ ਭਾਈ ਧਰਮ ਸਿੰਘ ਨੂੰ ਜ਼ਫ਼ਰਨਾਮਾ ਲਿਖ ਕੇ ਔਰੰਗਜ਼ੇਬ ਕੋਲ ਭੇਜਿਆ। ਪਿਆਰੇ ਭਾਈ ਦਇਆ ਸਿੰਘ ਜੀ ਜ਼ਫ਼ਰਨਾਮਾ ਦੇ ਕੇ ਆਏ। ਨੰਦੇੜ ਦੀ ਧਰਤੀ ਤੱਕ ਦੋ ਪਿਆਰੇ ਮੇਰੇ ਸਾਹਿਬ ਦੇ ਚਰਨਾਂ ਵਿੱਚ ਰਹੇ। ਇਸੇ ਧਰਤੀ ਉੱਪਰ ਉਹਨਾਂ ਦੋਨਾਂ ਗੁਰਸਿੱਖਾਂ ਨੇ ਚਲਾਣਾ ਕੀਤਾ। ਆਨੰਦਪੁਰ ਸਾਹਿਬ ਦੀ ਧਰਤੀ ਤੋਂ ਸੀਸ ਦੇ ਕੇ ਤੁਰੇ ਸਨ ਤੇ ਨੰਦੇੜ ਦੀ ਧਰਤੀ 'ਤੇ ਜਿਥੇ ਸਾਹਿਬ ਨੇ ਆਪਣੇ ਚੋਲੇ ਨੂੰ ਸੰਕੋਚਿਆ, ਉਥੇ ਇਹਨਾਂ ਦੋ ਪਿਆਰਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਮਾਣਦਿਆਂ ਤਨ ਨੂੰ ਤਿਆਗਿਆ।

ਅੱਜ ਵੀ ਅਰਦਾਸ ਕਰਦਿਆਂ ਸਿੱਖ ਸਭ ਤੋਂ ਪਹਿਲਾਂ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਹੀ ਚੇਤੇ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅੱਜ ਵੀ ਉਹ ਗੁਰੂ ਦੀ ਮਰਿਆਦਾ ਨੂੰ ਹੀ ਚੇਤੇ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅੱਜ ਵੀ ਉਹ ਗੁਰੂ ਦੀ ਮਰਿਆਦਾ ਨੂੰ ਨਿਭਾਉਂਦੇ ਹਨ। ਇੰਨੀਆਂ ਹੀ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾਂ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।